**ਐਮ. ਏ. (ਇਤਿਹਾਸ) ਭਾਗ ਪਹਿਲਾ** **ਪਰਚਾ ਤੀਜਾ**

*(ਸਮੈਸਟਰ ਪਹਿਲਾ)*

**ਵਿਸ਼ਵ ਦਾ ਇਤਿਹਾਸ (1871-1919)**

**ਸੈਕਸ਼ਨ : ਬੀ**

**ਪਾਠ ਨੰਬਰ :**

2.1 : ਨਵੇਂ ਸਾਮਰਾਜਵਾਦ ਦਾ ਸਰੂਪ

2.2 : ਅਫਰੀਕਾ ਵਿਚ ਸਾਮਰਾਜਵਾਦ - ਅਫਰੀਕਾ ਦੀ ਵੰਡ

2.3 : ਪੂਰਬੀ ਏਸ਼ੀਆ ਵਿਚ ਸਾਮਰਾਜਵਾਦ-ਚੀਨ ਚ ਰਿਆਇਤਾਂ ਲਈ ਲੜਾਈ ਤੇ ਓਪਨ ਡੋਰ ਨੀਤੀ

2.4 : ਪਹਿਲੇ ਵਿਸ਼ਵ ਯੁੱਧ ਦੇ ਕਾਰਨ

2.5 : *1919* ਦਾ ਸ਼ਾਂਤੀ ਸਮਝੌਤਾ

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ : 2.1**

# ਨਵੇਂ ਸਾਮਰਾਜਵਾਦ ਦਾ ਸਰੂਪ

## (Nature of new Imperialism)

ਜਿਸ ਤਰ੍ਹਾਂ ਅਫਰੀਕਾ, ਏਸ਼ੀਆ ਅਤੇ ਦੱਖਣੀ ਅਮਰੀਕਾ ਦੇ ਦੀਪ ਸਮੂਹਾਂ ਨੂੰ ਯਰੂਪੀ ਅਧਿਕਾਰ ਹੇਠਾਂ ਆਉਣ ਨੂੰ ਹੀ ਸਾਮਰਾਜਵਾਦ (Imperialism) ਕਹਿੰਦੇ ਹਨ। ਉਸ ਤਰ੍ਹਾਂ ਆਧੁਨਿਕ ਸਾਮਰਾਜਵਾਦ ਜਿਸ ਨੂੰ ਨਵਾਂ ਸਾਮਰਾਜਵਾਦ (New Imperialism) ਵੀ ਕਿਹਾ ਜਾਂਦਾ ਹੈ, 19ਵੀਂ ਸਦੀ ਦੀ ਉਪਜ ਹੈ। ਇਹ ਧਾਰਾ ਨਿਰੰਤਰ 19ਵੀਂ ਸਦੀ ਅਤੇ ਇਸ ਤੋਂ ਉਪਰੰਤ ਚਲਦੀ ਰਹੀ। ਸਮੇਂ ਦੇ ਬੀਤਣ ਨਾਲ ਇਸ ਪ੍ਰਤੀ ਉਤਸ਼ਾਹ ਵੀ ਵਧਦਾ ਗਿਆ ਕਿਉਂਕਿ ਅੰਤਰ-ਰਾਸ਼ਟਰੀ ਪੱਧਰ ਤੇ ਵੱਡੀਆਂ ਤਾਕਤਾਂ ਦੀ ਆਪਸੀ ਖਿਚੋਤਾਣ ਦੇ ਕਾਰਨ ਉਸ ਪ੍ਰਤੀ ਤਵਜੋਂ ਵਧਦੀ ਜਾ ਰਹੀ ਸੀ। ਪਿਛਲੀ ਸਦੀ ਤੋਂ 1830 ਤੋਂ 1890 ਦੇ ਸਮੇਂ ਦੇ ਵਿਚਕਾਰ ਇਸ ਦੀ ਹੋੜ ਬਹੁਤ ਵਧ ਚੁੱਕੀ ਸੀ ਜਿਸ ਕਾਰਣ ਤਣਾਅ ਇੰਨਾ ਤੀਬਰ ਹੋ ਗਿਆ ਕਿ ਨਤੀਜਾ ਵਿਸ਼ਵ ਯੁੱਧ ਦੇ ਰੂਪ ਵਿਚ ਨਿਕਲਿਆ। ਅਸਲ ਵਿਚ 15ਵੀਂ ਸਦੀ ਤੋਂ ਹੀ ਪੁਰਤਗਾਲੀਆਂ, ਸਪੇਨੀਆਂ, ਡੱਚਾ, ਫਰਾਂਸੀਸੀਆਂ ਅਤੇ ਅੰਗਰੇਜ਼ਾਂ ਨੇ ਯਰੂਪ ਦੀਆਂ ਹੱਦਾਂ ਤੋਂ ਬਾਹਰ ਅਪਣੇ ਵਪਾਰ ਅਤੇ ਪ੍ਰਭੁਤਾ ਨੂੰ ਵਧਾਉਣ ਲਈ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਪ੍ਰੰਤੂ 19ਵੀਂ ਸਦੀ ਯੂਰਪ ਨੇ ਜਿਸ ਤੇਜ਼ੀ ਨਾਲ ਅਪਣੇ ਕਦਮ ਵਧਾਏ, ਉਸ ਦਾ ਕੋਈ ਮੁਕਾਬਲਾ ਨਹੀਂ ਸੀ, ਲਗਭਗ ਸਾਰੀ ਦੁਨੀਆਂ ਹੀ ਜਾਂ ਤਾਂ ਇਨ੍ਹਾਂ ਯਰੂਪੀ ਤਾਕਤਾਂ ਦੇ ਘੇਰੇ ਵਿਚ ਆ ਚੁੱਕੀ ਸੀ ਜਾਂ ਫਿਰ ਇਨ੍ਹਾਂ ਦੀ ਨਸਲੀ, ਉਦਯੋਗਿਕ ਅਤੇ ਤਕਨੀਕੀ ਯੋਗਤਾ ਦਾ ਪ੍ਰਭਾਵ ਕਬੂਲ ਕਰ ਚੁੱਕੀ ਸੀ। ਪਹਿਲੇ ਵਿਸ਼ਵ ਯੁੱਧ ਦੇ ਦੌਰਾਨ ਲਗਭਗ ਸਾਰਾ ਹੀ ਅਫਰੀਕਾ ਯੂਰਪੀ ਤਾਕਤਾਂ ਵਿਚ ਵੰਡਿਆ ਜਾ ਚੁੱਕਾ ਸੀ, ਸਿਵਾਏ ਐਬੱਸੀਨੀਆ (Abysinia) ਦੀਆਂ ਉਪਰਲੀਆਂ ਮੁਸ਼ਕਲ ਘਾਟੀਆਂ ਨੂੰ ਛੱਡ ਕੇ। ਏਸ਼ੀਆ ਦਾ ਬਹੁਤ ਸਾਰਾ ਹਿੱਸਾ, ਸਿੱਧੇ ਅਥਵਾ ਅਸਿੱਧੇ ਤਰੀਕੇ ਨਾਲ ਯੂਰਪੀ ਅਧਿਕਾਰ ਹੇਠ ਆ ਚੁੱਕਿਆ ਸੀ। ਦੱਖਣੀ ਅਮਰੀਕਾ, ਅਸਟਰੇਲੀਆ ਅਤੇ ਪੈਸੇਫਿਕ ਖਿੱਤੇ ਦਾ ਇਲਾਕਾ ਵੀ ਯੂਰਪੀਆਂ ਅਤੇ ਅਮਰੀਕੀਆਂ ਨੇ ਵੰਡ ਲਿਆ ਸੀ। 19ਵੀਂ ਸਦੀ ਦੇ ਦੌਰਾਨ ਯੂਰਪੀ ਆਰਥਿਕਤਾ ਅਤੇ ਧਾਰਮਿਕਤਾ ਅਫਰੀਕਾ, ਏਸ਼ੀਆ ਅਤੇ ਸੰਸਾਰ ਦੇ ਹੋਰ ਭਾਗਾਂ ਵਿਚ ਦਾਖ਼ਲ ਹੋਣੀ ਸ਼ੁਰੂ ਹੋ ਗਈ ਸੀ ਕਿਉਂਕਿ ਇਨ੍ਹਾਂ ਥਾਵਾਂ ਤੇ ਗੋਰੇ ਆ ਕੇ ਵਸਣ ਲੱਗ ਪਏ ਸਨ ਅਤੇ ਅਪਣੀਆਂ ਸੰਬੰਧਤ ਤਾਕਤਾਂ ਨੂੰ ਮਜ਼ਬੂਤ ਕਰਨ ਉੱਤੇ ਜੁੱਟੇ ਹੋਏ ਸਨ।

ਆਧੁਨਿਕ ਸਮੇਂ ਵਿਚ ਦੁਨੀਆਂ ਦੇ ਸਾਮਰਾਜਵਾਦ ਦੀਆਂ ਦੋ ਲਹਿਰਾਂ ਨੂੰ ਚਲਾਇਆ ਦੇਖਿਆ। ਪਹਿਲੀ ਲਹਿਰ ਜਿਸ ਨੂੰ ਪੁਰਾਣਾ ਸਾਮਰਾਜਵਾਦ (old Imperialism) ਕਿਹਾ ਜਾਂਦਾ ਹੈ 15ਵੀਂ ਸਦੀ ਦੇ ਅਖੀਰ ਉਤੇ ਪੂਰਬ ਵਲ ਵਪਾਰਕ ਰਸਤੇ ਲੱਭਣ ਦੇ ਨਾਲ ਸ਼ੁਰੂ ਹੋਇਆ ਅਤੇ 1815 ਤਕ ਚਲਿਆ। ਉਸ ਸਮੇਂ ਤਕ ਕਾਫੀ ਫ਼ੈਲਾਅ ਹੋ ਚੁੱਕਿਆ ਸੀ। 1870 ਤੋਂ ਬਾਅਦ ਕਈ ਕੌਮਾਂ ਵਲੋਂ ਅਪਣੇ ਅਧਿਕਾਰ ਖੇਤਰ ਵਧਾਏ ਜਾਣ ਲਈ ਕਦਮ ਉਠਣ ਲੱਗੇ। ਬਰਤਾਨੀਆਂ ਵਿਚ ਇਹ ਪਰਸਾਰ ਬੈਂਜਾਮਿਨ ਡਿਜ਼ਰੈਲੀ (Benjamin Disraeli, 1874-1880) ਨਾਲ ਸ਼ੁਰੂ ਹੋਇਆ ਅਤੇ 1870 ਤੋਂ 1919 ਤਕ ਬਾਕੀ ਦੀਆਂ ਤਾਕਤਾਂ ਜਿਨ੍ਹਾਂ ਵਿਚ ਫਰਾਂਸ, ਇਟਲੀ, ਜਰਮਨੀ, ਰੂਸ ਅਤੇ ਅਮਰੀਕਾ ਪ੍ਰਮੁੱਖ ਕਹੀਆਂ ਜਾ ਸਕਦੀਆਂ ਹਨ ਇਸ ਨਵੇਂ ਸਾਮਰਾਜਵਾਦੀ ਦੀ ਲਹਿਰ ਵਿਚ ਸ਼ਾਮਲ ਹੁੰਦੀਆਂ ਚਲੀਆਂ।

ਪੁਰਾਣਾ ਸਾਮਰਾਜਵਾਦੀ ਦੌਰ ਵਪਾਰਕ ਕੇਂਦਰ ਵਧਾਉਣ ਦਾ ਦੌਰ ਸੀ। ਇਸ ਪੁਰਾਣੇ ਸਾਮਰਾਜਵਾਦ ਦੇ ਅਸਰ ਹੇਠਾਂ ਉੱਤਰੀ ਅਤੇ ਦੱਖਣੀ ਅਮਰੀਕਾ, ਆਸਟਰੇਲੀਆ ਅਤੇ ਸਾਇਬੇਰੀਆ ਉਤੇ ਯੂਰਪੀ ਤਾਕਤਾਂ ਦਾ ਅਧਿਕਾਰ ਹੋ ਗਿਆ। ਭਾਰਤ, ਦੱਖਣੀ ਅਫਰੀਕਾ, ਅਤੇ ਈਸਟ ਇੰਡੀਜ਼ (East Indies) ਅਤੇ ਹੋਰ ਕਈ ਸਥਾਨਾਂ ਉਤੇ ਇਨ੍ਹਾਂ ਦੀ ਵਾਪਰਿਕ ਪੱਕੜ ਅਤੇ ਸਾਮਰਾਜਵਾਦੀ ਕਦਮ ਜੰਮਦੇ ਚਲੇ ਗਏ। ਪੁਰਾਣਾ ਸਾਮਰਾਜਵਾਦ

ਅਸਲ ਵਿਚ ਜ਼ਮੀਨਾਂ ਉਪਰ ਕਬਜ਼ਾ ਕਰਨ ਅਤੇ ਅਪਣੇ ਆਪ ਨੂੰ ਉਥੇ ਸਥਾਪਿਤ ਕਰਨਾ ਸੀ। ਨਵੇਂ ਸਾਮਰਾਜਵਾਦ ਅਧੀਨ ਆਰਥਿਕ ਤਾਕਤ ਕਾਇਮ ਕਰਨੀ, ਪ੍ਰਭੂਤਾ ਦਾ ਘੇਰਾ ਵਧਾਉਣਾ ਅਤੇ ਵਪਾਰਿਕ ਸਥਿਤੀਆਂ ਨੂੰ ਮਜ਼ਬੂਤ ਕਰਨਾ ਸਮਝਿਆ ਗਿਆ। ਇਸ ਦੇ ਕਾਰਨ ਕਈ ਇਲਾਕੇ ਯੂਰਪੀ ਤਾਕਤਾਂ ਦੇ ਰਾਜ ਵਿਚ ਵੀ ਮਿਲਾ ਲਏ ਗਏ ਅਤੇ ਉਨ੍ਹਾਂ ਦਾ ਰਾਜ ਪ੍ਰਬੰਧ ਇਨ੍ਹਾਂ ਤਾਕਤਾਂ ਨੇ ਅਪਣੇ ਹੱਥਾਂ ਵਿਚ ਲੈ ਲਿਆ। ਨਵੇਂ ਸਾਮਰਾਜਵਾਦ ਦੇ ਦੌਰ ਵਿਚ ਅਫਰੀਕਾ ਵਾਸਤੇ ਤੀਬਰ ਸੰਘਰਸ਼ ਅਤੇ ਚੀਨ ਦਾ ਵਿਭਾਜਨ ਪ੍ਰਮੁੱਖ ਹਨ।

## ਨਵੇਂ ਸਾਮਰਾਜਵਾਦ ਦੇ ਉਥਾਨ ਲਈ ਜ਼ਿਮੇਵਾਰ ਕਾਰਨ

**(Factors Leading to the growth of new Imperialism)**

ਨਵਾਂ ਸਾਮਰਾਜਵਾਦ ਉਦਯੋਗਿਕ ਕ੍ਰਾਂਤੀ ਦੀ ਸਿੱਧੀ ਉਪਜ ਸੀ। ਇਸ ਲਈ ਇਸ ਦਾ ਪ੍ਰਮੁੱਖ ਕਾਰਨ ਆਰਥਿਕਤਾ ਸੀ ਭਾਵੇ ਦੂਜੇ ਕਾਰਨਾਂ ਨੇ ਵੀ ਇਸ ਦੇ ਉਥਾਨ ਵਿਚ ਹਿੱਸਾ ਪਾਇਆ।

### 1. ਆਰਥਿਕ ਨੁਕਤਾ ਨਿਗਾਹ ਤੋਂ ਚਾਰ ਕਾਰਨਾਂ ਨੇ ਵੱਡਾ ਹਿੱਸਾ ਪਾਇਆ :-

(ੳ) ਵਧਦੀ ਆਬਾਦੀ ਦਾ ਦਬਾਅ

(ਅ) ਕੱਚੇ (Raw) ਮਾਲ ਦੀ ਜ਼ਰੂਰਤ

(ੲ) ਨਵੀਆਂ ਮੰਡੀਆਂ ਦੀ ਭਾਲ

(ਸ) ਪੂੰਜੀ ਲਗਾਉਣ ਸੰਬੰਧੀ ਖੋਜ

**(ੳ) ਤੇਜ਼ੀ ਨਾਲ ਵਧਦੀ ਆਬਾਦੀ** ਵਧਦੀ ਹੋਈ ਬੇਰੁਜ਼ਗਾਰੀ, ਅਤੇ ਆਰਥਿਕ ਮੰਦਹਾਲੀ ਨੇ ਕਈ ਲੋਕਾਂ ਨੂੰ ਆਜ਼ਾਦੀ, ਘਰਾਂ ਅਤੇ ਅਜੀਵਕਾ ਲਈ ਨਵੇਂ ਸਥਾਨ ਲੱਭਣ ਲਈ ਪ੍ਰੇਰਿਤ ਕੀਤਾ। 19ਵੀਂ ਸਦੀ ਵਿਚ ਸਮੁੱਚੇ ਯੂਰਪ ਵਿਚ 25 ਪ੍ਰਤੀਸ਼ਤ ਆਬਾਦੀ ਵਿਚ ਵਾਧਾ ਹੋਇਆ ਬਾਵਜੂਦ ਇਸ ਦੇ ਲੋਕ ਅਮਰੀਕਾ ਅਤੇ ਕਈ ਥਾਵਾਂ ਵਲ ਪ੍ਰਵਾਸ ਕਰ ਗਏ ਸਨ। ਇਹ ਵਧਦੀ ਹੋਈ ਆਬਾਦੀ ਯੂਰਪ ਲਈ ਡਰ ਪੈਦਾ ਕਰ ਰਹੀ ਸੀ। ਰੂਸ, ਜਰਮਨੀ, ਇਟਲੀ ਅਤੇ ਬਰਤਾਨੀਆ ਵਿਚ ਬਹੁਤ ਤੇਜ਼ੀ ਨਾਲ ਆਬਾਦੀ ਵਧਣੀ ਸ਼ੁਰੂ ਹੋਈ। ਇਸ ਲਈ ਇਨ੍ਹਾਂ ਯੂਰਪੀਨਾਂ ਨੇ ਹੋਰ ਇਲਾਕਿਆਂ ਉਪਰ ਕਬਜ਼ਾਂ ਕਰਨ ਲਈ ਸੋਚਣ ਲੱਗੇ।

**(ਅ) ਉਦਯੋਗਿਕ ਕ੍ਰਾਂਤੀ** ਨੇ ਉਤਪਾਦਨ 'ਚ ਵੱਡੀ ਮਾਤਰਾ ਵਿਚ ਵਧਾ ਦਿਤਾ। ਇਸ ਲਈ ਇਹ ਜ਼ਰੂਰੀ ਹੋ ਗਿਆ ਕਿ ਕੱਚਾ ਮਾਲ ਪ੍ਰਾਪਤ ਕੀਤਾ ਜਾਵੇ। ਜਿਹੜੇ ਅਜਿਹੇ ਵਪਾਰ ਅਤੇ ਉਤਪਾਦਨ ਵਿਚ ਸੰਮਿਲਤ ਸਨ ਉਨ੍ਹਾਂ ਦਾ ਵਿਚਾਰ ਸੀ ਕਿ ਉਹ ਅਜਿਹੇ ਸਮੇਂ ਸਰਕਾਰੀ ਹੱਥਾਂ ਵਿਚ ਹੀ ਸੁਰੱਖਿਅਤ ਰਹਿ ਸਕਦੇ ਹਨ। ਜਿਉਂ ਜਿਉਂ ਯੂਰਪ ਵਿਚ ਕਾਰਖ਼ਾਨੇ ਵਧਦੇ ਗਏ, ਕੱਚੇ ਮਾਲ ਦੀ ਮੰਗ ਵੀ ਵਧਦੀ ਗਈ। ਯੂਰਪ ਦੇ ਵਿਚ ਲੋਹੇ ਅਤੇ ਕੋਲੇ ਦੇ ਬੇ ਅੰਤ ਭੰਡਾਰ ਸਨ ਪ੍ਰੰਤੂ ਉਸ ਕੋਲ ਚਾਰ ਮੁੱਖ ਕੱਚੇ ਮਾਲ, ਰੂੰ, ਰਬੜ, ਤੇਲ ਅਤੇ ਤਾਂਬੇ ਦੀ ਬਹੁਤ ਵੱਡੀ ਘਾਟ ਸੀ। ਇਸ ਲਈ ਯੂਰਪੀਨ ਦੇਸ਼ਾ ਨੇ ਅਫ਼ਰੀਕਾ ਅਤੇ ਏਸ਼ੀਆ ਵਿਚ ਅਜਿਹੇ ਕੱਚੇ ਮਾਲ ਦੇ ਸੋਮਿਆਂ ਨੂੰ ਕਬਜ਼ੇ ਵਿਚ ਕਰਨ ਲਈ ਇਨ੍ਹਾਂ ਉਪਰ ਕਬਜ਼ਾ ਸ਼ੁਰੂ ਕਰ ਦਿਤਾ।

**(ੲ) ਨਵੀਆਂ ਮੰਡੀਆਂ ਦੀ ਭਾਲ** ਵੀ ਉਦਯੋਗਿਕ ਕ੍ਰਾਂਤੀ ਦਾ ਹੀ ਹਿੱਸਾ ਸੀ। ਯੂਰਪੀ ਦੇਸ਼ਾਂ ਨੂੰ ਅਪਣੇ ਨਵੇਂ ਤਿਆਰ ਮਾਲ ਦੀ ਖਪਤ ਲਈ ਮੰਡੀਆਂ ਦੀ ਸਖ਼ਤ ਜ਼ਰੂਰਤ ਸੀ। ਬਰਤਾਨੀਆਂ ਨੇ ਇਨ੍ਹਾਂ ਵਾਧੂ ਸੂਤੀ ਕਪੜਾ ਤਿਆਰ ਕਰਨਾ ਸ਼ੁਰੂ ਕਰ ਦਿਤਾ ਜਿਹੜਾ ਕਿ ਸਾਰੇ ਯੂਰਪ ਵਿਚ ਖਪਤ ਹੋਣ ਤੋਂ ਬਾਅਦ ਵੀ ਜ਼ਿਆਦਾ ਸੀ ਜਰਮਨੀ ਨੂੰ ਅਪਣੇ ਧਾਤੂ, ਬਰਤਨ (Hardware) ਅਤੇ ਛੁਰੀਆਂ-ਚਾਕੂ (Cutlery) ਆਦਿ ਨੂੰ ਵੇਚਣ ਲਈ ਮੰਡੀਆਂ ਦੀ ਜ਼ਰੂਰਤ ਸੀ। ਇਸ ਤਰ੍ਹਾਂ ਫਰਾਂਸ ਨੂੰ ਅਪਣੇ ਚਮੜੇ ਦਾ ਸਮਾਨ, ਦਸਤਾਨੇ, ਚੀਨੀ, ਮਿੱਟੀ ਦੇ ਸਮਾਨ, ਛੱਤਾ ਦੀਆਂ ਇੱਟਾਂ ਵੇਚਣ ਲਈ ਮੰਡੀਆਂ ਦੀ ਭਾਲ ਸੀ। ਹਾਲ ਅਤੇ ਡੇਵਿਸ Hall and Davies ਨੇ ਬਿਲਕੁਲ ਠੀਕ ਹੀ ਕਿਹਾ।

"ਇਨ੍ਹਾਂ ਦੇਸ਼ਾਂ ਨੇ ਵਾਧੂ ਸਮਾਨ ਦੀ ਖਪਤ ਵਾਸਤੇ ਕਾਲੇ ਅਫ਼ਰੀਕੀਆਂ ਅਤੇ ਪੀਲੇ ਏਸ਼ਿਆਈ ਲੋਕਾਂ ਨੂੰ ਕਿਹਾ ਕਿ ਉਹ ਅੰਗਰੇਜ਼ੀ ਕਪੜੇ ਪਾਉਣ ਜ਼ਰਮਨੀ ਦੇ ਬਲੇਡਾਂ ਨਾਲ ਸ਼ੇਵ ਕਰਨ ਅਤੇ ਫਰਾਂਸੀਸੀ ਸ਼ਰਾਬ ਪੀਣ ਤਾਂ ਜੋ ਉਨ੍ਹਾਂ ਦਾ ਵਾਧੂ ਮਾਲ ਖੱਪ ਸਕੇ।"

ਇਸ ਤਰ੍ਹਾਂ ਤਕਨੀਕੀ ਕਾਢਾਂ ਨੇ ਉਤਪਾਦਨ ਨੂੰ ਇੰਨਾਂ ਵਧਾ ਦਿਤਾ ਕਿ ਨਵੀਆਂ ਮੰਡੀਆਂ ਦੀ ਭਾਲ ਅਤਿ ਜ਼ਰੂਰੀ ਹੋ ਗਈ ਅਤੇ ਇਹ ਮੰਡੀਆਂ ਅਫਰੀਕਾ ਅਤੇ ਏਸ਼ੀਆਂ ਤੋਂ ਵਧੀਆ ਸ਼ਾਇਦ ਹੀ ਉਨ੍ਹਾਂ ਨੂੰ ਕਿਧਰੇ ਹੋਰ ਮਿਲ ਸਕਦੀਆਂ। ਆਵਾਜਾਈ ਦੇ ਸਾਧਨਾਂ ਵਿਚ ਸੁਧਾਰ ਅਤੇ ਜ਼ਮੀਨੀ ਅਤੇ ਸਮੁੰਦਰੀ ਅਵਸਥਾ ਵਿਚ ਤੇਜ਼ੀ ਨੇ ਨਵੀਆਂ ਮੰਡੀਆਂ ਦੀ ਭਾਲ ਵਿਚ ਤੇਜ਼ੀ ਲੈ ਆਂਦੀ। ਨਵੀਆਂ ਥਾਵਾਂ ਉਪਰ ਕਬਜ਼ਿਆਂ ਅਤੇ ਖੇਤਰਾਂ ਵਿਚ ਵਧਦੀ ਹੋਈ ਪ੍ਰਭੁੱਤਾ ਨੇ ਦੂਰ ਦਰਾਜ ਥਾਵਾਂ ਤੇ ਉਨ੍ਹਾਂ ਦੀਆਂ ਮੰਡੀਆਂ ਖੋਲ ਦਿੱਤੀਆਂ।

**(ਸ) ਉਤਪਾਦਨ ਦੀ ਬਹੁਤਾਤ ਅਤੇ ਆਵਾਜਾਈ**ਦੇ ਸਾਧਨਾ ਵਿਚ ਸੁਧਾਰ ਦੇ ਕਾਰਨ ਅਥਾਹ ਦੌਲਤ ਇਕੱਠੀ ਹੋਣ ਲੱਗੀ ਜਿਸ ਨੂੰ ਹੁਣ ਲਗਾਉਣਾ ਵੀ ਜ਼ਰੂਰੀ ਹੋ ਗਿਆ। ਜਿਉਂ ਜਿਉਂ ਯੂਰਪ ਵਿਚ ਪੂੰਜੀ ਵਧਦੀ ਗਈ, ਵਿਆਜ ਦੀਆਂ ਦਰਾਂ ਗਿਰਦੀਆਂ ਗਈਆਂ ਇਸ ਲਈ ਉਥੋਂ ਦੇ ਪੂੰਜੀਪਤੀਆਂ ਨੇ ਬਾਹਰਲੀਆਂ ਥਾਵਾਂ ਜਿਨ੍ਹਾਂ ਵਿਚ ਅਫਰੀਕਾ ਅਤੇ ਏਸ਼ੀਆਂ ਪ੍ਰਮੁੱਖ ਕਹੇ ਜਾ ਸਕਦੇ ਹਨ। ਇਹ ਵੱਧ ਮੁਨਾਫ਼ਾ ਕਮਾਉਣਾ ਲਈ ਪੂੰਜੀ ਲਗਾਉਣ ਦੀ ਸੋਚੀ। ਇਸ ਗੱਲ ਨੇ ਆਰਥਿਕ ਸਾਮਰਾਜਵਾਦ ਨੂੰ ਜਨਮ ਦਿਤਾ ਅਤੇ ਬੇਅੰਤ ਯੂਰਪੀ ਪੂੰਜੀ ਬਾਹਰਲੇ ਮੁਲਕਾਂ ਵਿਚ ਲਗਾਈ ਗਈ। ਬਰਤਾਨੀਆਂ, ਅਮਰੀਕਾ, ਫਰਾਂਸ ਅਤੇ ਜਰਮਨੀ ਨੇ ਬਾਹਰਲੇ ਮੁਲਕਾਂ ਵਿਚ ਧਨ ਲਗਾਇਆ। ਇਹ ਪੂੰਜੀ ਜ਼ਿਆਦਾ ਕਰ ਕੇ ਕਾਰਖਾਨਿਆਂ, ਖਾਣਾਂ, ਤੇਲ ਦੇ ਖੂਹਾਂ, ਰੇਲ ਅਤੇ ਦੂਜੇ ਲੋਕ ਭਲਾਈ ਦੇ ਕੰਮਾਂ ਉਤੇ ਲਗਾਈ। ਇਸ ਤੋਂ ਇਲਾਵਾ ਵਿਦੇਸ਼ੀ ਸਰਕਾਰਾਂ ਨੂੰ ਜਿਨ੍ਹਾਂ ਨੂੰ ਅਵਿਕਸਿਤ ਕੋਮਾਂ ਜਾਂ ਤੀਜੀ ਦੁਨੀਆਂ ਆਦਿ ਕਿਹਾ ਜਾਂਦਾ ਹੈ ਨੂੰ ਵੀ ਕਰਜ਼ਿਆਂ ਦੇ ਰੂਪ ਵਿਚ ਪੂੰਜੀ ਦਿੱਤੀ ਜਿਸ ਕਾਰਨ ਛੋਟੇ ਮੁਲਕ ਕਾਮ ਚੋਰ ਹੁੰਦੇ ਚਲੇ ਗਏ ਅਤੇ ਇਨ੍ਹਾਂ ਉਪਰ ਬਿਦੇਸ਼ੀ ਪੂੰਜੀਪਤੀਆਂ ਦਾ ਅਧਿਕਾਰ ਵਧਦਾ ਚਲਾ ਗਿਆ। ਇਸ ਨੇ ਨਵੇਂ ਸਾਮਰਾਜਵਾਦ ਨੂੰ ਜਨਮ ਦਿਤਾ ਜਿਹੜਾ ਕਿ ਅਸਲ ਵਿਚ ਆਰਥਿਕ ਸਾਮਰਾਜਵਾਦ ਸੀ।

ਇਸ ਤਰ੍ਹਾਂ ਕਈ ਆਰਥਿਕ ਕਾਰਨਾਂ ਨੇ ਅਫਰੀਕਾ ਅਤੇ ਏਸ਼ੀਆਂ ਉਤੇ ਯੂਰਪੀ ਪ੍ਰਭੁੱਤਾ ਨੂੰ ਵਧਾਉਣ ਵਿਚ ਮਦਦ ਦਿੱਤੀ। ਪ੍ਰੰਤੂ ਸਿਰਫ ਆਰਥਿਕਤਾ ਨੂੰ ਤਰਜੀਹ ਦੇਣੀ ਹਾਸੋਹੀਣੀ ਗੱਲ ਸੀ ਕਿਉਂਕਿ ਕਈ ਹੋਰ ਵੀ ਕਾਰਨ ਸਨ ਜਿਹੜੇ ਕਿ ਇਸ ਸਾਮਰਾਜਵਾਦ ਨੂੰ ਉਤਸ਼ਾਹਤ ਕਰ ਰਹੇ ਹਨ।

(2) ਸਾਮਰਾਜਵਾਦ ਦੇ ਉਥਾਨ ਵਿਚ ਧਾਰਮਿਕ ਪੱਖ ਨੇ ਵੀ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਚੀਨ, ਅਫਰੀਕਾ, ਜਾਪਾਨ, ਦੱਖਣ ਪੂਰਬ ਏਸ਼ੀਆਂ ਆਦਿ ਯੂਰਪੀ ਮਿਸ਼ਨਰੀਆਂ ਨੇ ਯੂਰਪੀ ਪ੍ਰਭਾਵ ਨੂੰ ਭਾਰੀ ਵਧਾਇਆ। ਪਹਿਲਾ ਪ੍ਰਮੁੱਖ ਕਾਰਨ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਈਸਾਈਆਂ ਦਾ ਇਹ ਮੰਤਵ ਰਿਹਾ ਕਿ ਦੂਜੇ ਧਰਮਾਂ ਦੇ ਲੋਕਾਂ ਨੂੰ ਈਸਾਈ ਮੱਤ ਵਿਚ ਲਿਆਦਾ ਜਾਵੇ। ਮਿਸ਼ਨਰੀਆਂ ਦੇ ਇਸ ਕੰਮ ਨੂੰ ਲਗਭਗ ਹਰ ਯੂਰਪੀ ਕੋਮ ਵਲੋਂ ਭਰਵਾਂ ਹੁੰਗਾਰਾ ਮਿਲਿਆ 19ਵੀਂ ਸਦੀ ਵਿਚ ਕੈਥਲਿਕ ਪਰੋਟੈਸਟੈਟ ਮਿਸ਼ਨਰੀਆਂ ਨੇ ਬਹੁਤ ਹੀ ਮਾਰਕੇ ਦਾ ਕੰਮ ਵਿਖਾਇਆ ਜਿਸ ਵਾਸਤੇ ਉਨ੍ਹਾਂ ਵਿਦੇਸ਼ੀ ਭੂਮੀ ਉਤੇ ਆਪਣੀਆਂ ਸਰਕਾਰਾਂ ਦੀ ਮਦਦ ਵੀ ਮੰਗੀ। ਅਫਰੀਕਾ ਅਤੇ ਏਸ਼ੀਆ ਵਿਚ ਜਰਮਨੀ, ਡੇਨਿਸ਼, ਸਵੀਡਨ, ਬਰਤਾਨੀਆਂ ਅਤੇ ਅਮਰੀਕਾ ਦੇ ਮਿਸ਼ਨਰੀਆਂ ਨੇ ਰੋਮਨ ਕੈਥੇਲੀਕਾਂ ਨਾਲ ਸੰਘਰਸ਼ ਕੀਤਾ ਤਾਂ ਜੋ ਦੂਰ ਦੁਰਾਡੇ ਵਸਦੇ ਲੋਕਾਂ ਨੂੰ ਮੁਕਤੀ ਦਾ ਰਾਹ ਵਿਖਾਇਆ ਜਾ ਸਕੇ। ਕਿਪਲਿੰਗ ਦੇ ਸ਼ਬਦਾਂ ਵਿਚ ਏਸ਼ੀਆਂ ਅਤੇ ਅਫਰੀਕਾ ਦੇ ਲੋਕਾਂ ਨੂੰ ਗੋਰਿਆ ਤੇ ਬੋਝ ਸਮਝਿਆ ਜਾਂਦਾ ਸੀ ਇਨ੍ਹਾਂ ਈਸਾਈ ਮਿਸ਼ਨਰੀਆਂ ਯੂਰਪੀ ਤਾਕਤਾਂ ਦੇ ਵਾਧੇ ਲਈ ਹੀ ਕੰਮ ਨਹੀਂ ਬਲਕਿ ਉਨ੍ਹਾਂ ਸਮਾਜਿਕ ਅਤੇ ਮਨੁੱਖੀ ਕਦਰਾਂ ਕੀਮਤਾਂ ਲਈ ਸਕੂਲ ਅਤੇ ਹਸਪਤਾਲ ਵੀ ਖੋਲੇ। ਇਸ ਤਰ੍ਹਾਂ ਇਨ੍ਹਾਂ ਨੇ ਦੁਹਰਾ ਕੰਮ ਨਿਭਾਇਆ। ਵੱਖ ਵੱਖ ਮੁਲਕਾਂ ਵਿਚ ਇਹ ਧਾਰਮਿਕ ਜਥੇਬੰਦੀਆਂ ਸਥਾਪਿਤ ਹੋ ਗਈਆਂ ਜਿਨ੍ਹਾਂ ਨੇ ਈਸਾਈ ਮੱਤ ਅਤੇ ਸਾਮਰਾਜਵਾਦ ਦੇ ਗੁਣਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਸ ਦੇ ਵਾਧੇ ਲਈ ਆਰਥਿਕ ਅਤੇ ਰਾਜਨੀਤਿਕ ਤਾਕਤਾਂ ਨੂੰ ਮਦਦ ਦਿੱਤੀ।

(3) ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਵਿਚ ਸਾਮਰਾਜਵਾਦ ਨੂੰ ਵਧਾਉਣ ਵਿਚ ਕੌਮੀ ਇਛਾਵਾਂ ਨੂੰ ਵੀ ਅਪਣਾ ਯੋਗਦਾਨ ਪਾਇਆ। ਫਰਾਂਸੀਸੀ ਅਤੇ ਰੂਸੀ ਸਾਮਰਾਜਵਾਦ ਸਿਰਫ ਆਰਥਿਕ ਅਤੇ ਧਾਰਮਿਕ ਕਾਰਨਾਂ ਕਰ ਕੇ ਹੀ ਨਹੀਂ ਬਲਕਿ ਇਨ੍ਹਾਂ ਦੋਨਾਂ ਮੁਲਕਾਂ ਦੀ ਇਹ ਇੱਛਾ ਅਤਿ ਪ੍ਰਬੱਲ ਸੀ ਕਿ ਉਹ ਵੱਧ ਤੋਂ ਵੱਧ ਮੁਲਕਾਂ ਉਪਰ ਆਪਣਾ ਅਧਿਕਾਰ ਜਮਾਉਣ। ਫਰਾਂਸੀਸੀ ਅਤੇ ਰੂਸੀ ਲੋਕ ਨਵੀਆਂ ਜਿੱਤਾਂ ਕਬਜ਼ਿਆਂ ਨੂੰ ਹੀ ਅਪਣੀ ਕੌਮੀ ਸ਼ਾਨ ਸਮਝਦੇ ਸਨ। ਬਰਤਾਨੀਆਂ ਵਿਚ ਵੀ ਇਹ ਇੱਛਾ ਜਾਗ ਉਠੀ ਅਤੇ ਬਾਅਦ ਵਿਚ ਜਰਮਨੀ ਵੀ ਇਸੀ ਦਾ ਸ਼ਿਕਾਰ ਹੋ ਗਿਆ। ਇਸ ਤਰ੍ਹਾਂ ਆਰਥਿਕਤਾ ਦੇ ਨਾਲ ਨਾਲ ਨਵੇਂ ਸਾਮਰਾਜਵਾਦ ਨੂੰ ਵਧਾਉਣ ਵਿਚ ਅਜਿਹੀਆਂ ਭਾਵਨਾਂਵਾਂ ਵੀ ਪ੍ਰਧਾਨ ਸਨ। ਇਸ ਨੂੰ ਅਸੀਂ ਤਾਕਤ ਦੀ ਇੱਛਾ ਜਾਂ ਤਾਕਤਵਰ ਅਹਿਸਾਸ ਵੀ ਕਹਿ ਸਕਦੇ ਹਾਂ।

(4) ਯੂਰਪੀ ਵਾਧੇ ਵਿਚ ਕੁਝ ਰੋਮਾਂਚਕ ਗੱਲਾ ਪੈਦਾ ਕਰਨ ਦੀ ਇੱਛਾ ਅਤੇ ਉਨ੍ਹਾਂ ਦਾ ਪ੍ਰਗਟਾ ਵੀ ਸ਼ਾਮਲ ਹੈ। ਕਈ ਆਦਮੀ ਦੁਨੀਆਂ ਨੂੰ ਜਾਨਣ ਦੀ ਇੱਛਾ ਨਾਲ ਬਾਹਰ ਨਿਕਲੇ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਦੁਨੀਆਂ ਅਤੇ ਖ਼ਾਸ ਕਰ ਕੇ ਚੀਨ, ਜਾਪਾਨ, ਅਫਰੀਕਾ ਅਤੇ ਸ਼ਾਂਤ ਮਹਾਸਾਗਰ ਦੇ ਇਲਾਕਿਆਂ ਵਿਚ ਜਨ-ਜੀਵਨ ਕਿਹੋ ਜਿਹਾ ਹੈ। ਕਈ ਇਨ੍ਹਾਂ ਇਲਾਕਿਆਂ ਦੀ ਬਨਸਪਤੀ ਅਤੇ ਜਾਨਵਰਾਂ ਬਾਰੇ ਗਿਆਨ ਚਾਹੁੰਦੇ ਸਨ। ਖੋਜੀ ਅਫਰੀਕਾ ਅਤੇ ਏਸ਼ੀਆਂ ਦੇ ਦਿਲ ਤਕ ਪਹੁੰਚ ਕੇ ਉਤੇਜਨਾ ਅਤੇ ਸਾਹਸ ਦਿਖਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸਾਧਾਰਣ ਅਤੇ ਭੋਲੇ ਭਾਲੇ ਲੋਕਾਂ ਨਾਲ ਉਨ੍ਹਾਂ ਨੂੰ ਮਨਾ ਕੇ ਜਾਂ ਬੰਦੂਕ ਦੀ ਨੋਕ ਨਾਲ ਕਈ ਤਰ੍ਹਾਂ ਦੀਆਂ ਸੰਧੀਆਂ ਕੀਤੀਆਂ ਜਿਸ ਨਾਲ ਉਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਅਤੇ ਦੋਲਤ ਨੂੰ ਲੁੱਟ ਲਿਆ। ਡੇਵਿਡ ਲਿਵਿੰਗਸਟੋਨ (David Livingstone) ਸਪੈਕੇ (Speke) ਅਤੇ ਐਚ. ਐ. ਸਟੇਨਲੇ (H. A. Stanley) ਵਰਗੇ ਫ਼ੌਜੀਆਂ ਨੇ ਅਫਰੀਕਾ ਕੇ ਕਾਲੇ ਇਲਾਕਿਆਂ ਨੂੰ ਬਹਾਦਰੀ ਨਾਲ ਦੁਨੀਆਂ ਦੇ ਸਾਹਮਣੇ ਲਿਆ ਕੇ ਸਾਮਰਾਜ ਦੀ ਕੀਮਤ ਦਰਸਾਈ।

ਦੱਖਣੀ ਅਫਰੀਕਾ, ਅਲਾਸਕਾ, ਆਸਟਰੇਲੀਆ ਤੇ ਏਸ਼ੀਆ ਵਿਚ ਸੋਨੇ ਅਤੇ ਦੂਜੀਆਂ ਕੀਮਤੀ ਧਾਤਾਂ ਦੀ ਖੋਜ ਨੇ ਖੋਜੀਆਂ ਦੀ ਇਸ ਇੱਛਾ ਨੂੰ ਹੋਰ ਵੀ ਵਧਾ ਦਿਤਾ। ਕੀਮਤੀ ਖਣਿਜ ਪਦਾਰਥਾਂ ਅਤੇ ਦੋਲਤ ਦੀ ਖੋਜ ਨੇ ਕਈ ਨੌਜਵਾਨਾਂ ਨੂੰ ਇਨ੍ਹਾਂ ਨਵੇਂ ਖੇਤਰਾਂ ਵਲ ਆਉਣ ਲਈ ਪ੍ਰੇਰਿਤ ਕੀਤਾ। ਇਨ੍ਹਾਂ ਕਾਰਨਾਂ ਨੇ ਵੀ ਵਿਦੇਸ਼ੀ ਮੁਲਕਾਂ ਵਿਚ ਜ਼ਮੀਨਾਂ ਉਪਰ ਕਬਜ਼ਾ ਕਰਨ ਵਿਚ ਮਦਦ ਕੀਤੀ ਕਿਉਂਕਿ ਉਨ੍ਹਾਂ ਦੀਆਂ ਸਰਕਾਰਾਂ ਇਸ ਕੰਮ ਵਿਚ ਮਦਦ ਕਰ ਰਹੀਆਂ ਸਨ।

(5) ਤਕਨੀਕੀ ਅਤੇ ਉਦਯੋਗਿਕ ਫੈਲਾਅ ਨੇ ਆਵਾਜਾਈ ਅਤੇ ਸੰਚਾਰ ਦੇ ਨਵੇਂ ਰਸਤੇ ਤਿਆਰ ਕਰ ਦਿੱਤੇ ਜਿਸ ਕਾਰਨ ਵੀ ਸਾਮਰਾਜਵਾਦ ਵਿਚ ਵਾਧਾ ਹੋਇਆ। ਰੇਲਾਂ, ਸਮੁੰਦਰੀ ਜਹਾਜ਼ਾਂ ਅਤੇ ਤਾਰਾਂ ਨੇ ਦੁਨੀਆਂ ਦੇ ਵੱਖ ਵੱਖ ਭਾਗਾਂ ਨੂੰ ਆਪਸ ਵਿਚ ਜੋੜ ਦਿਤਾ। ਇਸ ਤਰ੍ਹਾਂ ਆਵਾਜਾਈ ਅਤੇ ਸੰਚਾਰ ਵਿਵਸਥਾ ਦੇ ਸੁਧਾਰ ਕਾਰਣ ਨਵੀਆਂ ਮੰਡੀਆਂ ਅਤੇ ਨਵੇਂ ਕੱਚੇ ਮਾਲ ਦੇ ਸੋਮਿਆਂ ਨੂੰ ਲੱਭਣ ਵਿਚ ਤੇਜ਼ੀ ਆ ਗਈ। ਇਨ੍ਹਾਂ ਨੂੰ ਮਿਸ਼ਨਰੀਆਂ ਨੂੰ ਖੋਜੀਆਂ ਨੂੰ ਅਤੇ ਫ਼ੌਜੀਆਂ ਨੂੰ ਤੇਜ਼ੀ ਨਾਲ ਸਮੁੱਚੀ ਦੁਨੀਆਂ ਵਿਚ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਜਾਣ ਵਿਚ ਬਹੁਤ ਮਦਦ ਦਿੱਤੀ। ਨਵੀਂ ਤਕਨੀਕ ਨੇ ਨਵੇਂ ਰਸਤੇ ਕੱਢੇ ਜਿੰਨ੍ਹਾਂ ਨੇ ਪੱਛਮ ਨੂੰ ਪੂਰਬ ਵਿਚ ਪ੍ਰਭੁਤਾ ਜਮਾਉਣ ਦੀ ਮਦਦ ਦਿੱਤੀ।

(6) ਸਮੁੰਦਰੋਂ ਪਾਰ ਅਪਣੀ ਪ੍ਰਭੂਤਾ ਜਮਾਉਣ ਵਿਚ ਇਕ ਹੋਰ ਮੁੱਖ ਧਾਰਨਾ ਜੋ ਸੀ ਉਹ ਜਾਤੀ ਉਚਤਾ ਸੀ ਜਿਹੜਾ ਕਿ ਚਾਰਲਸ ਡਾਰਵਿਨ (Charles Darwin) ਨੇ ਅਪਣੀ ਪ੍ਰਸਿੱਧ ਥਿਊਰੀ ਇਵੈਲੁਸ਼ਨ (Theory of Evolution) ਰਾਹੀਂ ਦਿਤਾ ਸੀ ਅਤੇ ਜਿਸ ਨੂੰ ਜਾਹਨ ਫਿਸਕੇ (John Fiske) ਅਤੇ ਜੋਹਨ ਡਬਲਿਉ ਬਰਜਨਸ (John W. Burgness) ਨੇ ਕਾਫ਼ੀ ਮਸ਼ਹੂਰ ਕਰ ਦਿੱਤਾ ਸੀ। ਡਾਰਵਿਨ ਦੇ ਇਹ ਸਿਧਾਂਤ ਕਿ ਇਸ ਦੁਨੀਆਂ ਵਿਚ ਜਿਹੜਾ ਤਕੜਾ ਹੈ ਉਹੀ ਜ਼ਿੰਦਾ ਰਹਿ ਸਕਦਾ ਹੈ (Struggle of Existence and Survivial of the fittest) ਨੇ ਜਾਤੀ ਸੰਸਥਾਵਾਂ ਵਿਚ ਮੁਕਾਬਲਾ ਪੈਦਾ ਕਰ ਦਿਤਾ। ਐਂਗਲੋ ਸੈਕਸ਼ਨ

ਜਾਤੀ ਆਪਣੇ ਆਪ ਨੂੰ ਸਾਰੀ ਦੁਨੀਆਂ ਉਪਰ ਰਾਜ ਕਰਨ ਦੇ ਕਾਬਲ ਸਮਝਦੀ ਸੀ।

(7) ਇਸ ਸਾਮਰਾਜਵਾਦ ਦੇ ਵਾਧੇ ਲਈ ਯੂਰਪ ਦੇ ਨੀਤੀਵਾਨਾਂ ਨੇ ਵੀ ਬਹੁਤ ਕੰਮ ਕੀਤਾ। ਉਨ੍ਹਾਂ ਨੇ ਸਾਮਰਾਜ ਵਾਦੀ ਵਿਚਾਰਾਂ ਨੂੰ ਨਾ ਸਿਰਫ ਪ੍ਰਚਾਰਿਆ ਬਲਕਿ ਲੋਕਾਂ ਨੂੰ ਉਤਸ਼ਾਹਤ ਵੀ ਕੀਤਾ। ਬਰਤਾਨੀਆਂ ਦੇ ਬੰਜ਼ਾਮਿਨ ਡਿਜ਼ਰੈਲੀ (Benjamin Disraeli) ਅਮਰੀਕਾ ਦੇ ਥਿਊਡਰ ਰੂਜਵੇਲਟ (Theodore Roosevelt) ਅਤੇ ਹੈਨਰੀ ਕੈਬੇਟ ਲਾਜ (Henry Cabot Lodge) ਬੈਲਜੀਅਮ ਦੇ ਬਾਦਸ਼ਾਹ ਲਿਊਪੋਲਡ ਦੂਜਾ (King Leopold II) ਫਰਾਂਸ ਦੇ ਨੈਪੋਲੀਅਨ ਤੀਜੇ ਅਤੇ ਫੈਰੀ (Napoleon III and Ferry), ਜਰਮਨੀ ਦੇ ਕੈਸਰ ਵਿਲਿਅਮ ਦੂਜਾਂ ਅਤੇ ਬੂਲੇ (Kaiser William II and Bulow) ਅਤੇ ਦੱਖਣੀ ਅਫਰੀਕਾ ਦੇ ਸੈਸਿਲ ਰੱਡਜ (Cecil Rhodes) ਨੇ ਅਪਣੀ ਤਾਕਤਵਰ ਹਸਤੀ ਤੋਂ ਇਨ੍ਹਾਂ ਸਮਾਜਵਾਦੀ ਵਿਚਾਰਾਂ ਦਾ ਪ੍ਰਚਾਰ ਕੀਤਾ।

(8) ਯੂਰਪੀ ਤਾਕਤਾਂ ਦਾ ਅਫਰੀਕਾ ਅਤੇ ਏਸ਼ੀਆ ਵਿਚ ਇਸ ਲਈ ਵੀ ਬਹੁਤ ਵਾਧਾ ਹੋਇਆ ਕਿਉਂਕਿ ਇਨ੍ਹਾਂ ਖੇਤਰਾਂ ਦੇ ਮੁਲਕ ਬਹੁਤ ਹੀ ਕਮਜ਼ੋਰ ਅਤੇ ਅਵਿਕਸਿਤ ਸਨ। ਉਹ ਇਸ ਵਾਧੇ ਦੇ ਜਲਦੀ ਹੀ ਸ਼ਿਕਾਰ ਹੋ ਗਏ। ਉਹ ਯੂਰਪ ਦੀ ਤਕਨੀਕੀ ਉਚਤਾ ਅਤੇ ਮਜ਼ਬੂਤ ਆਰਥਿਕਤਾ ਦਾ ਮੁਕਾਬਲਾ ਨਾ ਕਰ ਸਕੇ। ਇਸ ਕਰ ਕੇ ਅਫਰੀਕਾ ਅਤੇ ਏਸ਼ੀਆਂ ਦੇ ਦੇਸ਼ਾਂ ਦੀ ਬੁਨਿਆਦੀ ਕਮਜ਼ੋਰੀ ਕਾਰਨ ਯੂਰਪੀ ਤਾਕਤਾਂ ਉਨ੍ਹਾਂ ਉਪਰ ਆਪਣਾ ਪ੍ਰਭਾਵ ਪਾਉਣ ਵਿਚ ਸਫਲ ਹੋ ਗਈਆਂ।

(9) ਕਈ ਯੂਰਪੀ ਦੇਸ਼ਾਂ ਦੀ ਵਧਦੀ ਹੋਈ ਤਾਕਤ ਅਤੇ ਵਧਦੀ ਥਲ ਸੈਨਾ ਅਤੇ ਸਮੁੰਦਰੀ ਤਾਕਤ ਨੇ ਵੀ ਉਨ੍ਹਾਂ ਦੇ ਸਮਾਰਾਜਵਾਦ ਦੇ ਵਾਧੇ ਵਿਚ ਮਦਦ ਕੀਤੀ। ਇਹ ਯੂਰਪੀ ਮੁਲਕ ਅਪਣੀ ਵਧੀਆ ਥਲ ਸੈਨਾ ਅਤੇ ਸਮੁੰਦਰੀ ਸੈਨਾ ਕਰ ਕੇ ਵੀ ਅਫਰੀਕਾ ਅਤੇ ਏਸ਼ੀਆ ਦੇ ਮੁਲਕਾਂ ਉਪਰ ਅਪਣੀ ਪ੍ਰਭੁਤਾ ਜਮਾਉਣ ਵਿਚ ਸਫਲ ਹੋ ਗਏ।

ਇਨ੍ਹਾਂ ਕਈ ਕਾਰਨਾਂ ਕਰਕੇ ਬਸਤੀਆਂ ਵਿਚ ਵਾਧਾ ਹੋਇਆ ਅਤੇ ਸਮੁੰਦਰ ਪਾਰ ਕਈ ਯੂਰਪੀਨ ਵਸ ਗਏ। ਕਿਉਂਕਿ ਹੁਣ ਯੂਰਪ ਅਪਣੀ ਆਤਮ-ਨਿਰਭਰਤਾ ਗਾਵਉਂਦਾ ਜਾ ਰਿਹਾ ਸੀ। ਇਸ ਲਈ ਯੂਰਪੀ ਦੇਸ਼ਾਂ ਨੇ ਬਸਤੀਆਂ ਉਪਰ ਅਪਣਾ ਅਧਿਕਾਰ ਅਤੇ ਪ੍ਰਭੁੱਤਾ ਵਧਾਉਣੀ ਸ਼ੁਰੂ ਕਰ ਦਿੱਤੀ। ਸਾਮਰਾਜ ਦੇ ਨਿਰਮਾਤਾਵਾਂ ਨੇ ਜੋ ਕਿ ਸ਼ਾਨੋ ਸ਼ੋਕਤ, ਸੋਨੇ, ਧਾਰਮਿਕਤਾ ਆਦਿ ਤੋਂ ਖਿਚੇ ਸਨ ਨੇ ਅਪਣੇ ਮੁਲਕਾਂ ਅਧੀਨ ਦੂਰ ਗੁਪਤ ਸਥਾਨ ਵੀ ਲੈ ਆਉਂਦੇ ਚਲੇ ਗਏ ਜਦੋਂ ਤਕ ਕਿ ਸਮੁੱਚਾ ਖੇਤਰ ਇਕ ਜਾ ਦੂਜੀ ਤਾਕਤ ਦੇ ਅਧਿਕਾਰ ਹੇਠਾਂ ਨਹੀਂ ਆ ਗਿਆ। ਨਵੇਂ ਸਾਮਰਾਜਵਾਦ ਲਈ ਕੋਈ ਇਕ ਇਕੱਲਾ ਕਾਰਨ ਨਹੀਂ ਨਿਸ਼ਚਿਤ ਕੀਤਾ ਜਾ ਸਕਦਾ ਪ੍ਰੰਤੂ ਆਰਥਿਕ ਕਾਰਨ ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ ਜਿਸ ਨੇ ਕਿ ਬਸਤੀਆਂ ਦੇ ਨਿਰਮਾਣ ਵਿਚ ਸਭ ਤੋਂ ਵੱਡਾ ਹਿੱਸਾ ਪਾਇਆ।

**ਸਾਮਰਾਜਵਾਦ ਦੇ ਵਿਕਾਸ ਦੇ ਢੰਗ (Process of Imperialism)** ਆਧੁਨਿਕ ਸਮੇਂ ਦੇ ਸਾਮਰਾਜਵਾਦ ਨੇ ਹੇਠ ਲਿਖੇ ਕਿਸੇ ਇਕ ਕਾਰਨ ਜਾਂ ਮਿਲਵੇ ਕਾਰਨ ਨੂੰ ਜਾਂ ਸਮੁੱਚਿਆਂ ਕਾਰਨਾਂ ਨੂੰ ਅਪਣਾਇਆ। ਸਾਮਰਾਜ ਸਥਾਪਿਤ ਹੋ ਗਿਆ ਅਤੇ ਸਾਮਰਾਜਵਾਦ ਦਾ ਵਿਕਾਸ ਹੁੰਦਾ ਗਿਆ।

1. ਫੌਜੀ ਜਿੱਤਾ ਦੁਆਰਾ ਜਿਵੇਂ ਕਿ ਬੋਅਰ ਦੀ ਜੰਗ ਅਤੇ ਸਪੇਨਿਸ ਅਮਰੀਕਾ ਜੰਗ।

2. ਸਥਾਨਕ ਹਾਕਮਾਂ ਨਾਲ ਸੰਧੀਆਂ ਕਰ ਕੇ ਜਿਵੇਂ ਅਫਰੀਕਾ ਦੇ ਬਹੁਤ ਸਾਰੇ ਹਿਸਿਆ ਵਿਚ।

3. ਕਮਜ਼ੋਰ ਅਤੇ ਅਵਿਕਸਿਤ ਵਿਦੇਸ਼ੀ ਸਰਕਾਰਾਂ ਨੂੰ ਕਰਜੇ ਦੇ ਕੇ ਅਤੇ ਇਸ ਤਰੀਕੇ ਰਾਹੀਂ ਉਨ੍ਹਾਂ ਨੂੰ ਅਪਣੇ ਅਧਿਕਾਰ ਖੇਤਰ ਵਿਚ ਲੈ ਕੇ। ਜਿਵੇਂ ਕਿ ਬਰਤਾਨੀਆਂ ਨੇ ਮਿਸਰ ਅਤੇ ਅਮਰੀਕਾ ਨੇ ਹੇਟੀ (Haiti) ਅਤੇ ਸੈਂਟੋ ਡੋਮਿੰਗੋ (Santo Domingo) ਵਿਚ :

4. ਆਰਥਿਕ ਘੁਸਪੈਠ ਅਤੇ ਆਰਥਿਕ ਰਿਆਇਤਾ ਦੇ ਕੇ ਜਿਵੇਂ ਕਿ ਕਈ ਯਰੂਪੀ ਤਾਕਤਾਂ ਨੇ ਚੀਨ ਵਿਚ ਅਤੇ ਅਮਰੀਕਾ ਨੇ ਹਵਾਈ (Hawai) ਵਿਚ ਦਿੱਤੀਆਂ।

ਆਮ ਤੌਰ ਤੇ ਸਾਮਰਾਜਵਾਦ ਕਈ ਤਰ੍ਹਾਂ ਦੀਆਂ ਸਥਿਤੀਆਂ ਵਿਚੋਂ ਹੋ ਕੇ ਪ੍ਰਵਾਨ ਚੜ੍ਹਿਆ ਪ੍ਰੰਤੂ ਕਈ ਥਾਵਾਂ ਤੇ ਇਕੋ ਹੱਲੇ ਵਿਚ ਹੋ ਗਿਆ।

ਪਹਿਲਾਂ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਅਤੇ ਉਸ ਤੋਂ ਬਾਅਦ ਆਰਥਿਕ ਘੁਸਪੈਠ। ਇਸ ਉਪਰੰਤ ਫੌਜੀ ਜਾਂ ਰਾਜਨੀਤਕ ਦਖਲ-ਅੰਦਾਜ਼ੀ ਜਿਸ ਨਾਲ ਇਕ ਤਾਂ ਰੱਖਿਅਕ ਖੇਤਰ ਵਿਚ ਲੈ ਆਉਣ ਅਤੇ ਦੂਜੇ ਅਪਣੀ ਪ੍ਰਭੂਤਾ ਵਿਚ ਲੈ ਲੈਣਾ। ਆਖਰ ਹੱਦ ਅਪਣੇ ਰਾਜ ਵਿਚ ਮਿਲਾ ਲੈਣ ਦੀ (Annexation) ਹੁੰਦੀ ਸੀ ਪ੍ਰੰਤੂ ਇਸ ਨਵੇ ਸਾਮਰਾਜਵਾਦ ਵਿਚ ਅਕਸਰ ਨਹੀਂ ਹੁੰਦੀ ਸੀ ਜੋ ਕਿ ਇਸ ਸਮੇਂ ਵਿਚਾਰ ਅਧੀਨ ਹੈ। ਇਸ ਤਰ੍ਹਾਂ ਨਵੇਂ ਅਤੇ ਪੁਰਾਣੇ ਸਾਮਰਾਜਵਾਦ ਅਤੇ ਤਰੀਕਿਆਂ ਵਿਚ ਕਾਫ਼ੀ ਫਰਕ ਹੈ। ਪ੍ਰੰਤੂ ਜਿਥੋਂ ਤਕ ਆਰਥਿਕ ਹਿੱਤਾਂ ਦਾ ਸੰਬੰਧ ਹੈ, ਉਹ ਦੋਨੋਂ ਵਿਚ ਇਕ ਹੀ ਸੀ। ਇਥੇ ਇਹ ਵੀ ਸਪਸ਼ਟ ਕਰ ਦੇਣਾ ਜ਼ਰੂਰੀਹੈ ਕਿ ਇਹ ਪ੍ਰਸਥਿਤੀਆਂ ਅਤੇ ਤਕਨੀਕ ਹਰ ਖੇਤਰ ਵਿਚ ਹਰ ਵੱਖਰੇ ਵੱਖਰੇ ਦੇਸ਼ ਵਿਚ ਵੱਖਰੀ ਵੱਖਰੀ ਹੁਦੀ ਹੈ।

## ਵਾਧੇ ਦਾ ਯੁੱਗ 1870–1919 (Era of Expansion 1870-1919)

ਸਮੁੱਚੀ 19ਵੀਂ ਸਦੀ ਵਿਚ ਸਾਮਰਾਜਵਾਦ ਦਾ ਵਾਧਾ ਨਿਰੰਤਰ ਚਲਦਾ ਰਿਹਾ। ਇਹ ਸਮਾਂ ਬਸਤੀਆਂ ਦੇ ਖੇਤਰ ਵਿਚ ਘਾਟੇ ਵਾਧੇ ਦਾ ਸੀ। ਸਦੀ ਦੇ ਪਹਿਲੇ ਅੱਧ ਨੇ ਕੁਝ ਯੂਰਪੀ ਤਾਕਤਾਂ ਨੂੰ ਬਸਤੀਆਂ ਉਪਰ ਕਬਜ਼ਾ ਕਰਦਿਆਂ ਵੇਖਿਆ। 19ਵੀਂ ਸਦੀ ਦਾ ਆਰੰਭਾ, ਜਿਥੋਂ ਤਕ ਬਸਤੀਆਂ ਦਾ ਸੰਬੰਧ ਹੈ, ਕਾਇਰਤਾਪੂਰਣ ਅਤੇ ਬੇਦਿਲੀ ਨਾਲ ਹੋਇਆ। 1783 ਤੋਂ 1825 ਦੇ ਵਿਚਕਾਰ ਫਰਾਂਸ, ਹਾਲੈਂਡ, ਸਪੇਨ ਅਤੇ ਪੁਰਤਗਾਲ ਰਾਜ ਤਬਾਹੀ ਵਲ ਜਾ ਰਹੇ ਸਨ। ਇਥੋਂ ਤਕ ਕਿ ਬਰਤਾਨਵੀ ਸਾਮਰਾਜ ਨੂੰ ਵੀ ਉਦੋਂ ਧੱਕਾ ਲਗਿਆ ਜਦੋਂ ਅਮਰੀਕਾ ਦੀਆਂ ਬਸਤੀਆਂ ਵਿਚ ਸੰਘਰਸ਼ ਛਿੜ ਗਿਆ। ਫਰਾਂਸ ਨੂੰ ਅਮਰੀਕਾ ਵਿਚ ਅਪਣਾ ਖੇਤਰ ਗਵਾਉਣਾ ਪਿਆ। ਨੈਪੋਲੀਅਨ ਦੀ ਹਾਰ ਮਗਰੋਂ ਉਸ ਨੂੰ ਹੋਰ ਖੇਤਰ ਲਈ ਮਜ਼ਬੂਬ ਕਰ ਦਿੱਤਾ। 1825 ਤਕ ਉਸ ਦੇ ਸਾਮਰਾਜ ਦੇ ਵਿਚ ਵੈਸਟ ਇੰਡੀਜ਼ ਦੇ ਕੁਝ ਟਾਪੂ ਦੱਖਣੀ ਅਮਰੀਕਾ ਵਿਚ ਕੁਝ ਥਾਵਾਂ ਤੇ ਕਬਜ਼ਾਂ ਅਤੇ ਭਾਰਤ ਦੇ ਕੁਝ ਖੇਤਰ ਰਹਿ ਗਏ ਸਨ। ਹਾਲੈਂਡ ਦੀ ਸਰਕਾਰ ਨੂੰ ਅਮਰੀਕਾ ਵਿਚ ਨੀਉ ਐਮਸਰਟਡਮ, ਦੱਖਣੀ ਅਫਰੀਕਾ ਦੇ ਕੁੱਝ ਹਿੱਸੇ, ਗੁਆਨਾ ਦੱਖਣੀ ਅਮਰੀਕਾ ਅਤੇ ਸਾਰਾ ਸੀਲਨ ਛੱਡਣਾ ਪਿਆ। 1825 ਤਕ ਉਸ ਦਾ ਸਾਮਰਾਜਵਾਦ ਘਟ ਕੇ ਸਿਰ ਕੁਝ ਟਾਪੂਆਂ ਦਾ ਸਮੂਹ ਜਿਸ ਨੂੰ ਡਚ ਈਸਟ ਇੰਡੀਆ ਅਤੇ ਸਾਊਥ ਵੈਸਟ ਇੰਡੀਜ਼ ਕਿਹਾ ਜਾਂਦਾ ਸੀ, ਤਕ ਰਹਿ ਗਿਆ। ਸਪੇਨ ਅਤੇ ਪੁਰਤਗਾਲ ਦੇ ਰਾਜ ਅੰਦਰੂਨੀ, ਬਗਾਵਤਾਂ ਕਰ ਕੇ ਟੁਕੜੇ ਹੋ ਗਏ। ਸਪੇਨ ਅਮਰੀਕਾ ਤੋਂ ਪਰੇ ਧੱਕ ਦਿਤਾ ਗਿਆ, 1825 ਤਕ ਉਸ ਕੋਲ ਸਿਰਫ, ਕਿਊਬਾ (Cuba) ਪਿਓਰੇਟੋ ਰੀਕੋਂ (Puerto Rico) ਫਿਲ-ਪਾਇਨਜ਼ ਕੁਝ ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਟਾਪੂ ਰਹਿ ਗਏ ਸਨ। 1825 ਵਿਚ ਪੁਰਤਗਾਲ ਕੋਲ ਕੇਵਲ ਅਫਰੀਕਾ ਅਤੇ ਭਾਰਤ ਦੇ ਕੰਢਿਆਂ ਉਪਰ ਕੁਝ ਕੁ ਟਾਪੂ ਰਹਿ ਗਏ ਸਨ। ਬਾਵਜੂਦ ਉਸ ਸਮੇਂ ਦੇ ਉਦਾਸ ਅਤੇ ਨਿਰਉਤਸਾਹਤ ਹਾਲਾਤ ਦੇ ਬਰਤਾਨੀਆਂ ਕਿਸੇ ਨਾ ਕਿਸੇ ਬਹਾਨੇ ਪਿਛੇ ਇਕ ਉਪਰੰਤ ਦੂਜੀ ਬਸਤੀ ਅਪਣੇ ਅਧੀਨ ਕਰਦਾ ਚਲਾ ਗਿਆ। ਇਸ ਸਮੇਂ ਦੇ ਦੌਰਾਨ ਅੰਗਰੇਜ਼ੀ ਚਾਰ ਇਲਾਕਿਆਂ ਵਿਚ ਅੱਗੇ ਵਧਣੇ ਸ਼ੁਰੂ ਹੋਏ। ਪਹਿਲਾ ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚ ਕਬਜ਼ਾ ਸੀ। ਦੂਜਾ ਇਲਾਕਾ ਕਨੈਡਾ ਅਤੇ ਦੱਖਣੀ ਅਫਰੀਕਾ ਸੀ ਜਿਸ ਵਿਚ ਸਾਮਰਾਜ ਫੈਲਿਆ। ਇਸੀ ਸਮੇਂ ਵਿਚ ਹੀ ਬਰਤਾਨਵੀ ਸਾਮਰਾਜ ਦੇ ਪੈਰ ਪੱਕੇ ਹੋਣੇ ਸ਼ੁਰੂ ਹੋ ਗਏ ਸਨ। ਚੌਥਾ ਪੜਾਅ ਫਰਾਂਸ ਅਤੇ ਉਸ ਦੇ ਮਿੱਤਰਾਂ ਦੀਆਂ ਸੈਨਾਵਾਂ ਨੂੰ ਹਰਾ ਕੇ ਇਲਾਕਿਆਂ ਉਤੇ ਕਬਜ਼ਾ ਕਰਨਾ ਸੀ। ਉਸ ਨੂੰ ਹਾਲੈਂਡ ਤੋਂ ਸੀਲੋਨ ਗੁਆਨਾ ਦੇ ਕੁਝ ਹਿੱਸੇ ਪ੍ਰਾਪਤ ਹੋਏ। ਬਰਤਾਨੀਆਂ ਨੂੰ ਸਪੇਨ ਤੋਂ ਵੀ ਟ੍ਰਿਨੀਦਾਦ (Trinidad) ਵੀ ਪ੍ਰਾਪਤ ਹੋ ਗਿਆ। ਸੇਂਟ ਜਾਨ ਤੋਂ ਮਾਲਟਾ, ਫਰਾਂਸ ਤੋਂ ਸੈਚਲਿਸ (Seychellies) ਮੋਰੇਸ਼ੀਅਸ਼ (Mauritius) ਅਤੇ ਕੁਝ ਹੋਰ ਇਲਾਕੇ ਪ੍ਰਾਪਤ ਹੋਏ। ਇਸ ਤਰ੍ਹਾਂ ਇਸ ਸਮੇਂ ਹੋਰ ਤਾਕਤਾਂ ਅਪਣੇ

ਸਾਮਰਾਜ ਨੂੰ ਗੁਆ ਰਹੀਆਂ ਸਨ, ਉਸ ਸਮੇਂ ਬਰਤਾਨੀਆਂ ਦਾ ਸਾਮਰਾਜ ਹੌਲੀ ਹੌਲੀ ਪ੍ਰੰਤੂ ਲਗਾਤਾਰ ਵਧਦਾ ਚਲ ਗਿਆ।

1870 ਤੋਂ ਬਾਅਦ ਦਾ ਸਮਾਂ ਸਾਮਰਾਜ ਦਾ ਸਮਾਂ ਕਹਿਲਾਉਂਦਾ ਹੈ। ਇਸ ਸਮੇਂ ਯੂਰਪ ਵਿਚ ਜੋ ਦੂਜੀ ਸਾਮਰਾਜਵਾਦ ਨੂੰ ਵਧਾਉਣ ਦੀ ਲਹਿਰ ਚਲੀ ਉਸ ਨੂੰ ਨਵਾਂ ਸਾਮਰਾਜ ਕਿਹਾ ਜਾਂਦਾ ਹੈ। ਇਸ ਦੇ ਵਾਧੇ ਵਿਚ ਜਿਨ੍ਹਾਂ ਤਾਕਤਾਂ ਨੇ ਹਿੱਸਾ ਲਿਆ ਉਨ੍ਹਾਂ ਵਿਚੋਂ ਪ੍ਰਮੁੱਖ ਜਰਮਨੀ, ਇਟਲੀ, ਅਮਰੀਕਾ ਅਤੇ ਜਾਪਾਨ ਕਹੇ ਜਾ ਸਕਦੇ ਹਨ।

## (ੳ) ਬਰਤਾਨਵੀ ਸਾਮਰਾਜਵਾਦ (1871-1914)

### British Imperialsim (1871-1914)

ਨਵੇਂ ਸਾਮਰਾਜਵਾਦ ਨੂੰ ਸਮੁੱਚੇ ਰੂਪ ਵਿਚ ਦੇਖਣ ਲਈ, ਸਾਨੂੰ ਇਸ ਸਮੇਂ ਦੀ ਹਰ ਵੱਖੋ-ਵੱਖ ਵੱਡੀ ਤਾਕਤ ਦਾ ਸਹੀ ਰਵਈਆ ਵਾਚਣਾ ਪਏਗਾ। ਇਸ ਦਾ ਭਾਵ ਇਹ ਹੈ ਕਿ ਵੱਖ-ਵੱਖ ਮੁਲਕਾਂ ਦਾ ਇਸ ਪ੍ਰਤਿ, ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਵਪਾਰਿਕ ਨੁਕਤਾ ਨਿਗਾਹ ਦੇਖਣਾ ਪਵੇਗਾ।

1871 ਵਿਚ ਬਰਤਾਨਵੀ ਸਾਮਰਾਜਵਾਦ ਵਿਚ ਕੈਨੇਡਾ, ਆਸਟਰੇਲੀਆ, ਨਿਊਜੀਲੈਂਡ, ਭਾਰਤ, ਕਈ ਕਰਾਉਣ ਬਸਤੀਆਂ (Crown Colonies) ਸੰਸਾਰ ਵਿਚ ਫੈਲੇ ਹੋਏ ਸੁਰੱਖਿਅਤ ਰਾਜ ਅਤੇ ਭੂਮੱਧ ਸਾਗਰ ਵਿਚ ਮਾਲਟਾ, ਬਰਤਾਨਵੀ ਗੁਆਨਾ, ਬਰਤਾਨਵੀ ਹੈਂਡਰਸ (Honduras), ਬਰਤਾਨਵੀ ਵੈਸਟ ਇੰਡੀਜ਼, ਬਾਰਮੁੰਡਾ ਅਤੇ ਵੈਸਟਨ ਹੇਮੀਸਫੀਅਰ (Western Hemisphere) ਵਿਚ ਫਾਕਲੈਂਡ ਦੇ ਟਾਪੂ (Island of Falkland) ਏਡਿਨ, ਸੀਲੋਨ, ਹੇਠਲਾ ਬਰਮਾ ਚੀਨ ਵਿਚ ਹਾਂਗਕਾਂਗ, ਗੈਂਮਾਬੀਆ (Gambia), ਸਾਇਰਾ ਲਿਊਨ (Sierra leone), ਅਫਰੀਕਾ ਵਿਚ ਕੇਪ ਕਲੌਨੀ (Cape Colony) ਅਤੇ ਨਾਟਲ (Natal) ਸ਼ਾਮਲ ਸਨ। ਇਸ ਮਹਾਨ ਸਾਮਰਾਜ ਅਜੇ ਨਵੇ ਸਾਮਰਾਜ ਦੇ ਤਹਿਤ ਫੈਲਣ ਵਾਲਾ ਸੀ। 1869 ਵਿਚ ਸੁਏਜ਼ ਨਹਿਰ ਦੇ ਪੂਰੇ ਬਣ ਜਾਣ ਦੇ ਕਾਰਨ ਅਫਰੀਕਾ ਅਤੇ ਏਸ਼ੀਆ ਵਿਚ ਨਵੇਂ ਰਸਤੇ ਤਿਆਰ ਹੋ ਗਏ ਸਨ। 1875 ਵਿਚ ਡਿਜ਼ਰੇਲੀ ਨੇ ਨਹਿਰ ਸੁਏਜ਼ ਵਿਚ ਬਹੁਤ ਵੱਡੇ ਹਿੱਸੇ ਖ਼ਰੀਦ ਕੇ ਨਾ ਕੇਵਲ ਬਰਤਾਨੀਆ ਦਾ ਪ੍ਰਭਾਵ ਹੀ ਵਧਾਇਆ ਬਲਕਿ ਇਸ ਨਾਲ ਭਾਰਤ ਨੂੰ ਜਾਣ ਵਾਸਤੇ ਛੋਟਾ ਅਤੇ ਸੌਖਾ ਰਾਹ ਵੀ ਪ੍ਰਾਪਤ ਹੋ ਗਿਆ। ਜਿਸ ਸਮੇਂ ਮਿਸਰ ਯੂਰਪੀਨਾ ਦੇ ਕਰਜ਼ੇ ਨਾ ਉਤਾਰ ਸਕਿਆ ਤਾਂ ਫਰਾਂਸ ਅਤੇ ਬਰਤਾਨੀਆਂ ਨੇ ਸਾਂਝਾ ਅਧਿਕਾਰ ਜਿਸ ਨੂੰ ਕੋਂਡੋਮੀਨੀਅਮ (Condominium) ਕਹਿੰਦੇ ਹਨ ਮਿਸਰ ਉਪਰ ਸਥਾਪਿਤ ਕਰ ਦਿੱਤਾ। ਬਰਤਾਨੀਆਂ ਨੇ ਮਿਸਰ ਵਿਚ ਬਗ਼ਾਵਤ ਨੂੰ ਦਬਾ ਕੇ ਪਹਿਲਾਂ ਉਥੇ ਅਪਣਾ ਰਖਿਅਕ ਰਾਜ ਸਥਾਪਿਤ ਕਰ ਲਿਆ। ਲਾਰਡ ਕਰੋਮਰ (Croomer) ਅਤੇ ਜਨਰਲ ਕਿਚਨਰ (General Kitchner) ਦੀਆਂ ਕੋਸ਼ਿਸ਼ਾਂ ਦਾ ਸਦਕਾ ਬਰਤਾਰਨੀਆਂ ਨੇ ਮਿਸਰ ਉਪਰ ਅਪਣੇ ਅਧਿਕਾਰ ਨੂੰ ਮਜ਼ਬੂਤ ਕਰ ਲਿਆ ਬਰਤਾਨੀਆਂ ਅਤੇ ਮਿਸਰੀ ਫੌਜਾਂ ਨੇ ਰਲ ਕੇ ਸੁਡਾਨ ਦੀ ਬਗਾਵਤ ਨੂੰ ਦਬਾ ਦਿਤਾ ਅਤੇ 1900 ਤਕ ਉਪਰਲੀ ਨੀਲ ਦੀ ਘਾਟੀ ਉਪਰ ਆਪਣੀ ਪ੍ਰਭੁਤਾ ਸਥਾਪਿਤ ਕਰ ਦਿੱਤੀ। 1894 ਵਿਚ ਬਰਤਾਨੀਆਂ ਨੇ ਬਰਤਾਨਵੀ ਪੂਰਬੀ ਅਫਰੀਕਾ ਅਤੇ ਹੇਠਲੇ ਨੀਲ ਘਾਟੀ, ਸੋਮਾਲੀ ਲੈਂਡ ਸਾਇਰਾ ਲਿਊਨ (Sierra Leone) ਅਤੇ ਨਾਈਜ਼ੀਰੀਆਂ ਦੇ ਹਿੱਸਿਆਂ ਉਪਰ ਅਪਣਾ ਕਬਜ਼ਾ ਕਰ ਲਿਆ। ਉਹ ਫਿਰ ਦੱਖਣੀ ਅਫਰੀਕਾ ਵਲ ਮੁੜਿਆ। ਡੱਚ ਜਾਂ ਬੋਰਜ, ਔਰਜ ਫਰੀ ਸਟੇਟ (Orange Free State) ਅਤੇ ਟ੍ਰਾਂਸਵਾਲ ਰੀਪਬਲਿਕ (Transval Republic) ਨੂੰ ਸਥਾਪਿਤ ਕਰ ਲਿਆ। ਪ੍ਰੰਤੂ ਦੱਖਣ ਵਿਚ ਸੋਨੇ ਅਤੇ ਹੀਰੇ ਦੇ ਖੋਜ ਦੇ ਕਾਰਨ ਬਰਤਾਨਵੀ ਬਸਤੀਆਂ ਦਾ ਪ੍ਰਵਾਹ ਚਲ ਪਿਆ। ਹੁਣ ਬੋਅਰ ਗਣਤੰਤਰ ਅਤੇ ਬਰਤਾਲਵੀ ਸਾਮਰਾਜ ਵਿਚ ਫੌਜੀ ਝਗੜਾ ਛਿੜ ਪਿਆ। ਪਾਲ ਕਰੂਗਰ (Paul Kruger) ਦੀ ਅਗਵਾਈ ਹੇਠ ਮਜ਼ਬੂਤ ਬੋਅਰ ਕੌਮੀ ਲਹਿਰ ਅਤੇ ਇਸ ਤਰ੍ਹਾਂ ਸਸ਼ਿਲ ਰੋਡੇਜ (Cecil Rhodes) ਦੀ ਅਗਵਾਈ ਹੇਠਾਂ ਵੀ ਦੱਖਣੀ ਅਫਰੀਕਾ ਵਿਚ ਜਾਤੀ ਉਚਤਾ ਲੀ ਸੰਘਰਸ਼ ਸ਼ੁਰੂ ਹੋਇਆ। ਰੋਡੇਜਾ ਇਹ ਸੁਪਨੇ ਲੈ ਰਿਹਾ ਸੀ ਕਿ ਦੱਖਣੀ

ਅਫਰੀਕਾ ਉਪਰ ਬਰਤਾਨੀਆਂ ਦਾ ਕਬਜ਼ਾ ਹੋ ਜਾਵੇ। 1899 ਬੋਅਰ ਜੰਗ ਵਿਚ ਬਰਤਾਨੀਆਂ ਨੂੰ ਜਿਤ ਪ੍ਰਾਪਤ ਹੋਈ। 1902 ਵਿਚ ਸ਼ਾਂਤੀ ਸਥਾਪਿਤ ਹੋ ਗਈ ਅਤੇ ਬੋਅਰ ਗਣਤੰਤਰ ਨੂੰ ਬਰਤਾਨਵੀ ਰਾਜ ਵਿਚ ਮਿਲਾ ਲਿਆ ਗਿਆ। ਇਸ ਤੋਂ ਸਤ ਸਾਲ ਬਾਅਦ ਭਾਵੇਂ 1909 ਵਿਚ ਕੇਪ ਕਲੌਨੀ (Cape Colony), ਨੇਟਲ (Natal), ਔਰੰਜ ਫਰੀ ਸਟੇਟ (Orange Free State) ਅਤੇ ਟ੍ਰਾਂਸਵਾਲ (Transval) ਨੇ ਮਿਲ ਕੇ ਯੂਨੀਅਨ ਆਫ ਸਾਊਥ ਅਫਰੀਕਾ (Union of South Africa) ਬਣਾਇਆ।

1885 ਵਿਚ ਸੇਸਿਲ ਰੋਡੇਜ਼ ਨੇ ਬੇਜੂਆਨਾਲੈਂਡ (Bechaunaland) ਉਪਰ ਸੁਰੱਖਿਅਤ ਰਾਜ ਸਥਾਪਿਤ ਕਰ ਦਿੱਤਾ ਅਤੇ ਉਨ੍ਹਾਂ ਇਲਾਕਿਆਂ ਉਪਰ ਆਪਣਾ ਕਬਜ਼ਾ ਜਮਾ ਲਿਆ ਨੂੰ ਹੁਣ ਰੋਡੋਸ਼ੀਆ (Rhodesia) ਕਰ ਕੇ ਜਾਣਿਆ ਜਾਂਦਾ ਹੈ। 1891 ਵਿਚ ਨਿਯਾਸਾਲੈਂਡ (Nyasaland) ਉਪਰ ਵੀ ਰਖਿਅਕ ਰਾਜ ਕਾਇਮ ਕਰ ਲਿਆ ਅਤੇ ਇਸ ਤਰ੍ਹਾਂ ਬਰਤਾਨਵੀ ਸਾਰਾਜ ਕੇਟ ਟਾਊਨ (Cape Town) ਤੋਂ ਕਾਇਰੋ (Cairo) ਤਕ ਫੈਲ ਗਿਆ।

ਭਾਰਤ ਵਿਚ ਬਰਤਾਨਵੀ ਸਾਮਰਾਜ 1876 ਤਕ ਬਲੋਚਿਸਤਾਨ ਤਕ ਪਹੁੰਚ ਗਿਆ ਸੀ। ਬਰਤਾਨਵੀ ਪ੍ਰਭਾਵ ਹੇਠਾਂ ਅਫਗਾਨਿਸਤਾਨ ਇਕ ਬਫਰ ਸਟੇਟ (Buffer State) ਬਣ ਗਿਆ। 1904 ਵਿਚ ਤਿੱਬਤ ਉਪਰ ਵੀ ਬਰਤਾਨੀਆਂ ਦਾ ਪ੍ਰਭਾਵ ਕਾਇਮ ਹੋ ਗਿਆ। ਜਾਪਾਨ ਦੇ ਹੱਥੋਂ ਰੂਸ ਦੀ ਹਾਰ ਤੋਂ ਬਾਅਦ 1907 ਵਿਚ ਬਰਤਾਨਵੀ-ਰੂਸੀ ਸਮਝੌਤਾ (Anglo Russian Convention 1907) ਹੋ ਗਿਆ ਜਿਸ ਕਾਰਨ ਇਰਾਨ ਨੂੰ ਤਿੰਨ ਖੰਡਾਂ ਵਿਚ ਵੰਡ ਦਿਤਾ ਗਿਆ। ਉਤਰੀ ਖੰਡ ਜੋ ਕਿ ਰੂਸੀ ਪ੍ਰਭਾਵ ਥੱਲੇ ਰਹੇਗਾ, ਦੱਖਣੀ ਖੰਡ, ਜੋ ਕਿ ਬਰਤਾਨਵੀ ਪ੍ਰਭਾਵ ਅਧੀਨ ਰਹੇਗਾ ਅਤੇ ਮੱਧ ਖੰਡ 1886 ਵਿਚ ਭਾਰਤ ਦੀ ਉੱਤਰੀ ਪੂਰਬੀ ਹੱਦ ਉਪਰ ਸਾਰਾ ਬਰਮਾ ਭਾਰਤੀ ਸਾਮਰਾਜ ਦਾ ਹਿੱਸਾ ਬਣ ਗਿਆ। ਮਾਲੇ ਸਟੇਟਸ (Malay State) ਨੌਰਥ ਬੋਰਨਿਓ (North Borneo) ਅਤੇ ਨਿਊ ਗਿਨੀ (New Guinea) ਉਪਰ ਬਰਤਾਨਵੀ ਕਬਜ਼ੇ ਉਪਰੰਤ ਦੱਖਣੀ ਚੀਨੀ ਸਮੁੰਦਰ (South China Sea) ਉਪਰ ਬਰਤਾਨੀਆਂ ਦੀ ਪਕੜ ਹੋਰ ਵੱਧ ਗਈ। ਦੋ ਅਫੀਮੀ ਜੰਗਾਂ (Opium Wars) ਉਪਰੰਤ ਬਰਤਾਨੀਆਂ ਦਾ ਆਰਥਿਕ ਪ੍ਰਭਾਵ ਚੀਨ ਦੇ ਕੁਝ ਹਿੱਸਿਆ ਉਤੇ ਵਧ ਗਿਆ, ਕੈਨਟੋਨ (Canton) ਉਪਰ ਮਜ਼ਬੂਤੀ ਹੋ ਗਈ, ਯਾਂਗਸੇ ਘਾਟੀ (Yangtse Valley) ਉਪਰ ਪ੍ਰਭਾਵ ਵਧਾ ਲਿਆ, ਹਾਂਗਕਾਗ ਉਪਰ ਕਬਜ਼ਾ ਕਰ ਲਿਆ ਅਤੇ ਚੀਨ ਜਾਪਾਨ ਜੰਗ ਉਪਰੰਤ ਉਸ ਨੂੰ ਚੀਨ ਦਾ ਪ੍ਰਾਂਤ ਵੇ-ਹਾਈ-ਵੇ (Wei-Hai-Wei) ਪ੍ਰਾਪਤ ਹੋ ਗਿਆ। ਪਹਿਲੇ ਵਿਸ਼ਵ ਯੁੱਧ, ਉਪਰੰਤ ਜਦੋਂ ਕਿ ਜਰਮਨੀ ਅਤੇ ਉਸ ਦੇ ਸਾਥੀ ਦੇਸ਼ ਹਾਰ ਗਏ ਤਾਂ ਬਰਤਾਨੀਆਂ ਨੂੰ ਆਪਣਾ ਸਾਮਰਾਜ ਵਧਾਉਣ ਲਈ ਵੋਟ ਦਾ ਨਵਾਂ ਤਰੀਕਾ ਮਿਲ ਗਿਆ। ਬਰਤਾਨਵੀ ਸਾਮਰਾਜ ਵਿਚ ਹਰ ਜਾਤੀ, ਬੋਲੀ, ਸਭਿਅਤਾ ਦੇ ਲੋਕਾਂ ਦਾ ਸਮੂਹ ਸੀ। ਬਰਤਾਨਵੀ ਸਾਮਰਾਜ ਦੇ ਵਾਧੇ ਲਈ ਕੋਈ ਨਿਸਚਿਤ ਯੋਜਨਾ ਨਹੀਂ ਸੀ ਬਲਕਿ ਹਰ ਥਾਂ ਉਤੇ ਵੱਖ ਵੱਖ ਸਥਿਤੀਆਂ ਵਿਚ ਵੱਖ ਵੱਖ ਯੋਜਨਾਂਵਾਂ ਅਪਣਾਈਆਂ ਗਈਆਂ।

## (ਅ) ਫਰਾਂਸੀਸੀ ਬਸਤੀਵਾਦ (The French Colonial Enterprise)

ਫਰਾਂਸ ਕਰੂਸੇਡਸ (Crusades) ਦੇ ਸਮੇਂ ਤੋਂ ਅਪਣੇ ਵਾਧੇ ਦੀ ਨੀਤੀ ਪ੍ਰਤਿ ਚੇਤੰਨ ਸੀ ਪ੍ਰੰਤੂ ਨੈਪੋਲੀਅਨ ਬੋਨਾਪਾਰਟ ਦੇ ਸਮੇਂ ਵਿਚ ਆ ਕੇ ਇਹ ਇਛਾ ਬਹੁਤ ਪ੍ਰਬਲ ਹੋ ਗਈ। ਉਸ ਦੀ 1798 ਦੀ ਮਿਸਰ ਵਿਚ ਮੁਹਿੰਮ ਫੇਲ ਹੋ ਗਈ। ਵਾਟਰਲੂ (Waterloo) ਉਪਰੰਤ ਫਰਾਂਸ ਨੇ ਸਾਮਰਾਜਵਾਦ ਦੀ ਨੀਹ ਰੱਖੀ। ਪਹਿਲੇ ਵਿਸ਼ਵ ਯੁੱਧ ਸਮੇਂ ਇਹ ਬਰਤਾਨੀਆਂ ਤੋਂ ਵੀ ਅੱਗੇ ਸੀ। 1830 ਵਿਚ ਉਸ ਨੇ ਅਲਜੀਰੀਆ (Algeria) ਨੂੰ ਹਾਸਲ ਕਰ ਲਿਆ ਜਦੋਂ ਕਿ ਪੈਰਿਸ ਵਿਚ ਬੂਰਬਨ ਬਾਦਸ਼ਾਹਤ (Bourbon Monarchy) ਦਾ ਪਤਨ ਹੋਇਆ। ਲੂਈਸ ਫਿਲਿਪ (1830-1848) ਦੇ ਰਾਜ ਸਮੇਂ 1847 ਵਿਚ ਇਸ ਨੇ ਜਿੱਤਾਂ ਦਾ ਦੌਰ ਪੂਰਾ ਕਰ ਲਿਆ। ਦੂਜੇ ਰਾਜ (Second Empire) ਸਮੇਂ ਨੈਪੋਲੀਅਨ ਤੀਜੇ ਨੇ ਅਲਜੀਰੀਆ ਨੂੰ ਅਪਣੇ ਰਾਜ ਵਿਚ ਮਿਲਾ ਲਿਆ। ਹੌਲੀ ਹੌਲੀ ਫਰਾਂਸ ਨੇ ਸਹਾਰਾ ਰੇਗਿਸਤਾਨ (Sahara Desert) ਨੂੰ ਅਧੀਨ ਕਰ ਲਿਆ।

ਅਸਲ ਵਿਚ 1870-71 ਵਿਚ ਜਰਮਨੀ ਹਥੋਂ ਫਰਾਂਸ ਦੀ ਹਾਰ ਉਪਰੰਤ ਇਸ ਨੇ ਆਪਣੇ ਅਲਸਾਸ ਅਤੇ ਲੋਰੇਨ (Alssace and Lorraine) ਦੇ ਇਲਾਕੀਆਂ ਬਦਲੇ ਅਫਰੀਕਾ ਵਿਚ ਮੁਆਵਜ਼ਾ ਮੰਗਣਾ ਸ਼ੁਰੂ ਕਰ ਦਿੱਤਾ। ਬਿਸਮਾਰਕ ਵੀ ਇਹੀ ਚਾਹੁੰਦਾ ਸੀ ਕਿ ਫਰਾਂਸ ਅਪਣਾ ਧਿਆਨ ਯੂਰਪ ਵਲੋਂ ਮੋੜ ਲਵੇ। 1881 ਵਿਚ ਟੁਨੇਸ਼ੀਆਂ (Tunisia) ਉਪਰ ਫਰਾਂਸ ਦਾ ਰਖਿਅਕ ਰਾਜ (Protectorate) ਹੋ ਗਿਆ। ਪਹਿਲੇ ਵਿਸ਼ਵ ਯੁੱਧ ਸਮੇਂ ਫਰਾਂਸ ਦੇ ਅਧੀਨ ਅਫਰੀਕਾ ਦੇ ਅਲਜੀਰੀਆ ਨਿਊਨਿਸ, ਸੈਨੇਗਿਲ (Senegal), ਗੁਆਨਾ (Guinea) ਦੀ ਆਈਵਰੀ ਕੋਸਟ (The Ivory Coast), ਦਾਹੋਮੇ (Dahomey), ਮੋਰੀਤਾਨੀਆ (Mauritinia) ਉਪਰਲਾ ਸੈਨੇਗਿਲ (Upper Senegal), ਨਾਈਜਰ (Niger), ਫਰੈਂਚ ਇਕਟੋਰੀਅਨ ਅਫਰੀਕਾ (French Equatorial Africa), ਮੈਡਗਾਸਕਰ (Madagascar) ਅਤੇ ਮਰਾਕੋ (Moracco) ਆਦਿ ਇਲਾਕੇ ਸਨ। ਅਫਰੀਕਾ ਵਿਚ ਫਰਾਂਸ ਅਧੀਨ ਖੇਤਰਾਂ ਬਰਤਾਨੀਆਂ ਨਾਲੋਂ ਵੀ ਵੱਧ ਸਨ। ਡਾਰਕ ਕਾਨਟੀਨੇਂਟ (Dark Continent) ਦੇ ਸੰਘਰਸ਼ ਨੇ ਫਰਾਂਸ ਨੂੰ ਅਫਰੀਕਾ ਵਿਚ ਯੂਰਪ ਦੀਆਂ ਸਭ ਤਾਕਤਾਂ ਨਾਲੋਂ ਸਾਮਰਾਜਵਾਦੀ ਬਣਾ ਦਿਤਾ ਸੀ ਅਤੇ ਉਹ ਵੀ ਮੁਲਕ ਦੇ ਨਾਲ ਲਗਦੇ ਇਲਾਕਿਆ ਵਿਚ।

ਏਸ਼ੀਆ ਵਿਚ ਫਰਾਂਸ ਦੇ ਸਾਮਰਾਜਵਾਦ ਦਾ ਮਹੱਤਵ ਘੱਟ ਨਹੀਂ ਸੀ। 19ਵੀਂ ਸਦੀ ਦੇ ਅਧ ਵਿਚ ਏਸ਼ੀਆ ਵਿਚ ਫਰਾਂਸ ਅਧੀਨ ਲਗਭਗ 200 ਵਰਗ ਮੀਲ ਦਾ ਇਲਾਕਾ ਸੀ ਜਿਸ ਵਿਚ ਘੱਟੋ ਘੱਟ 5 ਛੋਟੀਆਂ ਬੰਦਰਗਾਹਾਂ ਸ਼ਾਮਲ ਹਨ ਜਿਹੜੀਆਂ ਕਿ ਬੰਗਾਲ ਦੀ ਖਾੜੀ ਵਿਚ ਸਥਿਤ ਸਨ ਅਤੇ ਉਨ੍ਹਾਂ ਵਿਚੋਂ ਸੱਭ ਤੋਂ ਮਹੱਤਵਪੂਰਨ ਪਾਂਡੀਚਰੀ ਦੀ ਬੰਦਰਗਾਹ ਸੀ। 1845-1896 ਤਕ ਇੰਡੋ-ਚਾਇਨਾ (Indo-China), ਕਾਮਬੋਡੀਆ (Cambodia), ਅਨਾਮ (Annam) ਅਤੇ ਟੋਨਕਿੰਗ (Tonking) ਫਰਾਂਸ ਦੇ ਅਧੀਨ ਆ ਗਏ। ਚੀਨੀ ਸਰਕਾਰ ਜੋ ਕਿ ਇਨ੍ਹਾਂ ਉਪਰ ਅਪਣਾ ਕਬਜ਼ਾ ਦਸਦੀ ਸੀ ਨੂੰ ਇਹ ਛੱਡਣ ਉਤੇ ਮਜ਼ਬੂਰ ਕਰ ਦਿੱਤਾ ਗਿਆ। ਇਹ ਸਮਝੌਤੇ ਦੁਆਰਾ ਬਰਤਾਨੀਆਂ ਅਤੇ ਫਰਾਂਸ ਨੇ ਸਿਆਮ (Siam) ਨੂੰ ਆਜ਼ਾਦ ਦੇਸ਼ ਮਨ ਲਿਆ ਜੋ ਬਰਤਾਨਵੀ ਬਰਮਾ ਅਤੇ, ਫਰਾਂਸੀਸੀ ਇੰਡੋ-ਚਾਈਨਾ ਵਿਚਕਾਰ ਬਫਰ ਰਾਜ (Buffer State) ਰਹੇਗਾ। ਫਰਾਂਸ ਨੇ ਚੀਨ ਵਿਚ ਵੀ ਹਿੱਸਾ ਲਿਆ। ਜਿਸ ਦੇ ਨਤੀਜੇ ਵਜੋਂ 1819 ਵਿਚ ਹਨਾਨ (Hanna) ਦੇ ਟਾਪੂ ਨੇੜੇ ਕਵਾਂਗਚੋ (Kwangchow) ਨੂੰ ਪ੍ਰਾਪਤ ਕਰ ਲਿਆ।

ਇਸ ਤਰ੍ਹਾਂ ਨਵੇਂ ਸਾਮਰਾਜਵਾਦ ਦੇ ਨਾਂ ਥਲੇ ਫਰਾਂਸ ਨੇ ਅਫਰੀਕਾ ਅਤੇ ਏਸ਼ੀਆ ਵਿਚ ਅਪਣੀ ਬਸਤੀਆਂ ਸਥਾਪਿਦ ਗਰ ਲਈਆਂ।

## (ਏ) ਰੂਸੀ ਸਾਮਰਾਜ ਦੇ ਸਪੁਨੇ (The Russian Imperialistic Dreams)

ਰੂਸੀ ਸਾਮਰਾਜ, ਰੂਸੀ ਕੌਮੀਵਾਦ ਦੀ ਉਪਜ ਸੀ। ਜ਼ਾਰ (Czar) ਨੇ ਇਸ ਨੂੰ ਇਸ ਲਈ ਆਰੰਭਿਆ ਤਾਂ ਜੋ ਉਸ ਦੇ ਲੋਕਾਂ ਦਾ ਧਿਆਨ ਯੂਰਪ ਦੇ ਉਦਾਰਤਾਵਾਦ (Liberalism) ਅਤੇ ਕਰੀਮੀਆ ਦੀ ਜੰਗ (Crimean War) ਵਿਚ ਬੇ ਇਜ਼ਤੀ ਭਰੀ ਹਾਰ ਤੋਂ ਹਟ ਕੇ ਦੂਜੇ ਪਾਸੇ ਲੱਗ ਜਾਵੇ। ਇਸ ਸਮੇਂ ਦੇ ਦੌਰਾਨ ਰੂਸ ਨੇ ਹੈਰਾਨੀ ਜਨਕ ਆਪਣੇ ਸਾਮਰਾਜ ਵਿਚ ਵਾਧਾ ਕੀਤਾ ਅਤੇ ਅਪਣੇ ਅਧੀਨ ਪੋਲੈਂਡ, ਫਿਨਲੈਂਡ, ਕਕੇਸੀਅਨ ਪ੍ਰਾਂਤ (Caucasian Provinces) ਮੱਧ ਏਸ਼ੀਆ, ਖਾਨੇਟਸ (Khanates) ਤੁਰਕਿਸਤਾਨ (Turkistan) ਅਮਰ ਪ੍ਰਾਂਤ (Amur Province) ਅਤੇ ਸ਼ਾਖਾਲਿਨ (Sakhalin) ਦਾ ਅੱਥਾ ਇਲਾਕਾ ਕਰ ਲਿਆ। ਰੂਸ ਦੇ ਤੁਰਕਿਸਤਾਨ, ਮਾਨਚੂਰੀਆ (Manchuria) ਅਤੇ ਇਰਾਨ ਦੇ ਵਿਚ ਵਾਧੇ ਨੇ ਬਰਤਾਨੀਆਂ ਨੂੰ ਚਿੰਤਤ ਕਰ ਦਿੱਤਾ। ਇਹ ਹਮੇਸ਼ਾ ਮੱਧ ਪੂਰਬ ਵਿਚ ਰੂਸ ਦੇ ਵਾਧੇ ਦੀ ਵਿਰੋਧਤਾ ਕਰਦਾ ਸੀ। ਬਰਤਾਨੀਆਂ ਨੇ ਰੂਸ ਦੀ ਈਰਾਨ ਅਤੇ ਅਫਗਾਨਿਸਤਾਨ ਵਿਚ ਵਾਧੇ ਦੀ ਵਿਰੋਧਤਾ ਕੀਤੀ। ਉਨ੍ਹਾਂ ਨੇ 1878 ਵਿਚ ਬਰਲਿਨ ਦੀ ਕਾਨਫਰੰਸ ਵਿਚ ਰੂਸ ਦੀ ਤੁਰਕੀ ਉਪਰ ਮੰਗ ਦੀ ਵੀ ਵਿਰੋਧਾ ਕੀਤੀ। ਚੀਨ ਵਿਚ ਰੂਸ ਦੇ ਪ੍ਰਭਾਵ ਨੂੰ ਰੋਕਣ ਲਈ ਵੀ ਬਰਤਾਨੀਆ ਨੇ ਕਈ ਕਦਮ ਚੁੱਕੇ। ਰੂਸ ਦੀ ਇਸ ਸਾਮਰਾਜਵਾਦ ਦੀ ਨੀਤੀ ਕਾਰਨ ਹੀ 1904-

05 ਵਿਚ ਮਨਚੂਰੀਆ ਅਤੇ ਕੋਰੀਆ ਉਪਰ ਅਧਿਕਾਰ ਨੂੰ ਲੈ ਕੇ ਰੂਸ–ਜਪਾਨੀ ਜੰਗ ਹੋਈ। 1907 ਦੀ ਬਰਤਾਨਵੀ ਰੂਸ ਸੰਧੀ ਨੇ ਈਰਾਨ ਨੂੰ ਤਿੰਨ ਖੇਤਰਾਂ ਵਿਚ ਵੰਡ ਦਿਤਾ ਅਤੇ ਰੂਸ ਦੇ ਪ੍ਰਭਾਵ ਵਾਲੇ ਇਲਾਕੇ ਨਿਸਚਿਤ ਕਰ ਦਿੱਤੇ। ਰੂਸ ਦੇ ਵਲੋਂ ਬਲਕਾਨ ਦੇ ਵਿਚ ਘੁਸਪੇਠ ਦੇ ਨਵੇਂ ਤਨਾਅ ਨੂੰ ਪੈਦਾ ਕਰ ਦਿੱਤਾ ਜਿਸ ਦੇ ਨਤੀਜੇ ਵਜੋਂ ਪਹਿਲਾ ਵਿਸ਼ਵ ਯੁੱਧ ਸਾਹਮਣੇ ਆਇਆ।

## (ਸ) ਜਰਮਨੀ ਵੀ ਸਾਮਰਾਜਵਾਦ ਦੀ ਦੌੜ ਵਿਚ ਸ਼ਾਮਲ (Germany joins the race for Empire)

ਜਰਮਨੀ ਅਤੇ ਇਟਲੀ ਵੀ ਏਕੀਕਰਨ (Unifications) ਪਿਛੋਂ ਸਾਮਰਾਜਵਾਦ ਦੀ ਦੋੜ ਵਿਚ ਸ਼ਾਮਲ ਹੋ ਗਏ। ਜਦੋਂ ਕਿ ਦੂਜੀਆਂ ਯੂਰਪੀ ਤਾਕਤਾਂ ਆਪਣੀਆਂ-ਆਪਣੀਆਂ ਬਸਤੀਆਂ ਵਧਾਉਣ ਲਈ ਲੜ ਰਹੀਆਂ ਸਨ, ਜਰਮਨੀ ਨੇ ਆਪਣੇ ਆਪ ਨੂੰ ਮੱਧ ਯੂਰਪੀ ਰਾਜਨੀਤੀ (Central European Politics) ਵਿਚ ਮਸਰੂਫ ਰਖਿਆ। 1871 ਵਿਚ ਜਰਮਨ ਦੀ ਪੂਰਣ ਏਕਤਾ ਹੋ ਜਾਣ ਦੇ ਬਾਵਜੂਦ ਔਟੋ ਵਾਨ ਬਿਸਮਾਰਕ (Otto Von Bismarck) ਨੇ ਸਪਸ਼ਟ ਕੀਤਾ ਕਿ ਜਰਮਨੀ ਬਸਤੀਆਂ ਪਿਛੇ ਨਹੀਂ ਦੋੜੇਗਾ। ਉਸ ਦੇ ਲਈ ਜਰਮਨੀ ਇਕ ਸੰਤੁਸ਼ਟ ਰਾਜ ਸੀ ਜਿਸ ਵਿਚ ਸਾਮਰਾਜਵਾਦ ਦੀ ਕੋਈ ਭੁੱਖ ਨਹੀਂ ਸੀ। ਉਸ ਦੇ ਖ਼ਿਆਲ ਅਨੁਸਾਰ ਬਸਤੀਆਂ ਦੀ ਦੋੜ ਵਿਚ ਸ਼ਾਮਲ ਹੋਣ ਦਾ ਭਾਵ ਬਰਤਾਨੀਆਂ ਦੀ ਨਾਰਾਜ਼ਗੀ ਲੈਣੀ ਸੀ ਕਿਉਂਕਿ ਬਰਤਾਨੀਆਂ ਹੀ ਉਸ ਸਮੇਂ ਇਸ ਕੰਮ ਵਿਚ ਪ੍ਰਮੁੱਖ ਸੀ। ਇਸ ਲਈ ਉਹ ਜਰਮਨੀ ਨੂੰ ਇਸ ਕੰਮ ਵਿਚ ਉਲਝਾਉਣਾ ਨਹੀਂ ਸੀ ਚਾਹੁੰਦਾ। ਪਰੰਤੂ ਜਰਮਨੀ ਵਲੋਂ ਤੇਜ਼ੀ ਨਾਲ ਉਦਯੋਗਾਂ ਵਿਚ ਵਿਕਾਸ ਅਤੇ ਵਾਧਾ ਅਤੇ ਸਮੁੰਦਰੀ ਤਾਕਤ ਦੀ ਮਜ਼ਬੂਤੀ ਉਸ ਨੂੰ ਬਸਤੀਆਂ ਪ੍ਰਤਿ ਭੀ ਤਿਆਰ ਕਰ ਰਹੀ ਸੀ। ਜਰਮਨੀ ਦੇ ਲੋਕਾਂ ਵਿਚ ਵਪਾਰਕ ਨੁਕਤਾ ਨਿਗਾਹ ਤੋਂ ਬਸਤੀਆਂ ਲਈ ਇੱਛਾ ਜਾਗ੍ਰਿਤ ਹੁੰਦੀ ਚਲੀ ਗਈ। ਇਕ ਸਮੇਂ ਉਤੇ ਆ ਕੇ ਇਹ ਜ਼ਰੂਰੀ ਹੋ ਗਿਆ ਕਿ ਕੱਚੇ ਮਾਲ ਲਈ ਅਤੇ ਵਾਧੂ ਪੂੰਜੀ ਨੂੰ ਲਗਾਉਣ ਲਈ ਮੰਡੀਆਂ ਲਭੀਆਂ ਜਾਣ। ਜ਼ਰਮਨੀ ਵੱਡੇ ਸਾਮਰਾਜ ਅਤੇ ਤਕੜੀ ਨੇਵੀ ਰਖ ਕੇ ਆਪਣੇ ਆਪ ਨੂੰ ਮਹਾਨ ਸਾਮਰਾਜ ਅਖਵਾਉਣ ਦਾ ਇੱਛੁਕ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਰਮਨੀ ਵੀ ਅਫਰੀਕਾ ਵਲ ਵਧਣ ਲਗਾ। 1884 ਤੋਂ 1890 ਦੇ ਵਿਚਕਾਰ ਜਰਮਨ ਦੇ ਜਰਮਨ ਸਾਊਥ ਵੇਸਟ ਅਫਰੀਕਾ (German South West Africa), ਜਰਮਨ ਈਸਟ ਅਫਰੀਕਾ (German East Africa) ਟੋਂਗੋਲੈਂਡ (Togo Land) ਅਤੇ ਕੰਮਰੋਨ (Cameroon) ਉਪਰ ਕਬਜ਼ਾ ਕਰ ਲਿਆ। 1895-95 ਦੀ ਚੀਨੀ ਸਾਨ-ਜਾਪਾਨੀ ਲੜਾਈ ਉਪਰੰਤ ਜਦੋਂ ਚੀਨ ਵਿਚ ਰਿਆਇਤਾਂ ਲਈ ਜੰਗ ਛਿੜੀ ਤਾਂ ਜਰਮਨੀ ਨੇ ਵੀ ਇਸ ਵਿਚ ਦਾਖ਼ਲ ਹੋ ਸ਼ਾਨ-ਤੁੰਗ (Shantung) ਨੂੰ ਹਾਸਲ ਕਰ ਲਿਆ ਅਤੇ ਚੀਨ ਤੋਂ ਕਿਆ ਚੋਵ (Kiao Chow) ਵੀ ਪ੍ਰਾਪਤ ਕਰ ਲਿਆ। 1884 ਵਿਚ ਨਿਊ ਗਾਇਨਾ (New Guinea) ਦੇ ਟਾਪੂ ਦਾ ਕੁਝ ਹਿੱਸਾ ਜਰਮਨੀ ਦੀ ਸੁਰਖਿਆ ਹੇਠ ਪ੍ਰਵਾਨ ਕਰ ਲਿਆ ਗਿਆ। 1899 ਵਿਚ ਦੋ ਵੱਡੇ ਸਾਮੋਆਂ ਟਾਪੂ (Samoan Islands) ਪ੍ਰਾਪਤ ਕਰ ਲਏ। ਇਸੇ ਸਾਲ ਦੌਰਾਨ ਇਸ ਨੇ ਸਾਂਤ ਮਹਾਂਸਾਗਰ ਦੇ ਇਲਾਕੇ ਵਿਚਲੇ ਕੋਰੇਲਾਈਨ ਟਾਪੂਆਂ ਦਾ ਸਮੂਹ (Caroline group of Islands) ਸਪਨੇ ਤੋਂ ਖਰੀਦ ਲਏ ਉਨ੍ਹਾਂ ਨੇ ਜਰਮਨੀ ਦੀ ਵਧ ਰਹੀ ਨੇਵੀ ਵਾਸਤੇ ਟਿਕਾਣੇ ਅਤੇ ਕੋਲੇ ਦੇ ਭੰਡਾਰ ਮਹੁੱਈਆ ਕੀਤੇ। ਪਹਿਲੇ ਵਿਸ਼ਵ ਯੁੱਧ ਦੇ ਪਹਿਲੇ ਦਹਾਕੇ ਜਰਮਨੀ ਵਲੋਂ ਮਰਾਕੋ ਵਿਚ ਉਚਤਾ ਹਾਸਲ ਕਰਨ ਦੀ ਇੱਛਾ ਕਾਰਨ ਮਰਾਕੋ ਸੰਕਟ ਹੋਇਆ। ਇਸ ਤਰ੍ਹਾਂ ਕੈਸਰ ਵਿਲੀਅਮ ਦੂਜੇ ਦੀ ਅਗਵਾਈ ਹੇਠਾਂ ਜਰਮਨੀ ਨੇ ਸਾਮਰਾਜਵਾਦ ਦੇ ਨਵੇਂ ਯੁੱਗ ਵਿਚ ਕਦਮ ਰਖੇ। ਜੰਗ ਵਿਚ ਹਾਰ ਦੇ ਪਿਛੋਂ ਜਰਮਨੀ ਕੋਲੋਂ ਰਾਸ਼ਟਰ ਸੰਘ ਦੇ ਰਾਹੀ ਵੋਟਾ ਕਰਾ ਕੇ ਉਸ ਦੀਆਂ ਬਸਤੀਆਂ ਖੋਹ ਲਈਆਂ ਗਈਆਂ।

## (ਹ) ਇਟਲੀ ਦਾ ਵੱਧਣਾ (Italian Dreams for Expansion)

1870 ਵਿਚ ਇਟਲੀ ਦੇ ਏਕੀਕਰਣ ਹੋ ਜਾਣ ਪਿਛੋਂ ਪੁਰਾਣੀਆਂ ਵੰਡੀਆਂ ਤਾਕਤਾਂ ਵਾਂਗ ਉਹ ਸਾਮਰਾਜਵਾਦ ਦੇ ਸੁਪਨੇ ਲੈਣ ਲੱਗਾ। ਇਟਲੀ ਦੇ ਭੂਮਧ ਸਾਗਰ ਤੋਂ ਪਰੇ ਅਤੇ ਅਫਰੀਕਾ ਵਿਚ ਚਾਰ ਖੇਤਰਾਂ ਉਪਰ ਕਬਜ਼ੇ

ਦੀਆਂ ਕੋਸ਼ਿਸ਼ਾਂ ਆਰੰਭੀਆਂ ਪ੍ਰੰਤੂ ਉਸ ਦੀਆਂ ਪਹਿਲੀਆਂ ਕੋਸ਼ਿਸ਼ਾਂ ਨੂੰ ਫਰਾਂਸ ਨੇ ਨਾਕਾਮ ਬਣਾ ਦਿਤਾ। 1885 ਵਿਚ ਲਾਲ ਸਮੁੰਦਰ (Red Sea) ਦੇ ਕੰਢੇ ਉਪਰ ਮਾਸੋਵਾ (Massova) ਬਸਤੀ ਸਥਾਪਿਤ ਕਰਨ ਪਿਛੋਂ ਇਟਲੀ ਨੇ ਐਬੇਸੋਨੀਆਂ (Abyssinia) ਨੂੰ ਅਧੀਨ ਲਿਆਉਣ ਦੀ ਕੋਸ਼ਿਸ਼ ਕੀਤੀ ਫੇਰ ਵੀ ਇਟਲੀ ਆਪਣੇ ਗੁਆਂਢ ਦੇ ਖੇਤਰਾਂ ਇਟਾਲੀਅਨ ਸੋਮਾਲੀਲੈਂਡ (Italian Somaliland) ਅਤੇ ਏਰੀਟ੍ਰੀਆ (Eritrea) ਰਖਣ ਵਿਚ ਕਾਮਯਾਬ ਹੋ ਗਿਆ। 1911-12 ਵਿਚ ਤੁਰਕੀ ਨਾਲ ਜੰਗ ਦੇ ਦੌਰਾਨ ਤ੍ਰਿਪੋਲੀ (Tripoli) ਅਤੇ ਸਾਈਰੈਨਿਕ (Cyrenica) ਦੇ ਇਲਾਕੇ ਅਪਣੇ ਕਬਜ਼ੇ ਵਿਚ ਕਰ ਲਏ। ਇਟਲੀ ਨੂੰ ਇਸ ਗੱਲ ਦਾ ਮਾਣ ਸੀ ਕਿ ਉਹ ਵੀ ਬਸਤੀਆਂ ਵਾਲਾ ਹੈ। ਉਸ ਨੇ ਇਸ ਦਾ ਨਾਮ ਲੀਬੀਆ (Libya) ਰੱਖਿਆ।

## (ਕ) ਘੱਟ ਯੂਰਪੀ ਤਾਕਤਾਂ ਦੇ ਬਸਤੀਆਂ ਪ੍ਰਤੀ ਉਦਮ

**(Colonial Ventures of Lesser European Powers)**

ਘੱਟ ਯੂਰਪੀ ਤਾਕਤਾਂ ਜਿਨ੍ਹਾਂ ਵਿਚੋਂ ਪੁਰਤਗਾਲੀਆਂ ਨੂੰ ਅੰਗੋਲਾ (Angola) ਅਤੇ ਮੁਜਾਮਬਿਕ (Mozambique) ਰੱਖਿਅਕ ਸ਼ਾਸਨ ਪ੍ਰਾਪਤ ਹੋ ਗਿਆ। 1908 ਵਿਚ ਬੈਲਜ਼ੀਅਮ ਨੇ ਕੋਗੋਂ (Congo) ਨੂੰ ਆਪਣੇ ਰਾਜ ਵਿਚ ਬਸਤੀ ਦੇ ਤੌਰ ਤੇ ਮਿਲਾ ਲਿਆ। ਸਪੇਨ ਦਾ ਗੋਆਨਾ ਦੇ ਕੁੱਝ ਹਿੱਸੇ ਉਪਰ ਰਖਿਅਕ ਸ਼ਾਸ਼ਨ ਹੋ ਗਿਆ ਜਿਹੜਾ ਕਿ ਜਿਬਰਾਲਟਰ ਦੇ ਦੂਜੇ ਪਾਸੇ ਉੱਤਰ ਪੱਛਮੀ ਦਰਿਆ ਦੇ ਕੰਢੇ ਉਤੇ ਸੀ। ਇਸ ਤੋਂ ਇਲਾਵਾ ਮਰਾਕੋ ਦੇ ਛੋਟੇ ਜਿਹੇ ਟੁਕੜੇ ਉਪਰ ਫਰਾਂਸ ਦੀ ਸੰਧੀ ਰਹੀ ਅਧਿਕਾਰ ਪ੍ਰਾਪਤ ਹੋ ਗਿਆ।

## (ਖ) ਅਮਰੀਕੀ ਸਾਮਰਾਜਵਾਦ (American Imperalism on the March)

19ਵੀਂ ਸਦੀ ਦੇ ਦੂਜੇ ਹਿੱਸੇ ਭਾਵ ਅੱਧ ਤੋਂ ਅਮਰੀਕੀ, ਉਦਯੋਗ ਵਪਾਰ, ਰੇਲਾਂ ਅਤੇ ਵਿਦੇਸ਼ੀ ਦੇ ਵਿਕਾਸ ਨੂੰ ਦੇਖਿਆ। ਯੂਰਪੀ ਤਾਕਤਾਂ ਦੀ ਤਰ੍ਹਾਂ ਅਮਰੀਕਾ ਦਾ ਧਿਆਨ ਵੀ ਵਿਸਤਾਰ ਅਤੇ ਸਾਮਰਾਜਵਾਦ ਵੱਲ ਗਿਆ। 19ਵੀਂ ਸਦੀ ਦੇ ਅੰਤਕ ਤਕ ਅਮਰੀਕਾ ਦੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਸਨ ਅਤੇ ਸਮੁੱਚੀ ਜ਼ਮੀਨ ਸ਼ਾਂਤ ਮਹਾਂਸਾਗਰ ਤਕ ਸਥਾਪਿਤ (Settled) ਹੋ ਚੁੱਕੀ ਹੈ। ਅਮਰੀਕਾ ਨੇ ਬਹੁਤ ਤੇਜ਼ੀ ਨਾਲ ਵਾਧਾ ਕੀਤਾ। ਉਸ ਨੇ 1819 ਵਿਚ ਸਪਨੇ ਤੋਂ ਫਲੋਰੀਡਾ (Florida) ਖਰੀਦ ਲਿਆ, 1845 ਵਿਚ ਸੰਧੀ ਰਾਹੀ ਟੇਕਸਾਸ ਅਤੇ ਉਰੀਗੋਂਨ (Texas and Oregon) ਪ੍ਰਾਪਤ ਕਰ ਲਏ ਅਤੇ 1846 ਦੀ ਅਮਰੀਕਾ-ਮੈਕਸੀਕੋ ਜੰਗ ਦੇ ਕਾਰਨ ਮੈਕਸੀਕੋ ਅਤੇ ਕੈਲੀਫੋਰਨੀਆਂ ਪ੍ਰਾਪਤ ਕਰ ਲਏ। ਸਿਵਿਲ ਵਾਰ (Civil War) ਉਪਰੰਤ ਅਮਰੀਕਾ ਨੇ 1867 ਵਿਚ ਰੂਸ ਤੋਂ ਅਲਾਸਕਾ (Alaska) ਖ਼ਰੀਦ ਲਿਆ ਅਤੇ ਇਸ ਨੂੰ ਆਪਣਾ ਖੇਤਰ (Territory) ਸਥਾਪਿਤ ਕਰ ਦਿੱਤਾ। 1853 ਵਿਚ ਅਮਰੀਕਾ ਵਲੋਂ ਜਾਪਾਨ ਨੂੰ ਖੋਲ੍ਹਣ (Open) ਦੇ ਯਤਨ ਅਮਰੀਕਨ ਆਰਥਿਕ ਵਿਕਾਸ ਦੇ ਕਾਰਨ ਸੀ। ਸ਼ਾਂਤ ਮਹਾਂਸਾਗਰ ਵਿਚ 1889 ਵਿਚ ਅਮਰੀਕਾ ਨੇ (Part of Samoa) ਉਪਰ ਜਰਮਨੀ ਅਤੇ ਬਰਤਾਨੀਆਂ ਦੇ ਨਾਲ ਨਾਲ ਆਪਣ ਰੱਖਿਅਕ ਰਾਜ ਵੀ ਸਥਾਪਿਤ ਕਰ ਲਿਆ। ਉਸੇ ਸਾਲ ਵਿਚ ਅਮਰੀਕਾ ਨੇ ਹਵਾਈ (Hawai) ਨੂੰ ਆਪਣੇ ਰਾਜ ਨਾਲ ਮਿਲਾ ਲਿਆ। ਅਮਰੀਕਾ-ਸਪੇਨੇਸ਼ ਜੰਗ ਸਮੇਂ ਅਮਰੀਕਾ ਨੇ ਸਾਊਥ ਗੁਆਮ (Gaum) ਫਿਲਪਾਈਨਜ਼ ਅਤੇ ਪਿਉਰਿਟੋ ਰੀਕੋ (Pureto Rico) ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ। ਇਸ ਤਰ੍ਹਾਂ ਅਮਰੀਕਾ ਦੁਨੀਆਂ ਦੀ ਮਹਾਨ ਤਾਕਤ ਬਣ ਗਿਆ। ਕਿਉਂਕਿ ਉਸ ਕੋਲ ਏਸ਼ੀਆ ਅਤੇ ਲੇਟਿਨ ਅਮਰੀਕਾ ਵਿਚ ਬਸਤੀਆਂ ਸਨ। ਉਸ ਨੇ ਲੇਟਿਨ ਅਮਰੀਕਾ ਦੇਸ਼ਾਂ ਉਪਰ ਆਪਣਾ ਆਰਥਿਕ ਰਾਜਨੀਤਕ ਅਧਿਕਾਰ ਜਮਾਂ ਲਿਆ। ਉਸ ਨੇ ਪਨਾਂਮਾ ਨਹਿਰ (Pannama Canal) ਖਰੀਦ ਕੇ ਪੂਰੀ ਕਰ ਦਿੱਤੀ ਅਤੇ ਇਸ ਨਹਿਰ ਉਪਰ ਆਪਣਾ ਅਧਿਕਾਰ ਜਮਾਉਣ ਉਪਰੰਤ ਉਨ੍ਹਾਂ ਨੇ ਲੇਟਿਨ ਅਮਰੀਕਾ ਵਿਚ ਦਖਲ-ਅੰਦਾਜ਼ੀ ਸ਼ੁਰੂ ਕਰ ਦਿੱਤੀ। ਪਹਿਲੇ ਵਿਸ਼ਵ ਯੁੱਧ ਦੇ ਸਮੇਂ ਤਕ ਅਮਰੀਕਾ ਨੇ ਕਿਊਬਾ (Cuba, Haiti), ਡੋਮੀਨੀਕਨ (Dominican Republic) ਅਤੇ ਨਿਕਾਰਾਗਆ (Nicaragua) ਨੂੰ ਆਪਣੇ ਅਧਿਕਾਰ ਵਿਚ ਲਿਆ।

ਇਸ ਨਵੇਂ ਸਾਮਰਾਜਵਾਦ ਦੇ ਨਾਂ ਥਲੇ ਆਰਥਿਕਤਾ, ਵਪਾਰਿਕ ਅਤੇ ਡਾਰਵਿਨ ਦੀ ਥਿਉਰੀ ਦੀ ਆੜ ਲੈ ਕੇ ਅਮਰੀਕਾ ਦੇ ਐਲਫਰਡ ਟੀ. ਮਹਾਨ (Alfred T. Mahan), ਹੈਨਰੀ ਕੇਬੋਟ ਲਾਜ (Henry Cabot Lodge), ਥਿਉਡੋਰ ਰੂਜਵੈਲਟ (Theodore Roosevelt) ਅਤੇ ਜੋਸੀਆਹ ਸਟਰਾਗ (Josiah Strong) ਦੀ ਅਗਵਾਈ ਹੇਠ ਅਗੇ ਹੀ ਅਗੇ ਵਧਦਾ ਚਲਾ ਗਿਆ। ਅਮਰੀਕਾ ਨੇ ਇਸ ਸਾਮਰਾਜਵਾਦ ਦੇ ਵਾਧੇ ਨੂੰ ਇਸ ਦੇ ਵਿਰੋਧੀਆਂ (Anti Imperialist) ਨੇ ਰੋਕਣਾ ਚਾਹਿਆ ਪ੍ਰੰਤੂ ਉਨ੍ਹਾਂ ਨੂੰ ਅਗਾਂਹ ਵਧੂਆ ਨੇ ਦਬਾ ਦਿੱਤਾ। ਇਸ ਤਰ੍ਹਾਂ 1879 ਤੋਂ 1914 ਤਕ ਇਸ ਸਾਮਰਾਜਵਾਦ ਦੇ ਵਗਦੇ ਦਰਿਆ ਵਿਚ ਅਮਰੀਕਾ ਵੀ ਤਾਰੀਆ ਲਾਉਂਦਾ ਰਿਹਾ।

## (ਗ) ਜਾਪਾਨ ਇਕ ਸਾਮਰਾਜਵਾਦ ਤਾਕਤ (Japan as an Imperial Power)

ਨਵੇਂ ਸਾਮਰਾਜਵਾਦ ਦਾ ਇਕ ਸਰਬਵਿਆਪੀ ਗੁਣ ਇਹ ਸੀ ਕਿ ਇਸ ਦਾ ਮੁਖੜਾ ਸਮੁੱਚੀ ਦੁਨੀਆਂ ਵਿਚ ਇਕੋ ਜਿਹਾ ਸੀ। ਜਾਪਾਨ ਹੀ ਇਕ ਅਜਿਹੀ ਏਸ਼ੀਆਈ ਤਾਕਤ ਸੀ। ਜਿਸ ਨੇ ਇਸ ਸਾਮਰਾਜਵਾਦ ਵਿਚ ਹਿੱਸਾ ਪਾਇਆ। 1853 ਵਿਚ ਅਮਰੀਕਾ ਦੇ ਕੋਮੋਡੋਰ ਪੈਰੀ (Commodore Perry) ਵਲੋਂ ਜਾਪਾਨ ਨੂੰ ਖੋਲ੍ਹੇ (Opening) ਜਾਣ ਉਪਰੰਤ ਜਾਪਨਾ ਵਿਚ ਆਧੁਨਿਕ ਅਤੇ ਉਦਯੋਗ ਦਾ ਨਵਾਂ ਯੁੱਗ ਆਰੰਭ ਹੋਇਆ। 1867 ਵਿਚ ਮੈਜ਼ੀ ਰੈਸਟੋਰੇਸਨ (Meiji Restoration) ਦੇ ਨਾਲ ਹੀ ਜਾਪਾਨ ਵਾਧੇ (Expansion) ਦੀ ਸ਼ੁਰੂਆਤ ਹੋਈ। ਜਾਪਾਨ ਨੇ ਕੋਰੀਆ ਵਿਚ ਆਪਣਾ ਪ੍ਰਭਾਵ ਵਧਾਉਣਾ ਸ਼ੁਰੂ ਕਰ ਦਿੱਤਾ। ਜਿਸ ਦਾ ਨਤੀਜਾ 1894-95 ਵਿਚ ਚੀਨੀ-ਜਾਪਾਨੀ ਜੰਗ ਦੇ ਰੂਪ ਵਿਚ ਨਿਕਲਿਆ। ਜਾਪਾਨ ਨੇ ਤੇਜ਼ੀ ਨਾਲ ਫੈਸਲਾ ਕੁੰਨ ਜੰਗ ਜਿੱਤ ਲਈ ਜਿਸ ਦੇ ਫਲਸਰੂਪ ਚੀਨ ਜਾਪਾਨ ਨੂੰ ਲਿਆਓਤੁੰਗ ਪੈਨਿਨਸੁਲਾ (Liaotung Peninsula), ਫੋਰਮੋਸਾ (Formosa) ਅਤੇ ਪੈਸਕਾਡਾਓਰਜ਼ (Pescadores) ਟਾਪੂ ਦੇਣੇ ਮੰਨ ਗਿਆ। ਪ੍ਰੰਤੂ ਯੂਰਪੀ ਤਾਕਤਾਂ ਦੇ ਵਿਰੋਧ ਦੇ ਕਾਰਨ ਲਾਇਓਤੁੰਗ ਪੈਨਿਨਸ਼ੁਲਾ ਜਾਪਾਨ ਨੂੰ ਨਹੀਂ ਮਿਲਿਆ। ਇਸ ਲਈ ਜਾਪਾਨ ਨੇ ਅਪਣੇ ਸਾਮਰਾਜਵਾਦ ਦੇ ਵਾਧੇ ਵਲ ਤਨੋਂ ਮਨੋਂ ਕਦਮ ਚੁੱਕਿਆ। 1902 ਦੀ ਬਰਤਾਨਵੀ-ਜਾਪਾਨੀ ਸੰਧੀ (Anglo Japanese Alliance 1902) ਨੇ ਵੀ ਜਾਪਾਨੀ ਸਾਮਰਾਜਵਾਦ ਨੂੰ ਵਾਧਾਉਣ ਵਿਚ ਮਦਦ ਕੀਤੀ। 1904-05 ਵਿਚ ਜਾਪਾਨ-ਰੂਸੀ ਜੰਗ ਦੇ ਨਤੀਜੇ ਵਜੋਂ ਜਾਪਾਨ ਦੀ ਤਾਕਤ ਅਤੇ ਇਜ਼ਤ ਵਧ ਗਈ। ਪੋਰਟਸਮਾਉਥ ਦੀ ਸੰਧੀ (Treaty of Portsmouth) ਅਨੁਸਾਰ ਜਾਪਾਨ ਨੂੰ ਮਨਚੂਰੀਆ ਅਤੇ ਸਾਖਾਲਿਨ (Sakhalin) ਦਾ ਦੱਖਣੀ ਭਾਗ ਮਿਲ ਗਿਆ ਅਤੇ ਇਸ ਦੇ ਨਾਲ ਹੀ ਜਾਪਾਨ ਦਾ ਕੋਰੀਆ ਉਪਰ ਪ੍ਰਭਾਵ ਵਧ ਗਿਆ। 1910 ਵਿਚ ਜਾਪਾਨ ਨੇ ਕੋਰਿਆ ਨੂੰ ਰਸਮੀ ਤੌਰ ਤੇ ਆਪਣੇ ਰਾਜ ਵਿਚ ਮਿਲਾ ਲਿਆ। ਪਹਿਲੇ ਵਿਸ਼ਵ ਯੁੱਧ ਦੇ ਸਮੇਂ ਜਾਪਾਨ ਨੇ ਚੀਨ ਦੀ ਕਮਜ਼ੋਰੀ ਦਾ ਫਾਇਦਾ ਉਠਾਂਦੇ ਹੋਏ, ਜਰਮਨੀ ਨਾਲ ਜੰਗ ਦਾ ਐਲਾਨ ਕਰ ਦਿਤਾ ਅਤੇ ਚੀਨ ਦਾ ਸ਼ਾਨਤੁੰਗ ਦਾ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ। ਕਿਉਂਕਿ ਇਹ ਇਲਾਕਾ ਜਰਮਨੀ ਦੇ ਪ੍ਰਭਾਵ ਅਧੀਨ ਸੀ, ਇਸ ਲਈ ਜਾਪਾਨ ਨੇ ਵੀ ਚੀਨ ਉਪਰ ਆਪਣਾ ਪ੍ਰਭਾਵ ਵਧਾਉਂਦੇ ਹੋਏ ਵਿਸ਼ਵ ਪ੍ਰਸਿਧ ਆਪਣੀਆਂ ਇੱਕੀ (21) ਮੰਗਾਂ ਉਸ ਦੇ ਸਾਹਮਣੇ ਰੱਖ ਦਿੱਤੀਆਂ। 1917 ਵਿਚ ਅਮਰੀਕਾ ਅਤੇ ਜਾਪਾਨ ਵਿਚ ਲੈਨਸ਼ਿੰਗ-ਇਸ਼ੀ (Lansing-Ishi) ਦੀ ਸੰਧੀ ਅਨੁਸਾਰ ਅਮਰੀਕਾ ਨੇ ਜਾਪਾਨ ਦਾ ਸ਼ਾਂਤ ਮਹਾਂਸਾਗਰ ਖੇਤਰ ਉਤੇ ਅਧਿਕਾਰ ਮੰਨ ਲਿਆ। ਨਤੀਜੇ ਵਜੋਂ ਜਾਪਾਨ 1919 ਤਕ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਵਿਚੋ ਇਕ ਬਣ ਗਿਆ ਅਤੇ ਪੈਰਿਸ ਦੀ ਸ਼ਾਂਤੀ ਸੰਧੀ ਵਿਚ ਇਸ ਨੇ ਇਕ ਆਜ਼ਾਦ ਅਤੇ ਖੁਦ ਮੁਖਤਿਆਰ ਮੁਲਕ ਵਜੋਂ ਹਿੱਸਾ ਲਿਆ।

ਇਸ ਤਰ੍ਹਾਂ 1919 ਤਕ ਲਗਭਗ ਸਾਰੀ ਦੁਨੀਆਂ ਹੀ ਨਵੇਂ ਸਾਮਰਾਜਵਾਦ ਦੇ ਹੇਠਾ ਆ ਚੁੱਕੀ ਸੀ। ਇਹ ਦੁਨੀਆਂ ਦਾ ਇਕ ਹਿੱਸਾ ਬਣ ਚੁੱਕਿਆ ਸੀ। ਯੂਰਪੀ ਦੇਸ਼ਾਂ, ਅਮਰੀਕਾ ਅਤੇ ਜਾਪਾਨ ਨੇ ਨਵੀਆਂ ਬਸਤੀਆਂ ਸਥਾਪਿਤ ਕਰ ਲਈਆਂ ਅਤੇ ਆਪਣੀ ਪ੍ਰਭੁੱਤਾ ਦੇ ਘੇਰੇ ਵਧਾ ਲਏ। 1910 ਤਕ ਸਾਮਰਾਜਵਾਦ ਦੇ ਕਈ ਰੂਪ ਸਾਹਮਣੇ ਆ ਚੁੱਕੇ ਹਨ। ਪਹਿਲਾ ਰੂਪ ਬਸਤੀਆਂ ਦਾ ਸੀ ਜਿਸ ਵਿਚ ਕਨੈਡਾ, ਆਸਟਰੇਲੀਆ,

ਨਿਊਜ਼ੀਲੈਂਡ ਅਤੇ ਦੱਖਣੀ ਅਫਰੀਕਾ ਆਦਿ ਸਨ। ਇਸ ਤੋਂ ਇਨਾਵਾ ਫਰਾਂਸ ਦੀਆਂ 9 ਬਸਤੀਆਂ ਜਿਨ੍ਹਾਂ ਵਿਚ ਅਲਜੀਰੀਆ, ਟਿਊਨਸ, ਮਰਾਕੋ ਆਦਿ ਰੂਸ ਦੀਆਂ ਸਾਇਬੇਰੀਆਂ ਅਤੇ ਮੈਗੋਲੀਆ ਆਦਿ, ਇਟਲੀ ਦੀ ਲੀਬੀਆ ਆਦਿ, ਜਰਮਨੀ ਦੀਆਂ ਜਰਮਨ ਈਸਟ ਅਫਰੀਕਾ, ਜਰਮਨੀ ਵੈਸਟ ਅਫਰੀਕਾ, ਕੈਮਰੋਨ ਆਦਿ ਅਮਰੀਕਾ ਦੀਆਂ ਕਿਊਬਾ, ਫਿਲੀਪਾਈਨਜ਼ ਅਤੇ ਹਵਾਈ ਆਦਿ ਅਤੇ ਜਾਪਾਨ ਦੀਆਂ ਫਾਰਮੋਸਾਂ ਅਤੇ ਕੋਰੀਆ ਆਦਿ ਸਨ। ਦੂਜਾ ਰੂਪ ਪੂੰਜੀ ਲਗਾਉਣ ਦਾ ਸੀ ਜਿਵੇਂ ਕਿ ਜਰਮਨੀ ਦੀ ਪੰਜੀ ਬਰਲਿਨ-ਬਗਦਾਦ ਰੇਲਵੇ ਬਣਾਉਣ ਵਿਚ ਜਾਂ ਫਿਰ ਬਰਾਤਨੀਆਂ ਦੀ ਕੰਧ ਜਾ ਫਿਰ ਰੂਸ ਵਲੋਂ ਸਾਇਬੇਰੀਆ ਪਾਰ ਰੇਲਵੇ ਬਨਾਉਣ ਲਈ ਖਰਚ ਹੋਇਆ। ਇਸ ਤੋਂ ਇਲਾਵਾ ਵੱਡੀਆਂ ਤਾਕਤਾਂ ਨੇ ਅਪਣੀਆਂ ਬਸਤੀਆਂ ਵਿਚ ਅੰਦਰੂਨੀ ਸੁਧਾਰ ਅਤੇ ਵਿਕਾਸ ਦੇ ਕੰਮਾਂ ਆਦਿ ਲਈ ਕਰਜ਼ੇ ਦੇਣ ਤੇ ਵੀ ਰਕਮ ਖਰਚ ਕੀਤੀ ਜਿਵੇਂ ਕਿ ਚੀਨ ਨੂੰ ਯੂਰਪੀ ਕਰਜਾ ਅਤੇ ਮਰਾਕੋ ਨੂੰ ਫਰਾਂਸ ਸਰਕਾਰ ਤੋਂ ਇਨ੍ਹਾਂ ਗੱਲਾਂ ਕਰ ਕੇ ਵੀ ਅਧੀਨ ਮੁਲਕਾਂ ਉਪਰ ਵੱਡੀਆ ਤਾਕਤਾਂ ਦਾ ਪ੍ਰਭਾਵ ਵਧਦਾ ਗਿਆ। ਤੀਜਾ ਰੂਪ ਵੱਖ ਵੱਖ ਦੇਸ਼ਾਂ, ਉਪਰ ਰੱਖਿਅਕ ਰਾਜ (Protectorate) ਨੂੰ ਸਥਾਪਿਤ ਕਰਨਾ ਜਿਵੇਂ ਕਿ ਬਰਤਾਨੀਆਂ ਦਾ ਮਿਸਰ, ਯੂਗਾਂਡਾ ਅਤੇ ਸੋਮਾਲੀਲੈਂਡ ਉਪਰ ਅਧਿਕਾਰੀ। ਅਗਲਾ ਰੂਪ ਵੋਟਾਂ ਦਾ ਸੀ। ਇਹ ਰੂਪ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਸਾਹਮਣੇ ਆਇਆ ਜਦੋਂ ਜਰਮਨੀ ਅਤੇ ਉਸ ਦੇ ਸਾਥੀ ਮੁਲਕ ਰਾਸ਼ਟਰ ਸੰਘ ਰਾਹੀਂ ਘੱਟ ਵੋਟਾਂ ਕਰ ਕੇ ਹਾਰ ਗਏ ਅਤੇ ਅਪਣੇ ਹੇਠ ਬਸਤੀਆ ਨੂੰ ਖਾਲੀ ਕਰਨਾ ਪਿਆ। ਇਸ ਤਰ੍ਹਾਂ ਸੀਰੀਆ ਅਤੇ ਲਿਬਨਾਨ ਫਰਾਂਸ ਨੂੰ ਪ੍ਰਾਪਤ ਹੋ ਗਏ, ਇਰਾਕ ਬਰਤਾਨੀਆਂ ਨੂੰ ਸਮੋਆ ਨਿਊਜ਼ੀਲੈਂਡ ਨੂੰ ਦੱਖਣੀ ਪੱਛਮੀ ਅਫਰੀਕਾ ਦੱਖਣੀ ਅਫਰੀਕਾ ਨੂੰ ਦੇ ਦਿੱਤੇ ਗਏ। ਇਸ ਤਰ੍ਹਾਂ ਨਵਾਂ ਸਾਮਰਾਜਵਾਦ ਕਈ ਰੂਪਾਂ ਵਿਚ ਸਾਹਮਣੇ ਆਇਆ।

ਸਾਰੀਆਂ ਸਾਮਰਾਜਵਾਦੀ ਤਾਕਤਾਂ ਦਾ ਰਵੱਈਆ ਆਪਣੀਆਂ ਬਸਤੀਆਂ ਪ੍ਰਤੀ ਇਕੋ ਜਿਹਾ ਨਹੀਂ ਸੀ। ਭਾਵੇਂ ਬਰਤਾਨਵੀ ਸਾਮਰਾਜਵਾਦ ਮੁੱਖ ਤੌਰ ਤੇ ਆਰਥਿਕ ਕਾਰਨਾਂ ਕਰ ਕੇ ਸਥਾਪਿਤ ਹੋਇਆ ਸੀ, ਪ੍ਰੰਤੂ ਸਮੇਂ ਦੇ ਬੀਤਣ ਦੇ ਨਾਲ ਨਾਲ ਕਈਦੇਸ਼ਾਂ ਜਿਨ੍ਹਾਂ ਵਿਚੋਂ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਸੀਲੋਨ, ਭਾਰਤ ਅਤੇ ਕਈ ਹੋਰ ਦੇਸ਼ਾਂ ਵਿਚ ਖੁਦਮੁਖਤਿਆਰ ਹਕੂਮਤਾਂ ਬਣਦੀਆਂ ਚਲਦੀਆਂ ਗਈਆਂ। ਬਰਤਾਨੀਆਂ ਨੇ ਕਈ ਤਰ੍ਹਾਂ ਦੇ ਲੋਕ ਭਲਾਈ ਦੇ ਕੰਮ ਵੀ ਕੀਤੇ ਜਿਵੇਂ ਕਿ ਵਿਦਿਆ ਦਾ ਪ੍ਰਸਾਰ, ਹਸਪਤਾਲਾਂ ਦਾ ਖੋਲ੍ਹਣਾ ਅਤੇ ਖਾਸ ਤੌਰ ਤੇ 1833 ਵਿਚ ਗੁਲਾਮਾਂ ਨੂੰ ਆਜ਼ਾਦ (Freedom of Slaves) ਕਰਨਾ ਪ੍ਰੰਤੂ ਇਸ ਦੇ ਉਲਟ ਕਈ ਵੱਡੀਆਂ ਸਾਮਰਾਜਵਾਦੀ ਤਾਕਤਾਂ ਨੇ ਆਪਣੇ ਅਧੀਨ ਲੋਕਾਂ ਦਾ ਸ਼ੋਸ਼ਣ ਕੀਤਾ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦਬਾਇਆ, ਤਾਂ ਜੋ ਉਨ੍ਹਾਂ ਦੇ ਆਪਣੇ ਵਿਅਕਤੀਗਤ ਹਿੱਤਾਂ ਜਾਂ ਫਿਰ ਹਕੂਮਤ ਕਰਨ ਦੀ ਪ੍ਰਬੱਲ ਇੱਛਾ ਨੂੰ ਸੰਤੋਸ਼ ਮਿਲ ਸਕੇ। ਫਰਾਂਸ, ਜਰਮਨੀ, ਸਪੇਨ ਅਤੇ ਪੁਰਤਗਾਲ ਦੀਆਂ ਬਸਤੀਆਂ ਪ੍ਰਤਿ ਨੀਤੀਆਂ ਬਰਤਾਨੀਆਂ ਵਾਂਗ ਉਦਾਰ ਨਹੀਂ ਸਨ। ਇਨ੍ਹਾਂ ਦੇਸ਼ਾਂ ਨੇ ਆਪਣੀਆਂ ਬਸਤੀਆਂ ਵਿਚ ਖੁਦ-ਮੁਖਤਿਆਰ ਸਰਕਾਰਾਂ ਨੂੰ ਬਨਾਉਣ ਦੀ ਇਜਾਜਤ ਨਾ ਦਿੱਤੀ। ਇਹੀ ਕਾਰਨ ਹੈ ਕਿ ਆਜ਼ਾਦੀ ਮਿਲਣ ਉਪਰੰਤ ਬਰਤਾਨਵੀ ਬਸਤੀਆਂ ਜਮਹੂਰੀਅਤ ਵਲ ਉੱਨਤੀ ਕਰਦੀਆਂ ਗਈਆਂ ਜਦੋਂ ਕਿ ਦੂਜੇ ਦੇਸ਼ਾਂ ਵਿਚ ਜਾਂ ਤਾਂ ਤਾਨਾਂਸ਼ਾਹੀ ਜਾਂ ਫਿਰ ਫੌਜੀ ਸ਼ਾਸਨ ਸਥਾਪਿਤ ਹੁੰਦੇ ਗਏ। ਅਲਜੀਰੀਆ ਵਿਚ ਫਰਾਂਸ ਦਾ ਦਮਨਕਾਰੀ ਰਾਜ ਜਾ ਬੈਲਜੀਅਮ ਦਾ ਕੋਗੋਂ ਵਿਚ ਅਜੇ ਵੀ ਲੋਕਾਂ ਦੇ ਮਨਾਂ ਉਪਰ ਤਾਜ਼ਾ ਸੀ। ਉਂਜ ਬਰਤਾਨੀਆਂ ਵੀ ਦਮਨਕਾਰੀ ਨੀਤੀਆਂ ਲਈ ਦੋਸ਼ੀ ਸੀ। ਕੀਨੀਆਂ ਦੀ ਕਾਲੀ ਜਾਤੀ ਦੇ ਲੋਕਾਂ ਪ੍ਰਤੀ ਬਰਤਾਨੀਆਂ ਦੀ ਬੇਇਨਸਾਫੀ ਅਤੇ ਜਾਤੀ ਵਿਤਕਰੇ ਪ੍ਰਮੁੱਖ ਸਨ। ਇਹੀ ਵਿਚਾਰਧਾਰਾ ਉਨ੍ਹਾਂ ਦੀ ਅਫਰੀਕਾ ਅਤੇ ਏਸ਼ੀਆ ਵਿਚ ਵੀ ਸੀ। ਫਰਾਂਸ ਦਾ ਆਰਥਿਕ ਉਦੇਸ਼, ਰਾਜਨੀਤਕ ਉਦੇਸ਼, ਨਾਲੋਂ ਪਿਛੇ ਸੀ। ਫਰਾਂਸ ਆਪਣੇ ਸਾਮਰਾਜ ਨੂੰ ਸਾਨੋ ਸ਼ੌਕਤ ਅਤੇ ਤਾਕਤ ਲਈ ਬਣਾਈ ਰੱਖਣਾ ਚਾਹੁੰਦਾ ਸੀ। ਲਗਭਗ ਇਹੀ ਮਨਸ਼ਾ ਪੁਰਤਗਾਲ ਦੀ ਵੀ ਸੀ ਜਿਹੜਾ ਕਿ ਗੋਆ ਵਿਚ ਉਨ੍ਹਾਂ ਦੇ ਰਾਜ ਤੋਂ ਪ੍ਰਤੱਖ ਸੀ। ਫਰਾਂਸ ਅਤੇ ਪੁਰਤਗਾਲ ਆਪਣੇ ਅਧੀਨ ਬਸਤੀਆਂ ਦੇ ਇਖਲਾਕ ਅਤੇ ਪਦਾਰਥ ਦੀ ਉੱਨਤੀ ਲਈ ਬਿਲਕੁਲ ਹੀ ਫਿਕਰਮੰਦ ਨਹੀਂ ਸਨ। ਜਰਮਨੀ ਨੇ ਵੱਖਰੀ ਹੀ ਨੀਤੀ ਅਪਣਾਈ। ਉਸ ਨੇ ਜ਼ਿਆਦਾ ਜ਼ੋਰ ਲੋਕਾਂ ਦੇ ਅਨੁਸ਼ਾਸਨ ਉੱਤੇ ਦਿੱਤਾ ਯੂਰਪੀ ਤਾਕਤਾਂ

ਦੀ ਬਸਤੀਆਂ ਪ੍ਰਤਿ ਨੀਤੀ ਵੀ ਇਕੋ ਜਿਹੀ ਨਹੀਂ ਸੀ। ਹਰ ਮੁਲਕ ਨੇ ਅਪਣੇ ਆਰਥਿਕ ਅਤੇ ਰਾਜਨੀਤਕ ਹਿੱਤਾਂ ਲਈ ਵੱਖ ਵੱਖ ਤਰ੍ਹਾਂ ਦੀ ਨੀਤੀ ਅਪਣਾਈ।

## ਨਵੇਂ ਸਾਮਰਾਜਵਾਦ ਦੇ ਨਤੀਜੇ (Consequences of New Imperialism)

### 1. ਸਮਾਜਿਕ ਜਾਗ੍ਰਤੀ

ਇਸ ਨੀਤੀ ਦੇ ਕਈ ਚਮਤਕਾਰੀ ਨਤੀਜੇ ਨਿਕਲੇ। ਪੱਛਮੀ ਵਿਦਵਾਨਾਂ ਅਨੁਸਾਰ ਇਨ੍ਹਾਂ ਵੱਡੀਆਂ ਤਾਕਤਾਂ ਨੇ ਬਸਤੀਆਂ ਦੇ ਲੋਕਾਂ ਨੂੰ ਮਾਨਸਿਕ ਅਤੇ ਪਦਾਰਥਕ ਤੌਰ ਤੇ ਉੱਚਾ ਚੁੱਕਣ ਦੀ ਕੋਸ਼ਿਸ ਕੀਤੀ। ਖੁਦ ਮੁਖਤਿਆਰ ਰਾਜ ਕਰਨ ਲਈ ਇਰਾਦੇ ਹੋਂਦ ਵਿਚ ਆਉਣੇ ਸ਼ੁਰੂ ਹੋਏ। ਜੰਗਲਾਂ ਨੂੰ ਸਾਫ ਕੀਤਾ ਗਿਆ, ਖੇਤੀਬਾੜੀ ਵਿਚ ਕਾਫੀ ਸੁਧਾਰ ਲਿਆਂਦੇ ਗਏ, ਆਵਾਜਾਈ ਦੇ ਸਾਧਨ ਮੁਹੱਈਆ ਕੀਤੇ ਗਏ, ਸਿਹਤ ਅਤੇ ਵਿਦਿਆ ਦਾ ਪ੍ਰਸਾਰ ਕੀਤਾ ਗਿਆ ਅਤੇ ਸਥਿਤਰ ਨੌਕਰ-ਸ਼ਾਹੀ ਦਾ ਵਿਕਾਸ ਹੋਇਆ। ਉਨ੍ਹਾਂ ਦੇ ਅਨੁਸਾਰ ਸਾਮਰਾਜਵਾਦ ਨੇ ਆਰਥਿਕ ਵਿਕਾਸ, ਤਕਨੀਕੀ ਗਿਆਨ ਦੇ ਪ੍ਰਸਾਰ, ਪੜਾਈ, ਮਨੁੱਖੀ ਕਦਰਾ ਕੀਮਤਾਂ ਅਤੇ ਰਾਜ ਪ੍ਰਬੰਧ ਦਾ ਗਿਆਨ ਏਸ਼ੀਆ, ਅਫਰੀਕਾ ਅਤੇ ਲੇਟਿਨ ਅਮਰੀਕਾ ਦੇ ਲੋਕਾਂ ਨੂੰ ਦਿੱਤਾ। ਪ੍ਰੋ: ਰੋਬਿਨਸਨ (Professor Robinson) ਅਨੁਸਾਰ ਸਾਮਰਾਜਵਾਦ ਸਮਾਜਿਕ ਸੁਧਾਰਾਂ ਦਾ ਇੰਜਣ ਸੀ। ਇਸ ਨੇ ਲੋਕਾਂ ਵਿਚ ਸਮਾਜਿਕ ਜਾਗ੍ਰਤੀ ਲੈ ਆਂਦੀ। ਜਦੋਂ ਕਿ ਇਹ ਸਭ ਕੁਝ ਬਰਤਾਨੀਆਂ ਅਤੇ ਅਮਰੀਕਾਂ ਦੀਆਂ ਨੀਤੀਆਂ ਦੇ ਅਸਿੱਧੇ ਨਤੀਜੇ ਵਜੋਂ ਹੋ ਰਿਹਾ ਸੀ ਤਾਂ ਉਸ ਸਮੇਂ ਆਮ ਤੌਰ ਤੇ ਸਾਰੀਆਂ ਯੂਰਪੀ ਤਾਕਤਾਂ ਅਪਣੀਆਂ ਬਸਤੀਆਂ ਦੇ ਲੋਕਾਂ ਦੀ ਭਲਾਈ ਵਲ ਬਿਲਕੁਲ ਹੀ ਧਿਆਨ ਨਹੀਂ ਸਨ ਦੇ ਰਹੇ। ਇਨ੍ਹਾਂ ਤਾਕਤਾਂ ਦਾ ਪ੍ਰਮੁੱਖ ਉਦੇਸ਼ ਪੈਸਾ ਕਮਾਉਣਾ ਸੀ ਨਾ ਕਿ ਲੋਕਾਂ ਦੀ ਭਲਾਈ।

### 2. ਆਰਥਿਕ ਸ਼ੋਸ਼ਣ

ਨਵੇਂ ਸਾਮਰਾਜਵਾਦ ਨੇ ਲੋਕਾਂ ਦਾ ਆਰਥਿਕ ਸੋਸ਼ਣ ਵੀ ਕੀਤਾ। ਖਣਿਜ ਪਦਾਰਥਾਂ ਦੀ ਦੋਲਤ ਅਤੇ ਸਾਰਾ ਮੁਨਾਫਾ ਵੱਡੀਆਂ ਤਾਕਤਾਂ ਲੈ ਜਾਂਦੀਆਂ ਸਨ। ਜਦੋਂ ਕਿ ਅਧੀਨ ਮੁਲਕਾਂ ਦੇ ਲੋਕ ਪਹਿਲੇ ਦੀ ਤਰ੍ਹਾਂ ਗਰੀਬੀ ਅਤੇ ਦੁਖਾਂ ਭਰੀ ਜ਼ਿੰਦਗੀ ਹੀ ਬਤੀਤ ਕਰਦੇ ਸਨ। ਇਹ ਸੋਚਣਾ ਵਿਵੇਕਹੀਣ ਹੈ ਕਿ ਵੱਡੀਆਂ ਤਾਕਤਾਂ ਇਹ ਸਭ ਕੁਝ ਮਾਨਤਾਵਾਂ ਲਈ ਕਰ ਰਹੀਆਂ ਸਨ। ਇਸ ਸਾਮਰਾਜਵਾਦ ਨੇ ਲੋਕਾਂ ਨੂੰ ਮਾਨਸਿਕ ਅਥਵਾ ਪਦਾਰਥਕ ਦੋਵੇਂ ਹੀ ਤਰ੍ਹਾਂ ਨਾਲ ਨੁਕਸਾਨ ਪਹੁੰਚਾਇਆ। ਇਸ ਕਾਰਨ ਖ਼ਾਸ ਤੌਰ ਤੇ ਅਫਰੀਕਾ ਅਤੇ ਏਸ਼ੀਆ ਦੇ ਲੋਕਾਂ ਦਾ ਦਿਮਾਗ਼ੀ ਵਿਕਾਸ ਰੋਕ ਦਿੱਤਾ। ਸਾਮਰਾਜਵਾਦੀ ਤਾਕਤਾਂ ਦੇ ਖੁਸ਼ਹਾਲੀ ਇਨ੍ਹਾਂ ਬਸਤੀਆਂ ਦੀ ਕੀਮਤ ਉਤੇ ਵਧ ਫੁਲ ਰਹੀ ਸੀ। ਅਫਰੀਕਾ ਦੇ ਕਬੀਲਿਆਂ ਦਾ ਇਹ ਦੁਖ ਭਰਿਆ ਸ਼ੋਸ਼ਣ ਸੀ। ਇਸ ਤਰ੍ਹਾਂ ਪੇਂਡੂ ਆਰਥਿਕਤਾ, ਘਰੇਲੂ ਉਦਯੋਗ ਅਤੇ ਕਈ ਤਰ੍ਹਾਂ ਦੇ ਲੋਕਾਂ ਦੇ ਵਸੀਲੇ ਜਾਂ ਤਾਂ ਘੱਟ ਗਏ ਜਾਂ ਬਿਲਕੁਲ ਹੀ ਤਬਾਹ ਹੋ ਗਏ।

ਫਿਰ ਵੀ ਬਰਤਾਨੀਆਂ, ਫਰਾਂਸ, ਜਰਮਨੀ, ਇਟਲੀ ਅਤੇ ਅਮਰੀਕਾ ਦੇ ਥੋੜੇ ਜਿਹੇ ਲੋਕਾਂ ਦੇ ਗਰੁੱਪਾਂ ਨੇ ਇਸ ਨਵੇਂ ਸਾਮਰਾਜਵਾਦ ਦੇ ਉਦਮ ਵਜੋਂ ਇਨ੍ਹਾਂ ਇਲਾਕਿਆਂ ਵਿਚ ਅਪਣੀ ਅਸਲੀ ਪੂੰਜੀ ਲਗਾ ਕੇ ਅਸਲ ਨਫਾ ਕਮਾਇਆ (Class struggle)। ਬਹੁਤੇ ਲੋਕ ਇਨ੍ਹਾਂ ਦੇਸ਼ਾਂ ਵਿਚ ਉਹ ਫਾਈਦੇ ਨਾ ਉਠਾ ਸਕੇ ਜੋ ਕਿ ਮੁੱਠੀ ਭਰ ਲੋਕਾਂ ਨੇ ਉਠਾਇਆ। ਬਲਕਿ ਉਨ੍ਹਾਂ ਬਸਤੀਆਂ ਦੀ ਰਖਿਆ ਕਰਨ ਦੀ ਇਵਜ਼ ਵਜੋਂ ਵਧ ਤੋਂ ਵਧ ਟੈਕਸ ਦੇਣੇ ਪਏ। ਜਿਵੇਂ ਕਿ ਉਪਰ ਲਿਖਿਆ ਜਾ ਚੁੱਕਿਆ ਹੈ ਅਸਲ ਫਾਇਦਾ ਮੁਠੀ ਭਰ ਸਭ ਤੋਂ ਉਚੀ ਸ਼੍ਰੇਣੀ ਦੇ ਲੋਕਾਂ ਨੂੰ ਹੋਇਆ ਅਤੇ ਇਹ ਵਪਾਰਿਕ ਤਾਕਤ ਉਨ੍ਹਾਂ ਹੀ ਲੋਕਾਂ ਦੇ ਹੱਥਾਂ ਵਿਚ ਰਹੀ। ਨਤੀਜੇ ਵਜੋਂ ਇਨ੍ਹਾਂ ਦੇਸ਼ਾਂ ਵਿਚ ਇਸ ਵਿਤਕਰੇ ਦੇ ਕਾਰਨ ਸਾਮਰਾਜਵਾਦ ਜਨਮ ਲੈਣ ਲੱਗਾ। ਪੂੰਜੀਵਾਦ ਦੇ ਸਾਮਰਾਜਵਾਦ ਨੂੰ ਵਧਾਇਆ, ਸਮਾਜਵਾਦੀ ਨੇਤਾਵਾਂ ਨੇ ਹਰ ਦੇਸ਼ ਵਿਚ ਇਸ ਵਾਧੇ ਦੀ ਵਿਰੋਧਤਾ ਕੀਤੀ, ਜਿਨ੍ਹਾਂ ਨੂੰ ਫਾਇਦਾ ਹੋਇਆ ਉਨ੍ਹਾਂ ਨੇ ਸਰਕਾਰ ਦਾ ਸਾਥ ਦਿੱਤਾ ਜਿਸ ਕਾਰਨ ਪ੍ਰੋਲਿੱਟੇਅਰਿਅਟ (Proleteriat) ਸ਼ਰੇਣੀਆਂ ਵਿਚ ਇਸ ਸੁਆਲ ਉਪਰ ਸ਼੍ਰੇਣੀ ਘੋਲ ਚਲ ਪਿਆ।

## 3. ਅੰਤਰ ਰਾਸ਼ਟਰੀ ਝਗੜੇ

ਇਸ ਨਵੇਂ ਸਾਮਰਾਜਵਾਦ ਨੇ ਅੰਤਰ-ਰਾਸ਼ਟਰੀ ਪੱਧਰ ਉਤੇ ਕਈ ਤਰ੍ਹਾਂ ਦੇ ਝਗੜੇ ਅਤੇ ਦੁਸ਼ਮਣੀਆਂ ਨੂੰ ਜਨਮ ਦਿੱਤਾ 1870 ਤੋਂ 1915 ਦੇ ਵਿਚਕਾਰ ਸਾਇਦ ਹੀ ਕੋਈ ਅਜਿਹਾ ਸਾਲ ਗੁਜ਼ਰਿਆ ਹੋਵੇ ਜਿਸ ਵਿਚ ਅਫਰੀਕਾ ਜਾਂ ਏਸ਼ੀਆ ਦੇ ਕਿਸੀ ਖੇਤਰ ਨੂੰ ਲੈ ਕੇ ਰਾਜਨੀਤਕ ਵਾਦ-ਵਿਵਾਦ ਨਾ ਖੜਾ ਹੋਇਆ ਹੋਵੇ। ਭਾਵ ਇਨ੍ਹਾਂ ਝਗੜਿਆਂ ਦੀ ਹਰ ਤਰ੍ਹਾਂ ਨਾਲ ਹਲ ਲੱਭਣ ਦੇ ਯਤਨ ਕੀਤੇ ਗਏ ਅਤੇ ਝਗੜੇ ਹਲ ਵੀ ਹੁੰਦੇ ਗਏ। ਪ੍ਰੰਤੂ ਇਨ੍ਹਾਂ ਨੇ ਆਪਸੀ ਖਿਚਾਅ ਅਤੇ ਦੁਸ਼ਮਣੀਆਂ ਘਟਣ ਨਾ ਦਿੱਤੀਆਂ। ਜਦੋਂ ਫਰਾਂਸ ਨੇ 1881 ਵਿਚ ਟਿਊਨਿਸ ਉਤੇ ਕਬਜ਼ਾ ਕੀਤਾ ਤਾਂ ਇਟਲੀ ਨੇ ਗੁੱਸੇ ਵਿਚ ਆ ਕੇ 1882 ਵਿਚ ਆਸਟਰੀਆ ਅਤੇ ਜਰਮਨੀ ਨਾਲ ਅਤੇ 1887 ਵਿਚ ਬਰਾਤਨੀਆਂ ਨਾਲ ਸੰਧੀ ਕਰ ਲਈ। 1911 ਵਿਚ ਇਟਲੀ ਅਤੇ ਫਰਾਂਸ ਨੇ ਬਸਤੀਆਂ ਤੋਂ ਲਾਭ ਲਈ ਆਪਸ ਵਿਚ ਸਮਝੌਤਾ ਕਰ ਲਿਆ। ਇਟਲੀ ਨੇ ਤ੍ਰਿਪੋਲੀ ਅਤੇ ਫਰਾਂਸ ਨੇ ਮਾਰਕੋ ਉਤੇ ਆਪਦੀ ਪ੍ਰਭੁੱਤਾ ਵਧਾ ਲਈ। 1898 ਦੀ ਫਾਸ਼ੋਦਾ (Fashoda) ਘਟਨਾ ਵੀ ਇਸੀ ਸਾਮਰਾਜਵਾਦ ਦੇ ਫੈਲਾਅ ਦਾ ਹੀ ਨਤੀਜਾ ਸੀ। ਇਸ ਤਰ੍ਹਾਂ 1905 ਅਤੇ 1911 ਦੇ ਦੋਨੋਂ ਮਾਰਾਕੋ ਸੰਕਟ ਵੀ ਇਸ ਦਾ ਹੀ ਨਤੀਜਾ ਸਨ। ਮਾਰਾਕੋ ਉਪਰ ਆਪਣਾ ਆਪਣਾ ਅਧਿਕਾਰ ਖੇਤਰ ਵਧਾਉਣ ਦੀਆਂ ਕੋਸ਼ਿਸ਼ਾਂ ਕਾਰਨ ਹੀ ਫਰਾਂਸ ਅਤੇ ਜਰਮਨੀ ਇਕ ਦੂਜੇ ਦੇ ਦੁਸ਼ਮਣ ਹੋ ਗਏ। ਬਰਤਾਨਵੀ-ਜਰਮਨੀ ਨੇਵੀ ਦੀ ਦੁਸ਼ਮਣੀ ਅਤੇ ਰਾਨੀਤਿਕ ਵਾਦ-ਵਿਵਾਦ ਵੀ ਇਨ੍ਹਾਂ ਦੇ ਹੀ ਕਾਰਨ ਸਨ।

## 4. ਪਹਿਲੇ ਵਿਸ਼ਵ ਯੁੱਧ ਨੂੰ ਜਨਮ

ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਜੋ ਰਾਜਨੀਤਿਕ ਤਬਦੀਲੀ ਹੋਈ ਉਹ ਵੀ ਨਵੀਆਂ ਬਸਤੀਆਂ ਦੇ ਫੈਲਾਅ ਦੇ ਕਾਰਨ ਹੀ ਸੀ। ਤੀਹਰਾ ਸਮਝੌਤਾ (Triple Alliance) ਅਤੇ ਤੀਹਰੀ ਮੈਤਰੀ ਸੰਧੀ (Triple Entente) ਵੀ ਇਨ੍ਹਾਂ ਬਸਤੀਆਂ ਦੇ ਝਗੜਿਆਂ ਕਾਰਨ ਹੀ ਪੈਦਾ ਹੋਏ। ਆਸਟਰੀਆ, ਇਟਲੀ ਅਤੇ ਜਰਮਨੀ, ਤੀਹਰੇ ਸਮਝੌਤੇ ਦੇ ਅਧੀਨ ਇਕ ਦੂਜੇ ਦੇ ਨੇੜੇ ਆਏ। 1904 ਦੇ ਬਰਤਾਨਵੀ-ਫਰਾਂਸੀਸੀ ਸਮਝੌਤੇ (Anglo-French Entente-1904) ਨੇ ਬਰਤਾਨੀਆਂ ਨੂੰ ਮਿਸਰ ਅਤੇ ਫਰਾਂਸ ਨੂੰ ਮਰਾਕੋ ਦੇ ਦਿੱਤਾ ਨੇ ਵੀ ਹੋਰ ਤਨਾਅ ਪੈਦਾ ਕਰ ਦਿੱਤਾ। 1907 ਦਾ ਰੂਸੀ ਬਰਤਾਨਵੀ ਸਮਝੋਤਾ (Anglo-Russian Convention 1907) ਨੇ ਇਰਾਨ ਅਤੇ ਹੋਰ ਇਲਾਕਿਆਂ ਨੂੰ ਆਪਣੀ ਪ੍ਰਭੁੱਤਾ ਅਧੀਨ ਵੰਡ ਲਿਆ। ਲੇਟਿਨ ਅਮਰੀਕਾ ਦਾ ਰਾਜਨੀਤਿਕ ਪ੍ਰਭਾਵ ਵੀ ਬਸਤੀਆਂ ਉਪਰ ਅਪਣੀ ਪ੍ਰਭੁੱਤਾ ਜਮਾਉਣ ਖਾਤਰ ਹੀ ਸੀ। ਇਸ ਤਰ੍ਹਾਂ ਨਵੇਂ ਸਾਮਰਾਜਵਾਦ ਦੇ ਨਤੀਜੇ ਵਜੋਂ ਪਹਲਿ ਵਿਸ਼ਵ ਯੁੱਧ ਦੇ ਪਹਿਲੇ ਦਹਾਕੇ ਵਿਚ ਗੰਭੀਰ ਰਾਜਨੀਤਕ ਝਗੜੇ ਅਤੇ ਤਬਦੀਲੀਆਂ ਸਿਰ ਉਠਾਉਣ ਲਗੀਆਂ, ਏਸ਼ੀਆ ਵਿਚ ਫੈਲਾਉ ਲਈ ਸਮਝੋਤੇ ਅਤੇ ਜੰਗ ਹੋਣ ਲੱਗੀ। ਅਮਰੀਕਾ ਦੇ ਵਿਚ ਫੈਲਾਉ ਵੀ ਸਮਝੋਤੇ ਅਤੇ 1914 ਦੀ ਜੰਗ ਦਾ ਕਾਰਨ ਬਣਿਆ। ਇਸ ਜੰਗ ਦੇ ਪਿਛੋਕੜ ਉਤੇ ਸਾਮਰਾਜਵਾਦੀ ਕਸ਼ਮਕਸ਼ ਤਰ੍ਹਾਂ ਛਾਏ ਹੋਏ ਸਨ। ਰੂਸ ਜਾਪਾਨ ਦੀ 1904-1905 ਦੀ ਜੰਗ, ਇਟਲੀ-ਤੁਰਕੀ ਜੰਗ 1911 ਅਤੇ ਮਾਰਕੋ ਦੇ ਸੰਕਟ 1905 ਅਤੇ 1912 ਵੀ ਬਸਤੀਆਂ ਦੀਆਂ ਦੁਸ਼ਮਣੀਆਂ ਦੇ ਕਾਰਣ ਪੈਦਾ ਹੋਏ। ਬਹੁਤ ਵੱਡਾ ਕਾਰਨ ਜਿਸ ਨੇ ਪਹਿਲੇ ਵਿਸ਼ਵ ਯੁੱਧ ਨੂੰ ਜਨਮ ਦਿੱਤਾ ਉਹ ਆਰਥਿਕ ਸਾਮਰਾਜਵਾਦ ਸੀ। ਪੈਸੇ ਖੁਦਗਰਜ਼ੀ, ਪ੍ਰਭੁੱਤਾ ਲਈ ਸੰਘਰਸ਼ ਇਸ ਦਾ ਮੁੱਢ ਸੀ। ਹਰ ਕੌਮ ਵੱਧ ਤੋਂ ਵੱਧ ਬਸਤੀਆਂ ਆਪਣੇ ਅਧੀਨ ਕਰ ਕੇ ਤਾਕਤਵਰ ਬਣਨਾ ਚਾਹੁੰਦੀ ਸੀ। ਭਾਵੇਂ ਸਾਮਰਾਜਵਾਦ ਦਾ ਸਿੱਧਾ ਉਦੇਸ਼ ਜੰਗ ਨਹੀਂ ਸੀ ਪ੍ਰੰਤੂ ਇਸ ਨੇ ਪੱਕੇ ਤਰ ਤੇ ਸੁਰੱਖਿਆ ਦੀਆਂ ਤੰਦਾਂ ਘਟਾ ਦਿੱਤੀਆਂ ਅਤੇ ਪਹਿਲੇ ਵਿਸ਼ਵ ਯੁੱਧ ਦਾ ਸਭ ਤੋਂ ਪ੍ਰਮੁੱਖ ਕਾਰਨ ਬਣਿਗਆ। ਇਕ ਦੂਜੇ ਦੇਸ਼ਾਂ ਦੇ ਵਪਾਰਿਕ ਮੁਆਮਲਿਆਂ ਵਿਚ ਲੱਤ ਅੜਾਉਣੀ, ਦੂਜੇ ਦੇ ਰਸਤੇ ਬੰਦ ਕਰ ਆਪਣੇ ਵਪਾਰ ਨੂੰ ਮੁੱਖ ਰਖਣਾ ਅਤੇ ਦੂਜੇ ਨੂੰ ਬਰਬਾਦ ਕਰਨਾ, ਉਸ ਸਮੇਂ ਦਾ ਮੁੱਖ ਧੰਦਾ ਬਣ ਗਿਆ ਸੀ ਅਤੇ ਕੋਈ ਵੀ ਦੇਸ਼ ਇਸ ਤਰ੍ਹਾਂ ਆਪਣਾ ਨੁਕਸਾਨ ਹੁੰਦਾ ਨਹੀਂ ਸੀ ਵੇਖ ਸਕਦਾ।

ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ 19ਵੀਂ ਸਦੀ ਦਾ ਸਾਰਾ ਸਮਾਂ ਬਸਤੀਆਂ ਦੀ ਦੌੜ ਵਿਚ ਹੀ ਲੰਘਿਆ। ਬਰਾਤਨੀਆਂ, ਫਰਾਂਸ, ਜਰਮਨੀ, ਇਟਲੀ, ਰੂਸ, ਅਮਰੀਕਾ ਅਤੇ ਸ਼ਾਂਤ ਮਹਾਂਸਾਗਰ ਦੇ ਖੇਤਰਾਂ ਵਿਚ ਆਪਣਾ ਪ੍ਰਭਾਵ ਵਧਾ ਸਕਦੀਆਂ। ਨਵਾਂ ਸਾਮਰਾਜਵਾਦ ਏਸ਼ੀਆ ਅਤੇ ਅਫਰੀਕਾ ਵਿਚ ਖਾਸ ਤੌਰ ਤੇ ਮਹੱਤਵ ਰੱਖਦਾ ਹੈ। ਭਾਵੇਂ ਇਸ ਕਾਰਣ ਆਧੁਨਿਕਤਾ ਵੀ ਜਨਮੀ ਪ੍ਰੰਤੂ ਜੰਗਾਂ ਅਤੇ ਝਗੜਿਆਂ ਦਾ ਮੂਲ ਵੀ ਇਹ ਸੀ।

**ਸਾਰੰਸ਼ (Summary) :–** ਯੂਰਪ ਦਾ ਫੈਲਾਅ ਇਕ ਨਵੀਂ ਗੱਲ ਸੀ ਭਾਵੇਂ 15ਵੀਂ ਸਦੀ ਤੋਂ ਹੀ ਯੂਰਪ ਦੀਆਂ ਅੱਖਾਂ ਦੁਨੀਆਂ ਦੇ ਹੋਰ ਇਲਾਕਿਆਂ ਉਪਰ ਆਪਣੀਆਂ ਬਸਤੀਆਂ ਸਥਾਪਿਤ ਕਰਨ ਲਈ ਲੱਗੀਆਂ ਹੋਈਆਂ ਸਨ, ਪ੍ਰੰਤੂ 1870 ਤੋਂ ਬਾਅਦ ਉਦਯੋਗਿਕ ਕ੍ਰਾਂਤੀ ਦੇ ਕਾਰਨ ਇਸ ਵਾਧੇ ਵਿਚ ਬਿਜਲੀ ਦੀ ਫੁਰਤੀ ਆ ਗਈ। ਆਬਾਦੀ ਦੇ ਵਾਧੇ, ਮੰਡੀਆਂ ਦੀ ਭਾਲ, ਕੱਚੇ ਮਾਲ ਦੀ ਖੋਜ, ਕੌਮੀ ਸ਼ਾਨੋ ਸ਼ੋਕਤ ਨੂੰ ਵਧਾਉਣ ਦੀ ਇੱਛਾ, ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਵਿਚ ਤੇਜ਼ੀ ਨਾਲ ਸੁਧਾਰ ਖੋਜ਼ੀਆਂ ਦਾ ਖਤਰੇ ਮੁੱਖ ਲੈ ਕੇ ਅਜੂਬੇ ਪ੍ਰਗਟ ਕਰਨ ਦੀ ਖਾਹਿਸ, ਏਸ਼ੀਆਂ, ਅਫਰੀਕਾ, ਆਦਿ ਮਹਾਂਦੀਪ ਦੇ ਮੁਲਕਾਂ ਦਾ ਕਮਜ਼ੋਰ ਹੋਣਾ ਹੀ ਨਵੇਂ ਸਾਮਰਾਜਵਾਦ ਦਾ ਜਨਮਦਾਤਾ ਸੀ।

ਇਸ ਨਵੇਂ ਸਾਮਰਾਜਵਾਦ ਨੂੰ ਸਭ ਤੋਂ ਵੱਧ ਫਲਣ ਫੁਲਣ ਦੀ ਥਾਂ ਅਫਰੀਕਾ ਅਤੇ ਏਸ਼ੀਆ ਅਤੇ ਲੇਟਿਨ ਅਮਰੀਕਾ ਵਿਚ ਪ੍ਰਾਪਤ ਹੋਈ। ਇਸ ਨਵੇਂ ਸਾਮਰਾਜਵਾਦ ਦਾ ਆਰੰਭ ਮਿਸ਼ਨਰੀਆਂ ਅਤੇ ਵਪਾਰੀਆਂ ਦੀ ਆਮਦਨ ਨਾਲ ਸ਼ੁਰੂ ਹੋਇਆ ਜਿਸ ਤੋਂ ਬਾਅਦ ਰਾਜਨੀਤਕ ਘੁਸਪੈਠ ਵੀ ਹੋ ਗਈ। ਆਖਰੀ ਸਟੇਜ ਰੱਖਿਅਕ (Protectorate) ਰਾਜ ਸਥਾਪਿਤ ਕਰਨ ਜਾਂ ਆਪਣਾ ਆਰਥਿਕ ਸਥਾਪਿਤ ਕਰਨਾ ਸੀ। ਬਰਤਾਨੀਆਂ ਤੇ ਫਰਾਂਸ ਸਭ ਤੋਂ ਵੱਡੇ ਅਤੇ ਮਹਾਨ ਸਾਮਰਾਜ ਸਨ। ਰੂਸ ਨੇ ਵੀ ਆਪਣੀ ਤਾਕਤ ਬਸਤੀਆਂ ਵਲ ਵਧਾਈ। 1821 ਤੋਂ ਬਾਅਦ ਜਰਮਨੀ ਅਤੇ ਇਟਲੀ ਵੀ ਇਸ ਸੰਘਰਸ਼ ਵਿਚ ਸ਼ਾਮਲ ਹੋ ਗਏ। ਸਪੇਨ, ਪੁਰਤਗਾਲ ਅਤੇ ਬੈਲਜੀਅਮ ਨੇ ਵੀ ਆਪਣੀਆਂ-ਆਪਣੀਆਂ ਬਸਤੀਆਂ ਸਥਾਪਿਤ ਕੀਤੀਆਂ। ਅਮਰੀਕਾ ਅਤੇ ਜਾਪਾਨ ਨੇ ਵੀ ਅਪਣੇ ਖੇਤਰ ਅਤੇ ਆਰਥਿਕ ਸੀਮਾਵਾਂ ਫੈਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲੇ ਵਿਸ਼ਵ ਯੁੱਧ ਦੇ ਸਮੇਂ ਤਕ ਲਗਭਗ ਸਾਰਾ ਸੰਸਾਰ ਹੀ ਜਾਂ ਤਾਂ ਬਸਤੀਆਂ ਵਿਚ ਵੰਡਿਆ ਜਾਂ ਚੁੱਕਾ ਸੀ ਜਾਂ ਫਿਰ ਪ੍ਰਭਾਵ ਹੇਠਾਂ ਆ ਚੁਕਿਆ ਸੀ। ਜੰਗ ਨੇ ਜਰਮਨੀ ਤੇ ਉਸ ਦੇ ਸਾਥੀਆਂ ਦੀਆਂ ਬਸਤੀਆਂ ਖਤਮ ਕਰ ਦਿੱਤੀਆਂ।

ਨਵੇਂ ਸਾਮਰਾਜਵਾਦ ਨੇ ਬਸਤੀਆਂ ਵਿਚ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਤਬਦੀਲੀਆਂ ਕਈ ਤਰ੍ਹਾਂ ਦੇ ਕੰਮਾਂ ਕਰ ਕੇ ਲਿਆਂਦੀਆਂ। ਇਨ੍ਹਾਂ ਵਿਚੋਂ ਪ੍ਰਮੁੱਖ ਖੁਦਮੁਖਤਿਆਰ ਸਰਕਾਰਾਂ ਦਾ ਵਿਕਾਸ, ਸਿਹਤ ਵਿਦਿਆ ਅਤੇ ਹੋਰ ਲੋਕ ਭਲਾਈ ਦੇ ਕੰਮ ਕਹੇ ਜਾ ਸਕਦੇ ਹਨ। ਪ੍ਰੰਤੂ ਇਹ ਸਭ ਕੁਝ ਬਰਤਾਨੀਆਂ ਦੀਆਂ ਬਸਤੀਆਂ, ਵਿਚ ਉਪਲਬਧ ਸੀ ਨਾ ਕਿ ਹੋਰਾਂ ਦੀਆਂ ਬਸਤੀਆਂ ਵਿਚ ਵੀ। ਸਪੇਨ, ਪੁਰਤਗਾਲ ਅਤੇ ਬੈਲਜੀਅਮ ਨੇ ਆਪਣੀਆਂ ਬਸਤੀਆਂ ਦੇ ਲੋਕਾਂ ਨਾਲ ਬਹੁਤ ਬੁਰਾ ਸਲੂਕ ਕੀਤਾ ਉਨ੍ਹਾਂ ਦਾ ਸ਼ੋਸ਼ਣ ਕੀਤਾ। ਇਸ ਨੇ ਬਰਤਾਨੀਆਂ ਅਤੇ ਫਰਾਂਸ, ਜਰਮਨੀ ਅਤੇ ਬਰਤਾਨੀਆਂ ਵਿਚਕਾਰ ਝਗੜਿਆਂ ਨੂੰ ਜਨਮ ਦਿੱਤਾ। ਇਸ ਕਾਰਨ ਫਾਸੋਦਾ ਦੀ ਘਟਨਾ, 1904 ਦਾ ਸਮਝੌਤਾ, 1907 ਦਾ ਬਰਤਾਨਵੀ-ਰੂਸੀ ਸਮਝੋਤਾ, ਅਤੇ ਤੀਹਰੇ ਮੱਤਰੀ ਸਮਝੌਤੇ ਨੂੰ ਜਨਮ ਦਿੱਤਾ ਅਤੇ ਆਖਰਕਾਰ 1914 ਵਿਚ ਪਹਿਲਾਂ ਵਿਸ਼ਵ ਯੁੱਧ ਸਾਹਮਣੇ ਲਿਆਂਦਾ।

## ਪ੍ਰਸ਼ਨ

1. ਨਵੇਂ ਸਾਮਰਾਜਵਾਦ ਦੇ ਪੈਦਾ ਹੋਣ ਦੇ ਕਾਰਨਾਂ ਦਾ ਵਰਣਨ ਕਰੋ।
2. ਨਵੇਂ ਸਾਮਰਾਜਵਾਦ ਦੇ ਮੁਢ ਅਤੇ ਵਿਕਾਸ ਤੇ ਚਰਚਾ ਕਰੋ।

3. ਨਵੇਂ ਸਾਮਰਾਜਵਾਦ ਦੇ ਸਵਰੂਪ ਅਤੇ ਨਤੀਜਿਆ ਦੀ ਆਲੋਚਨਾ ਕਰੋ।
4. ਨਵੇਂ ਸਾਮਰਾਜਵਾਦ ਏਸ਼ੀਆ ਅਤੇ ਅਫਰੀਕਾ ਵਿਚ ਬਹੁਤ ਮਹੱਤਵਪੂਰਨ ਸੀ ਚਰਚਾ ਕਰੋ।
5. ਨਵੇਂ ਸਮਾਰਾਜਵਾਦ ਦੇ ਪ੍ਰਭਾਵ ਉੱਤੇ ਇਕ ਆਲੋਚਨਾਤਮਕ ਨਿਬੰਧ ਲਿਖੋ।
6. ਨਵੇਂ ਸਾਮਰਾਜਵਾਦ ਦੇ ਕਾਰਨ ਅੰਤਰਰਾਸ਼ਟਰੀ ਨਤੀਜਿਆਂ ਤੇ ਚਰਚਾ ਕਰੋ

**BOOKS FOR FURTHER READINGS**

1. Parke J. Moon, Imperialism and Word Politics
2. J.A. Hobson, Imperialism.
3. F. H. Hinsleyed, The New Cambridge Modern History
4. M. E. Townsend, European Colonial Expension Since 1871.
5. Hall and Davis, The Course of Europe Since Waterloo.
6. David Thompson, Europe Since Napoleon.
7. Ramsay Muir, The Expansion of Europe.
8. D. K. Field house, The Colonial Empires.
9. ਅਰੋੜਾ, ਏ. ਸੀ. ਵਿਸ਼ਵ ਦਾ ਇਤਿਹਾਸ (1500-1960)

**ਪਾਠ ਨੰਬਰ : 2.2**

# ਅਫਰੀਕਾ ਵਿਚ ਸਾਮਰਾਜਵਾਦ–ਅਫਰੀਕਾ ਦੀ ਵੰਡ

**(Imperialism in the Africa-Partition of Africa)**

## ਪਿਛੋਕੜ (The Background)

1815 ਵਿਚ ਨੈਪੋਲੀਅਨ ਨੂੰ ਪੂਰੀ ਤਰ੍ਹਾਂ ਪਰਾਜਿਤ ਕਰਨ ਉਪਰੰਤ, ਦੁਨੀਆਂ ਵਿਚ ਯੂਰਪੀ ਸਾਮਰਾਜਵਾਦ ਲਗਾਤਾਰ ਸੌ ਸਾਲਾਂ ਤੱਕ ਕਾਇਮ ਰਿਹਾ। ਇਸ ਦੇ ਕਾਰਨ ਯੂਰਪੀਨ ਤਾਕਤਾਂ ਦਾ ਦੁਨੀਆਂ ਦੇ ਬਾਕੀ ਮੁਲਕਾਂ ਉਪਰ ਪ੍ਰਭਾਵ ਵਧਦਾ ਗਿਆ। ਇਹ ਕਈ ਰੂਪਾਂ ਵਿਚ ਸਾਹਮਣੇ ਆਇਆ ਜਿਨ੍ਹਾਂ ਵਿਚੋਂ ਪ੍ਰਮੁੱਖ ਵਪਾਰ, ਮਸ਼ੀਨਰੀ ਜ਼ੋਖਮ ਭਰੇ ਕੰਮ, ਆਬਾਦੀ, ਲੁੱਟੋ, ਕੌਮੀ, ਗੌਰਵ, ਜਿੱਤਾ ਅਤੇ ਵਿਰੋਧੀ ਤਾਕਤਾਂ ਵਿਚ ਆਪਸੀ ਦੁਸ਼ਮਣੀਆਂ ਕਹੀਆਂ ਜਾ ਸਕਦੀਆਂ ਹਨ।

ਪ੍ਰੰਤੂ 1815 ਤੋਂ 1870 ਤਕ ਦੇ ਸਮੇਂ ਯੂਰਪੀ ਤਾਕਤਾਂ ਨੂੰ ਦੁਨੀਆਂ ਦੇ ਦੂਜੇ ਹਿੱਸਿਆਂ ਉਪਰ ਆਪਣਾ ਪ੍ਰਭਾਵ ਵਧਾਉਣ ਵਿਚ ਕਾਫ਼ੀ ਵੱਡਾ ਧੱਕਾ ਵੀ ਲਗਾ। 1820 ਤਕ ਕਈ ਯਰੂਪੀ ਤਾਕਤਾਂ ਕੋਲੋਂ ਬਸਤੀਆਂ ਖੁਸ ਗਈਆਂ 1815 ਵਿਚ ਫਰਾਂਸ ਨੂੰ ਅਮਰੀਕਾ ਅਤੇ ਪੂਰਬ ਵਿਚ ਆਪਣੀਆਂ ਕਈ ਬਸਤੀਆਂ ਤੋਂ ਹੱਥ ਧੋਣੇ ਪਏ, ਸਪੇਨ ਨੂੰ ਵਿਸ਼ਾਲ ਦੱਖਣੀ ਅਮਰੀਕਨ ਖੇਤਰ ਛਡਣੇ ਪਏ। ਇਸ ਤੋਂ ਪਹਿਲਾਂ ਬਰਤਾਨੀਆਂ ਨੂੰ ਅਮਰੀਕਾ ਵਿਚ ਆਪਣੀਆਂ ਤੇਰ੍ਹਾਂ ਬਸਤੀਆਂ ਗੁਆਣੀਆਂ ਪਈਆਂ ਅਤੇ 1882 ਵਿਚ ਪੁਰਤਗਾਲ ਨੂੰ ਬਰਾਜ਼ੀਲ ਛੱਡਣਾ ਪਿਆ।

## ਬਸਤੀਵਾਦ ਵਿਰੋਧੀ ਸਮੂਹਿਕ ਗੀਤ (Chorus of Anti-Colonialism)

ਨਵੀਂ ਆਧੁਨਿਕ ਵਿਚਾਰਧਾਰਾਂ ਨੇ ਬਸਤੀਆਂ ਦੇ ਖੁਸ ਜਾਣ ਉਤੇ ਦੁਖ ਦਾ ਪ੍ਰਗਟਾਵਾ ਕਰਨ ਦੇ ਬਜਾਏ ਨਵੀਆਂ ਘਟਨਾਂਵਾਂ ਦਾ ਸੁਆਗਤ ਕੀਤਾ। (Adam Smith-1723-1790) ਜੋ ਕਿ ਇਕ ਮਸ਼ਹੂਰ ਰਾਜਨੀਤਿਕ ਅਰਥ ਸ਼ਾਸਤਰੀ ਸੀ ਨੇ ਇਸ ਬਸਤੀਵਾਦ ਦੇ ਬੋਝ ਨੂੰ ਹਾਨੀਕਾਰਕ ਦਸਿਆ। ਬੈਨਥਮ (Bentham 1748-1862) ਜੋ ਕਿ ਅੰਗਰੇਜ਼ ਫਿਲਾਸਫਰ ਅਤੇ ਕਾਨੂੰਨਦਾਨ ਸੀ ਨੇ ਫਰਾਂਸ ਨੂੰ ਆਪਣੀਆਂ ਬਸਤੀਆਂ ਸੁਤੰਤਰ ਕਰ ਦੇਣ ਲਈ ਕਿਹਾ। ਅੰਗਰੇਜ਼ ਵਿਦਵਾਨ, ਕੌਂਬਡਨ (Cobden-1840-1865) ਨੇ ਸੁਤੰਤਰ ਵਪਾਰ ਦੀ ਸਲਾਹ ਦਿੱਤੀ ਅਤੇ ਬਾਹਰਲੇ ਆਰਥਿਕ ਹਿੱਤਾਂ ਨੂੰ ਖਤਮ ਕਰ ਦੇਣ ਲਈ ਕਿਹਾ। ਗਲੇਡਸਟੋਨ (Gladstone-1809-1898) ਮਹਾਨ ਬਰਤਾਨਵੀ ਨੀਤੀਵਾਨ, ਲਿਬਰਲ ਪਾਰਟੀ ਦਾ ਨੇਤਾ ਅਤੇ ਮਸ਼ਹੂਰ ਪ੍ਰਧਾਨ ਮੰਤਰੀ ਦੀ ਇੱਛਾ ਸੀ ਕਿ ਬਰਤਾਨਵੀ ਸਾਮਰਾਜਵਾਦ ਖਤਮ ਕਰ ਦਿੱਤਾ ਜਾਵੇ। ਡਿਜ਼ਰੈਲੀ (Disraeli-1804-1881) ਜਿਸ ਦੀ ਗਲੈਡਸਟੋਨ ਨਾਲ ਬਿਲਕੁਲ ਹੀ ਸੁਰ ਨਹੀਂ ਸੀ ਮਿਲਦੀ, ਨੇ ਵੀ ਕਿਹਾ ਕਿ ਇਹ ਬਸਤੀਆਂ ਕੁਝ ਹੀ ਸਾਲਾਂ ਬਾਅਦ ਸੁਤੰਤਰ ਹੋ ਜਾਣਗੀਆਂ ਜੋ ਕਿ ਸਾਡੇ ਗਲ ਦੇ ਦੁਆਲੇ ਚੱਕੀ ਦੇ ਪੁੜਾ ਵਾਂਗ ਲਟਕ ਰਹੀਆਂ ਹਨ। 1868 ਵਿਚ ਬਿਸਮਾਰਕ ਜਿਹੜਾ ਕਿ ਆਮ ਤੌਰ ਤੇ ਜਰਮਨੀ ਲਈ ਬਸਤੀਆਂ ਦੇ ਵਿਰੁੱਧ ਸੀ ਨੇ ਕਿਹਾ ਕਿ ਬਰਤਾਨਵੀ ਸਰਕਾਰ ਵੀ ਆਪਣੀ ਬਸਤੀਵਾਦ ਦੀ ਨੀਤੀ ਨੂੰ ਛਡਦਾ ਜਾ ਰਿਹਾ ਹੈ ਕਿਉਂਕਿ ਉਸ ਨੇ ਦੇਖ ਲਿਆ ਹੈ ਕਿ ਇਹ ਬਹੁਤ ਮਹਿੰਗੀ ਨੀਤੀ ਹੈ।

1870 ਤੋਂ ਬਾਅਦ ਇਹ ਵਿਰੋਧਤਾ ਖ਼ਤਮ ਹੋ ਗਈ। ਇਸ ਵਿਚਾਰਧਾਰਾ ਨੇ ਇਕਦਮ ਨਵਾਂ ਰੂਪ ਧਾਰਨ ਕਰ ਲਿਆ। ਬਸਤੀਆਂ ਲਈ ਜ਼ੋਰਦਾਰ ਸੰਘਰਸ਼ ਸ਼ੁਰੂ ਹੋ ਗਿਆ। ਇਥੋਂ ਤਕ ਕਿ 1870 ਤੋਂ ਬਾਅਦ ਦਾ ਸਮਾਂ ਅਸਲ ਵਿਚ ਸਾਮਰਾਜਵਾਦ ਦਾ ਹੀ ਸਮਾਂ ਕਿਹਾ ਜਾਂਦਾ ਹੈ। ਅਸਲ ਵਿਚ ਸਾਮਰਾਜਵਾਦ ਦਾ ਨਾਂ ਹੀ 19ਵੀਂ ਸਦੀ ਦੇ ਅੱਧ ਦੇ ਬਾਅਦ ਦੀ ਉਪਜ ਹੈ।

## ਨਵਾਂ ਸਾਮਰਾਜਵਾਦ (The New Imperialism)

19ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਯਰੂਪ ਦੀਆਂ ਵੱਡੀਆਂ ਤਾਕਤਾਂ ਦੀਆਂ ਨੀਤੀਆਂ ਨੇ ਇਕ ਵਾਰੀ ਫਿਰ ਆਧੁਨਿਕ ਸਾਮਰਾਜਵਾਦ ਜਾਂ ਨਵੇਂ ਸਾਮਰਾਜਵਾਦ ਨੂੰ ਉਪਰ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ।

ਇਸ ਪੱਖ ਵਲ ਲਹਿਰ ਦੇ ਮੁੜਨ ਦੇ ਕਈ ਕਾਰਨ ਜਾਂ ਹਾਲਾਤ ਕਹੇ ਜਾ ਸਕਦੇ ਸਨ। ਪੂਰਬ ਵਿਚ 19ਵੀਂ ਸਦੀ ਦੇ ਅੰਦਰ ਮਹਾਨ ਉਦਯੋਗਿਕ ਗਤੀਵਿਧੀਆਂ ਸ਼ੁਰੂ ਹੋ ਗਈਆਂ। ਬਹੁਤ ਛੇਤੀ ਜਰਮਨੀ, ਫਰਾਂਸ ਅਤੇ ਦੂਜੀਆਂ ਯੂਰਪੀ ਤਾਕਤਾਂ ਵਿਚ ਵੀ ਉਦਯੋਗਕਿਰਨ ਵਧ ਗਿਆ। ਇਸ ਲਈ ਇਕੱਲਾ ਬਰਾਤਨੀਆਂ ਹੀ ਇਸ ਖੇਤਰ ਦਾ ਵੱਡਾ ਖਿਲਾੜੀ ਨਹੀਂ ਸੀ ਰਹਿ ਗਿਆ। ਇਹ ਤਾਕਤਾਂ ਵੀ ਹੁਣੇ ਆਪਣੇ ਤਿਆਰ ਮਾਲ ਦੀ ਖਪਤ ਲਈ ਮੰਡੀਆਂ ਚਾਹੁੰਦੀਆਂ ਸਨ। ਇਸ ਤਰ੍ਹਾਂ ਅਪਣੇ ਕਾਰਖਾਨਿਆਂ ਲਈ ਉਨ੍ਹਾਂ ਨੂੰ ਕੱਚੇ ਮਾਲ ਦੀ ਵੀ ਜ਼ਰੂਰਤ ਸੀ। ਇਸ ਤਰ੍ਹਾਂ ਅਪਣੇ ਕਾਰਖਾਨਿਆਂ ਲਈ ਕੱਚੇ ਮਾਲ ਦੀ ਵੀ ਜ਼ਰੂਰਤ ਸੀ। ਇਸ ਸਾਰੇ ਕੰਮ ਲਈ ਬਸਤੀਆਂ ਹੀ ਸਭ ਤੋਂ ਮਹੱਤਵਪੂਰਨ ਅੰਗ ਸਨ। ਇਸ ਲਈ ਬਸਤੀਆਂ ਲਈ ਲਾਲਚ ਵਧਦਾ ਗਿਆ। ਜਿਸ ਦੇ ਨਾਲ ਹੀ ਇਹ ਤਾਕਤ ਦਾ ਇਜ਼ਹਾਰ ਸਮੁੰਦਰੋਂ ਪਾਰ ਇਲਾਕਿਆ ਜਾਂ ਬਸਤੀਆਂ ਉਪਰ ਆਪਣੇ ਅਧਿਕਾਰ ਜਮਾ ਕੇ ਦਿਖਾਉਣਾ ਚਾਹੁੰਦੀਆਂ ਸਨ। ਹੁਣ ਸਥਿਤੀ ਇਹ ਆਉਂਦੀ ਜਾ ਰਹੀ ਸੀ ਕਿ ਹਰ ਯੂਰਪੀ ਤਾਕਤ ਆਪਣੇ ਆਪ ਨੂੰ ਸੰਸਾਰ ਦੀ ਸਭ ਤੋਂ ਵੱਡੀ ਤਾਕਤ ਬਣਾਉਣਾ ਚਾਹੁੰਦੀ ਸੀ। ਇਸ ਲਈ ਬਸਤੀਆਂ ਹਾਸਲ ਕਰਨ ਦੀ ਇੱਛਾ ਪ੍ਰਤੀ ਇਹ ਸਾਰੀਆਂ ਤਾਕਤਾਂ ਦਾ ਸੰਤੋਖ ਬਾਹਰ ਡੁਲ ਰਿਹਾ ਸੀ ਅਤੇ ਇਸ ਲਈ ਬੇਰਹਿਮ ਹੋਣ ਤਕ ਤਿਆਰ ਸਨ ਨਤੀਜਾ ਹੋਰ ਦੁਸ਼ਮਣੀਆਂ ਦੇ ਰੂਪ ਵਿਚ ਨਿਕਲਣ ਲਗਾ। ਖੁਸ਼ਕਿਸਮਤੀ ਨਾਲ ਖੋਜੀਆਂ ਨੇ ਇਨ੍ਹਾਂ ਤਾਕਤਾਂ ਲਈ ਅਫਰੀਕਾ ਵਿਚ ਰਸਤਾ ਲਭ ਦਿੱਤਾ ਸੀ। ਇਸ ਤਰ੍ਹਾਂ 1870 ਤੋਂ ਬਾਅਦ ਇਸ ਮਹਾਂਦੀਪ ਵਿਚ ਅਧਿਕਾਰ ਜਮਾਉਣ ਲਈ ਸੰਘਰਸ਼ ਸ਼ੁਰੂ ਹੋ ਗਿਆ। ਉਸ ਸਮੇਂ ਐਸੀ ਕੋਈ ਵੀ ਅੰਤਰ-ਰਾਸ਼ਟਰੀ ਸੰਸਥਾ ਨਹੀਂ ਸੀ ਜਿਹੜੀ ਕਿ ਇਨ੍ਹਾਂ ਤਾਕਤਾਂ ਤੇ ਭੁਖੇ ਯੂਰਪੀ ਦੇਸ਼ਾਂ ਦੇ ਨੱਕ ਵਿਚ ਨਕੇਲ ਪਾਉਂਦੀ।

## ਅਫਰੀਕਾ ਲਈ ਸੰਘਰਸ਼ (Scramble for Africa)

ਅਫਰੀਕਾ ਜੋ ਕਿ ਯੂਰਪ ਦੇ ਬਿਲਕੁਲ ਨਾਲ ਹੀ ਪੈਂਦਾ ਸੀ ਇਥੋਂ ਤਕ ਕਿ ਸਿੱਧਾ ਅੱਖਾਂ ਦੇ ਸਾਹਮਣੇ ਹੈ, 19ਵੀ ਸਦੀ ਦੇ ਅੱਧ ਤਕ ਯੂਰਪੀ ਭੁਖੀਆਂ ਅੱਖਾਂ ਤੋਂ ਬਚਿਆ ਰਿਹਾ। ਹੁਣ ਤਕ ਅਫਰੀਕਾ ਉਨ੍ਹਾਂ ਲਈ ਇਕ ਅਨਜਾਨ ਮਹਾਂਦੀਪ ਸੀ। ਇਹ ਇਕ ਇਤਿਹਾਸ ਵਿਚ ਮਾਰਕੇ ਦੀ ਗੱਲ ਹੈ ਕਿ ਇੰਨਾਂ ਵੱਡਾ ਅਤੇ ਘਣਾ ਮਹਾਂਦੀਪ ਇੰਨੀ ਦੇਰ ਤਕ ਲੁਕਿਆ ਰਿਹਾ।

## 19ਵੀਂ ਸਦੀ ਦੇ ਅੱਧ ਤਕ ਅਫਰੀਕਾ ਦਾ ਲੁਕੇ ਰਹਿਣ ਦਾ ਕਾਰਣ(The Reasons why Africa was little known to Europe up to the middle of the 19th Century)

ਅਫਰੀਕਾ ਜੋ ਕਿ ਯੂਰਪ ਦੇ ਬਿਲਕੁਲ ਨਜਦੀਕ ਹੈ ਇਸ ਕਰ ਕੇ ਦੇਰ ਤਕ ਲੁਕਿਆ ਰਿਹਾ ਕਿਉਂਕਿ ਇਸ ਦੀ ਭੂਗੋਲਿਕ ਸਥਿਤੀ ਹੀ ਐਸੀ ਸੀ। ਇਹ ਕਾਲੇ ਮਹਾਂਦੀਪ ਦੇ ਕੰਢੇ ਬਹੁਤ ਹੀ ਕਸ਼ਟਦਾਇਕ ਸਨ, ਇਸ ਦਾ ਅੰਦਰਲਾ ਘੇਰਾ ਜੋ ਕਿ ਪਠਾਰ ਦਾ ਰੂਪ ਹੈ, ਚਾਰੇ ਪਾਸੇ ਤੋਂ ਮਾਰੂਥਲਾਂ ਤੋਂ ਘਿਰ ਕੇ ਬੰਦ ਹੋਇਆ ਸੀ ਜਾਂ ਫਿਰ ਦਲਦਲ ਨੇ ਘੇਰਿਆ ਹੋਇਆ ਸੀ। ਇਥੋਂ ਤਕ ਕਿ ਦਰਿਆ ਵੀ ਇਸ ਦੇ ਅੰਦਰ ਜਾਣ ਵਾਸਤੇ ਕਿਸੇ ਕਿਸਮ ਦਾ ਰਸਤਾ ਨਹੀਂ ਸਨ ਬਣਾਉਂਦੇ ਕਿਉਂਕਿ ਉਹ ਜ਼ਿਆਦਾ ਕਰਕੇ ਅਜਿਹੇ ਸਨ ਜਿਨ੍ਹਾਂ ਵਿਚ ਜਹਾਜ਼ਰਾਨੀ ਕਰਨਾਂ ਬੇ ਹੱਦ ਖਤਰਨਾਕ ਸੀ ਕਿਉਂਕਿ ਇਸ ਦੇ ਰਾਸਤੇ ਆਬਸਾਰਾਂ ਨਾਲ ਜਾਂ ਘਣੇ ਜੰਗਲਾਂ ਨਾਲ ਜਾਂ ਫਿਰ ਘੁੰਮਣ ਘੇਰੀਆਂ ਨਾਲ ਭਰੇ ਹੋਏ ਸਨ। ਇਸ ਤੋਂ ਇਲਾਵਾ ਇਥੋਂ ਦੇ ਲੋਕਾਂ ਨਾਲ ਵਪਾਰ ਵੀ ਕੋਈ ਜ਼ਿਆਦਾ ਫਾਇਦੇਮੰਦ ਨਹੀਂ ਸੀ ਕਿਉਂਕਿ ਇਹ ਕਾਫ਼ੀ ਪਿਛੜੇ ਹੋਏ ਸਨ ਇਨ੍ਹਾਂ ਦੀਆਂ ਜ਼ਰੂਰਤਾਂ ਬਹੁਤ ਘੱਟ ਸਨ।

ਇਨ੍ਹਾਂ ਕਾਰਨਾ ਕਰ ਕੇ ਹੀ ਕਿਸੇ ਨੇ ਵੀ 19ਵੀਂ ਸਦੀ ਦੇ ਮੱਧ ਤਕ ਇਸ ਮਹਾਂਦੀਪ ਨਾਲ ਕਿਸੇ ਕਿਸਮ ਦਾ

ਵਪਾਰਿਕ ਸੰਬਧ ਸਥਾਪਿਤ ਕਰਨ ਦੀ ਕੋਸ਼ਿਸ਼ ਨਾ ਕੀਤੀ। 1860ਈ. ਤਕ ਇਸ ਵਿਚ ਕੋਈ ਖਾਸ ਤਰੱਕੀ ਨਾ ਹੋਈ। 1820 ਤੋਂ 1948 ਦੇ ਵਿਚ ਫਰਾਂਸ ਦੁਆਰਾ ਅਲਜੀਰੀਆ ਨੂੰ ਆਪਣੇ ਰਾਜ ਵਿਚ ਮਿਲਾ ਲੈਣ ਦੀ ਘਟਨਾ ਹੀ ਸਭ ਤੋਂ ਵੱਡੀ ਕਹੀ ਜਾ ਸਕਦੀ ਹੈ। ਇਸ ਦੇ ਦੱਖਣ ਵਿਚ ਬਰਤਾਨੀਆਂ ਆਪਦੀ ਫੈਲਾਅ ਕਰ ਰਿਹਾ ਸੀ। ਬੋਅਰ ਵੀ (Boers) ਦੋ ਗਣਤੰਤਰ ਰਾਜ ਬਣਾ ਰਹੇ ਸਨ।

## ਅਫਰੀਕਾ ਦਾ ਖੁਲਣਾ (The opening of Africa)

ਸਮੇਂ ਦੇ ਬਦਲਣ ਨਾਲ ਕਾਲੇ ਮਹਾਂਦੀਪ ਦੀ ਮਿੱਥ (myth) ਖਤਮ ਹੋਣੀ ਸ਼ੁਰੂ ਹੋ ਗਈ ਜਦੋਂ ਕਈਆਂ ਨੇ ਅਫਰੀਕਾ ਅੰਤਰ ਤਕ ਜਾਣ ਦੀ ਕੋਸ਼ਿਸ਼ ਕੀਤੀ। 19ਵੀਂ ਸਦੀ ਦੇ ਮੱਦ ਵਿਚ ਖੋਜੀ ਧੁਰ ਅੰਦਰ ਤਕ ਪਹੁੰਚ ਗਏ। ਇਸ ਨਾਲ ਨਵੀਆਂ ਭੂਗੋਲਿਕ ਖੋਜਾਂ ਸਾਹਮਣੇ ਆਈਆਂ।

ਇਸ ਖੋਜ ਵਿਚ ਦੋ ਨਾਮ ਪ੍ਰਮੁੱਖ ਤੌਰ ਤੇ ਲਏ ਜਾ ਸਕਦੇ ਹਨ ਪਹਿਲਾ ਲਿਵਿੰਗਸਟੋਨ (Livingstone) ਅਤੇ ਦੂਜਾ ਸਟੈਨਲੇ (Stanley) ਡੇਵਿਡ ਲਿਵਿੰਗਸਟੋਨ 1840 ਵਿਚ ਆਪਣੀ ਅਫਰੀਕਾ ਦੀ ਯਾਤਰਾ ਇਕ ਮਿਸ਼ਨਰੀ ਦੇ ਤੌਰ ਤੇ ਆਰੰਭ ਕੀਤੀ ਅਤੇ 1873 ਵਿਚ ਆਪਣੀ ਮੌਤ ਤਕ ਇਸ ਨੂੰ ਜਾਰੀ ਰੱਖਿਆ। ਉਸ ਨੂੰ ਜੰਮਬੀਸੀ ਦਰਿਆ (Zambasi River) ਉਪਰਲੇ ਕਾਂਗੋ (Upper Congo) ਟੈਨਗਨਯੀਕਾ ਝੀਲ ਇਸ ਤਰ੍ਹਾਂ ਉਸ ਨੇ ਦੁਨੀਆਂ ਨੂੰ ਨਵਾਂ ਮਹਾਂਦੀਪ ਲੱਭ ਦਿੱਤਾ।

ਲਿਵਿੰਗਸਟੋਨ ਦੀ ਖੋਜ ਅਤੇ ਯਾਤਰਾਵਾਂ ਵਲ ਯੂਰਪ ਦਾ ਧਿਆਨਲ ਉਦੋਂ ਖਿੱਚਿਆ ਗਿਆ ਜਦੋਂ ਉਸ ਨੂੰ ਲਾਪਤਾ ਜਾ ਮਰ ਗਿਆ ਤਸੱਵਰ ਕਰ ਲਿਆ ਗਿਆ ਅਤੇ ਉਸ ਨੂੰ ਲੱਭਣ ਲਈ ਇਕ ਮੁਹਿੰਮ ਨੇ ਵੀ ਸਮੁੱਚੇ ਯੂਰਪ ਦਾ ਧਿਆਨ ਆਪਣੇ ਵਲ ਖਿਚ ਲਿਆ। ਇਹ ਮੁਹਿੰਮ ਸਰ ਹੈਨਰੀ ਸਟੈਨਲੇ ਦੀ ਅਗਵਾਈ ਅਧੀਨ ਭੇਜੀ ਗਈ ਸੀ। ਸਟੈਨਲੇ ਨੇ ਕਿਸੇ ਤਰ੍ਹਾਂ ਲਿਵਿੰਗਸਟੋਨ ਨੂੰ ਲੱਭਿਆ ਦੇ ਸਮਾਚਾਰ ਸਾਰੇ ਯੂਰਪ ਵਿਚ ਬਹੁਤ ਦਿਲਚਸਪੀ ਨਾਲ ਪੜ੍ਹੇ ਇਸ ਨਾਲ ਹੀ ਇਸ ਘਣੇ ਮਹਾਂਦੀਪ ਬਾਰੇ ਹੋਰ ਜਾਨਣ ਦੀ ਇੱਛ ਪ੍ਰਬਲ ਹੋ ਗਈ।

## ਅਫਰੀਕਾ-ਖਜ਼ਾਨੇ ਦੇ ਭੰਡਾਰ (Africa-A vast Treasure House for Materials)

ਲਿਵਿੰਗਸਟੋਨ ਅਤੇ ਸਟੈਨਲੇ ਦੇ ਅਫਰੀਕਾ ਨੂੰ ਲੱਭਣ ਦੇ ਹੀ ਕਾਰਨ ਨਾ ਸਿਰਫ ਉਨ੍ਹਾਂ ਦੀ ਸੰਸਾਰ ਵਿਚ ਤਾਰੀਫ ਕੀਤੀ ਜਾਣ ਲਗੀ ਬਲਕਿ ਉਨ੍ਹਾਂ ਯੂਰਪੀ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਹ ਵੀ ਦਸਿਆ ਕਿ ਅਫਰੀਕਾ ਮਹਾਂਦੀਪ ਦੋਲਤ ਦਾ ਭੰਡਾਰ ਹੈ ਜਿਸ ਦੇ ਕੰਡਿਆਂ ਨੂੰ ਪਿਛਲੀਆਂ ਚਾਰ ਸਦੀਆਂ ਤੋਂ ਕਿਸੇ ਨੇ ਨਹੀਂ ਛੋਹਿਆ। ਇਸ ਮਹਾਂਦੀਪ ਵਿਚ ਵਪਾਰਿਕ ਫਾਇਦੇ ਨੂੰ ਜਿਸ ਨੇ ਸਭ ਤੋਂ ਪਹਿਲਾਂ ਮਹਿਸੂਸ ਕੀਤਾ ਉਹ ਬੈਲਜ਼ੀਅਮ ਦਾ ਬਾਦਸ਼ਾਹ ਲਿਉਪੋਲਡ ਦੂਜਾ (King Leopold II) ਸੀ ਇਹ ਉਹ ਸਖਸ਼ ਸੀ ਜੋ ਕਿ ਅਫਰੀਕਾ ਦੀ ਖੋਜ ਵਿਚ ਸਭ ਤੋਂ ਵਧ ਦਿਲਚਸਪੀ ਰਖਿਆ ਕਰਦਾ ਸੀ।

## ਅਫਰੀਕਾ ਦੀ ਖੋਜ ਅਤੇ ਸਭਿਅਤਾ ਲਈ ਅੰਤਰ-ਰਾਸ਼ਟਰੀ ਸੰਸਥਾ (The International Association for the Exploration of African Civilization)

ਸਤੰਬਰ 1876 ਵਿਚ ਲਿਉਪੋਲਡ-ਦੂਜੇ ਨੇ ਸਾਰੀਆਂ ਵੱਡੀਆਂ ਤਾਕਤਾਂ ਦੀ ਕਾਨਫਰੰਸ ਸੱਦੀ ਜਿਸ ਵਿਚ ਇਹ ਵਿਚਾਰਿਆ ਜਾ ਸਕੇ ਕਿ ਅਫਰੀਕਾ ਦੇ ਧੁਰਾ ਅੰਦਰਲੇ ਹਿੱਸੇ ਨੂੰ ਉਜਾਗਰ ਕੀਤਾ ਜਾਵੇ ਤਾਂ ਜੋ ਇਕ ਤਾਂ ਇਸ ਨਾਲ ਵਪਾਰਿਕ ਸੰਬੰਧ ਕਾਇਮ ਹੋ ਸਕਣ ਅਤੇ ਦੂਜੇ ਇਥੇ ਸਭਿਅਤਾ ਦੇ ਵਿਕਾਸ ਨਾਲ ਨਾਲ ਸਾਇੰਸ ਅਤੇ ਤਕਨਾਲੌਜੀ ਦਾ ਪ੍ਰਸਾਰ ਕੀਤਾ ਜਾ ਸਕੇ। ਇਸ ਤੋਂ ਇਲਾਵਾ ਇਸ ਦੇ ਵਿਚ ਸੰਕਟਮਈ ਖਤਰਨਾਕ ਗੁਲਾਮੀ ਦੀ ਪ੍ਰਥਾ ਜੋ ਸਦਆਂ ਤੋਂ ਚਲੀ ਆ ਰਹੀ ਸੀ ਉਸ ਨੂੰ ਵੀ ਖ਼ਤਮ ਕੀਤਾ ਜਾ ਸਕੇ। ਇਸ ਕਾਨਫਰੰਸ ਵਿਚ ਬਰਤਾਨੀਆ, ਬੈਲਜੀਅਮ, ਫਰਾਂਸ, ਜਰਮਨੀ, ਆਸਟਰੀਆ, ਹੰਗਰੀ, ਇਟਲੀ, ਰੂਸ ਦੇ ਨੁਮਾਇੰਦੇ ਸ਼ਾਮਲ ਹੋਏ। ਕਾਫ਼ੀ ਵਿਚਾਰ ਉਪਰੰਤ ਇਕ ਅੰਤਰ-ਰਾਸ਼ਟਰੀ ਅਫਰੀਕਾ ਸੰਸਥਾ ਕਾਇਮ ਕੀਤੀ ਗਈ ਗਈ ਜਿਸ ਦਾ ਦਫਤਰ ਬਰਸੱਲ (Brussels) ਵਿਚ ਸਥਾਪਿਤ ਕੀਤਾ ਗਿਆ ਅਤੇ ਜਿਸ ਦਾ ਮੁੱਖ

ਕੰਮ ਮੱਧ ਅਫਰੀਕਾ ਦੇ ਹਿੱਸੇ ਦੀ ਖੋਜ ਕਰਨਾ ਅਤੇ ਸਭਿਅਤਾ ਦਾ ਪ੍ਰਸਾਰ ਕਰਨਾ ਸੀ। ਹਰ ਕੌਮ ਜਿਹੜੀ ਇਸ ਕੰਮ ਵਿਚ ਹਿੱਸਾ ਲੈਣ ਲਈ ਤਿਆਰ ਹੋਵੇ ਉਸ ਨੂੰ ਇਸ ਸਾਂਝੇ ਕੰਮ ਲਈ ਚੰਦਾ ਦੇਣਾ ਪੈਣਾ ਸੀ।

1879 ਵਿਚ ਇਕ ਵੱਖਰੀ ਕਮੇਟੀ ਅੰਤਰਰਾਸ਼ਟਰੀ ਕਾਗੋ ਸੰਸਥਾ (International Association of Congo) ਦੇ ਰੂਪ ਵਿਚ ਬਰੱਸਲ ਵਿਖੇ ਸਾਹਮਣੇ ਆਈ। ਲਿਉਪੋਲਡ ਦੀ ਆਰਥਿਕ ਮਦਦ ਅਤੇ ਸਟੈਨਲੇ ਦੀ ਅਗਵਾਈ ਅਧੀਨ ਇਸ ਸੰਸਥਾ ਨੇ ਕਾਗੋ ਵਿਖੇ ਕਈ ਵਪਾਰਿਕ ਕਾਰਖਾਨੇ ਖੋਲੇ ਅਤੇ ਉਨ੍ਹਾਂ ਲਈ ਰਿਆਇਤਾਂ ਮੁੱਖੀਆਂ ਤੋਂ ਪ੍ਰਾਪਤ ਕੀਤੀਆਂ।

## ਬਰਲਿਨ ਕਾਨਫਰੰਸ – 1884–85 (Berlin Conference 1884-85)

1880 ਵਿਚ ਬਰਤਾਨੀਆ ਮਿਸਰ ਅਤੇ ਦੂਰ ਪੂਰਬ ਦੀਆਂ ਸਮੱਸਿਆਵਾਂ ਵਿਚ ਉਲਝਿਆ ਹੋਇਆ ਸੀ। ਇਸ ਤੋਂ ਪਹਿਲਾਂ ਲਿਬਰਲ ਪਾਰਟੀ ਦਾ ਬੇਹਿਸਾਬ ਵਾਧਾ ਵੀ ਵਿਰੋਧਤਾ ਦਾ ਕਾਰਣ ਬਣਿਆ। ਮਿਸਰ ਦੇ ਉਪਰ ਕਬਜ਼ਾ ਅਤੇ ਰੂਸ ਨੂੰ ਭਾਰਤ ਦੀ ਤਰਫ ਆਉਣ ਤੋਂ ਰੋਕਣ ਦੇ ਕਾਰਣ ਬਹੁਤ ਖ਼ਰਚਾ ਆ ਰਿਹਾ ਸੀ। ਇਸ ਉਪਰੰਤ ਸਭ ਕੁਝ ਅੰਤਰ ਰਾਸ਼ਟਰੀ ਖਿਚਾਅ ਦਾ ਕਾਰਨ ਵੀ ਬਣਦਾ ਜਾ ਰਿਹਾ ਸੀ। ਪਰੰਤੂ ਫਰਾਂਸ ਕਾਂਗੋ ਇੰਟਰਪਰਾਈਜ਼ ਦੇ ਥੱਲੇ ਵਧਦਾ ਗਿਆ ਅਤੇ ਡੀ. ਬਾਜ਼ਾ (D. Bazza) ਦੀ ਖੋਜ ਕਰਨ ਉਸ ਨੇ ਕਾਂਗੋ ਦਾ ਬਹੁਤ ਸਾਰਾ ਦੱਖਣੀ ਹਿੱਸਾ ਆਪਣੇ ਅਧਿਕਾਰ ਹੇਠ ਲੈ ਲਿਆ। ਇਸ ਸਮੇਂ ਪੁਰਤਗਾਲੀ ਵੀ ਸਾਹਮਣੇ ਆ ਗਏ ਅਤੇ ਖੇਤਰ ਉਪਰ ਆਪਣਾ ਪੁਰਾਤਨ ਅਧਿਕਾਰ ਦੱਸਦੇ ਹੋਏ ਇਸ ਉਪਰ ਆਪਣੇ ਕਬਜ਼ੇ ਦੀ ਮੰਗ ਕਰਨ ਲੱਗੇ। ਇਸ ਦੇ ਨਾਲ ਹੀ ਜਰਮਨੀ ਦੇ ਖੋਜਕਾਰ ਅਤੇ ਦਾਅਵੇਕਾਰ ਵੀ ਅਮਰੀਕਾ ਵਲ ਵੱਧਣ ਲੱਗੇ ਅਤੇ ਆਪਣੇ ਆਪਣੇ ਹੱਕ ਜਮਾਉਣ ਲੱਗੇ।

ਇਨ੍ਹਾਂ ਝਗੜਿਆਂ ਨੂੰ ਸੁਲਝਾਉਣ ਲਈ, ਇਹ ਵਿਚਾਰ ਦਿੱਤਾ ਕਿ 1884–85 ਵਿਚ ਬਰਲਿਨ ਵਿਖੇ ਕਾਨਫਰੰਸ ਸੱਦੀ ਜਾਵੇ ਜਿਹੜੀ ਕਿ ਖੇਤਰਾਂ ਨੂੰ ਹਿਸਾਬ ਅਨੁਸਾਰ ਤਾਕਤਾਂ ਵਿਚ ਵੰਡ ਦੇਵੇ। ਪ੍ਰੰਤੂ ਇਸ ਤੋਂ ਪਹਿਲਾਂ ਕਿ ਕਾਨਫਰੰਸ ਹੋਵੇ ਅਮਰੀਕਾ ਨੇ ਇਸ ਖੇਤਰ ਵਿਚ ਲਿਉਪੋਲਡ ਕਾਗੋ ਸੰਸਥਾ ਦੇ ਅਧਿਕਾਰ ਨੂੰ ਮਾਨਤਾ ਦੇ ਦਿੱਤੀ ਅਤੇ ਫਰਾਂਸ ਦੇ ਥੋੜੇ ਹੀ ਸਮੇਂ ਉਪਰੰਤ ਇਸ ਸੰਸਥਾ ਦੇ ਵੱਡੇ ਰੁਤਬੇ ਪ੍ਰਤੀ ਆਪਣੇ ਵਿਰੋਧ ਨੂੰ ਵਾਪਸ ਲੈ ਲਿਆ। ਬਾਕੀ ਦੀਆਂ ਵੀ ਕਈ ਤਾਕਤਾਂ ਨੇ ਇਸ ਨੂੰ ਅਪਣਾਇਆ ਅਤੇ ਇਸ ਤਰ੍ਹਾਂ ਕਾਂਗੋ ਦੀ ਇਸ ਅੰਤਰਰਾਸ਼ਟਰੀ ਸੰਸਥਾ ਨੂੰ ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਹੋ ਗਈ।

ਨਵੰਬਰ 1884 ਵਿਚ ਬਰਲਿਨ ਕਾਨਫਰੰਸ ਹੋਈ। ਬਿਸਮਾਰਕ ਨੇ ਸਲਾਹ ਦਿੱਤੀ ਕਿ ਅਜਿਹੀ ਨਵੀਂ ਨੀਤੀ ਅਖਤਿਆਰ ਕੀਤੀ ਜਾਵੇ ਜਿਸ ਨਾਲ ਅਫਰੀਕਾ ਦਾ ਉਹ ਇਲਾਕਾ ਜਿਹੜਾ ਕਿ ਇਸ ਸਮੇਂ ਕਬਜ਼ੇ ਵਿਚ ਨਹੀਂ ਹੈ, ਦੀ ਵੰਡ ਕੀਤੀ ਜਾ ਸਕੇ। ਇਸ ਕਾਰਨ ਦੋ ਰਸਤੇ ਸਮੁੰਦਰੋਂ ਰਾਹ (Navigation) ਦੇ ਤੌਰ ਤੇ ਪ੍ਰਾਪਤ ਹੋ ਜਾਣ ਜਿਸ ਵਿਚ ਕਿਸੀ ਤਰ੍ਹਾਂ ਦਾ ਰਾਜਨੀਤਿਕ ਪ੍ਰਭਾਵ ਨਾ ਹੋਵੇ ਭਾਵ ਕਾਂਗੋ ਅਤੇ ਨਾਈਜਰ ਤੋਂ ਸੀ। ਇਸ ਦੇ ਨਾਲ ਨਾਲ ਕਾਂਗੋ ਖੇਤਰ ਵਿਚ ਬਰਾਬਰੀ ਦੇ ਵਪਾਰਿਕ ਹੱਕ ਅਤੇ ਬਰਾਬਰੀ ਦਾ ਦਰਜਾ ਪ੍ਰਾਪਤ ਹੋਵੇ। ਜਿਥੋਂ ਤਕ ਪਹਿਲੀ ਗੱਲ ਦਾ ਸੰਬੰਧ ਸੀ, ਕਾਨਫਰੰਸ ਨੇ ਇਹ ਐਲਾਨ ਕੀਤਾ ਕੀ ਕੋਈ ਵੀ ਤਾਕਤ ਜੋ ਕਿ ਕਿਸੀ ਵੀ ਅਫਰੀਕਾ ਦੇ ਰਾਜ ਨੂੰ ਆਪਣੇ ਵਿਚ ਮਿਲਾਉਣਾ ਚਾਹੁੰਦੀ ਹੈ। (annexing African Territory) ਉਹ ਦੂਜੀ ਨੂੰ ਇਹ ਸਪਸ਼ਟ ਕਰੇ ਕਿ ਉਸ ਖੇਤਰ ਨੂੰ ਰਾਜ ਵਿਚ ਹੀ ਮਿਲਾਇਆ ਜਾਵੇਗਾ ਜੋ ਕਿ ਅਸਰਦਾਰ ਢੰਗ ਨਾਲ ਅਜੇ ਅਧੀਨ ਨਹੀਂ ਹੈ। ਉਸ ਸਮੇਂ ਬਰਤਾਨੀਆਂ ਦੇ ਨੁਮਾਇੰਦੇ ਨੇ ਇਸ ਪ੍ਰਤਿ ਆਪਣਾ ਇਸ਼ਾਰਾ ਦਿੱਤਾ ਕਿ ਹੇਠਲੇ ਨਾਈਜਰ (Lower Niger) ਵਿਚ ਪਹਿਲਾਂ ਹੀ ਬਰਤਾਨਵੀ ਪ੍ਰਭਾਵ ਕਾਇਮ ਹੈ ਇਸ ਦੇ ਨਾਲ ਹੀ ਉਸ ਨੇ ਇਹ ਸਪਸ਼ਟ ਕਰ ਦਿੱਤਾ ਬਰਤਾਨੀਆਂ ਦਰਿਆ ਵਿਚ ਆਜ਼ਾਦ ਨੇਵੀਗੇਸ਼ਨ ਨੂੰ ਇਜ਼ਾਜਤ ਦੇ ਦੇਵੇਗਾ ਪਰੰਤੂ ਇਸ ਪ੍ਰਤੀ ਉਹ ਕਿਸੀ ਕਾਨੂੰਨ ਨੂੰ ਨਹੀਂ ਮੰਨੇਗਾ ਕਿਉਂਕਿ ਉਸ ਸਮੇਂ ਤਕ ਫਰਾਂਸ ਅਲਜ਼ੀਰੀਆ ਅਤੇ ਉਪਰਲੇ ਨਾਈਜਰ ਵਿਚ ਆਪਣੇ ਹੱਕ ਸਥਾਪਿਤ ਕਰ ਚੁੱਕਾ ਸੀ। ਇਸ ਲਈ ਬਰਤਾਨਵੀ–ਫਰਾਂਸੀਸੀ ਕਮੀਸ਼ਨ ਕਾਇਮ ਕੀਤਾ ਗਿਆ ਜਿਹੜਾ ਕਿ ਦਰਿਆ ਨੇਵੀਗੇਸ਼ਨ ਦੀ

ਵਿਵਸਥਾ ਨੂੰ ਠੀਕ ਕਰੇ ਜਿਹੜਾ ਕਿ ਹਰ ਕੌਮ ਦੀ ਨੇਵੀਗੇਸ਼ਨ ਲਈ ਚਾਹੀਦਾ ਸੀ। ਜਿਥੋਂ ਤਕ ਕਾਂਗੋ ਦਾ ਪ੍ਰਸ਼ਨ ਸੀ, ਅੰਤਰਰਾਸ਼ਟਰੀ ਆਜ਼ਾਦ ਵਪਾਰ ਦੇ ਸਿਧਾਂਤ ਨੂੰ ਘਟਾ ਦਿੱਤਾ ਗਿਆ, ਗੁਲਾਮਾਂ ਦੇ ਵਪਾਰ ਨੂੰ ਬੰਦ ਕਰ ਦੇਣ ਦਾ ਫ਼ੈਸਲਾ ਕੀਤਾ ਗਿਆ। ਪਰੰਤੂ ਜਰਮਨੀ ਅਤੇ ਹੋਲੈਂਡ ਨੇ ਸ਼ਰਾਬ ਅਤੇ ਨਸ਼ੀਲੀਆਂ ਵਸਤਾਂ ਨੂੰ ਉਥੇ ਵੇਚਣ ਦੇ ਸਖਤ ਕਾਨੂੰਨ ਨੂੰ ਉਡਾ ਦਿਤਾ। ਫਰਾਂਸ ਨੂੰ ਕਾਂਗੋ ਦੇ ਉੱਤਰ ਵਲ 257,000 ਵਰਗਮੀਲ ਦਾ ਵੱਡਾ ਇਲਾਕਾ ਮਿਲ ਗਿਆ, ਪੁਰਤਗਾਲ ਨੂੰ 35,0,000 ਵਰਗਮੀਲ ਇਲਾਕਾ ਪ੍ਰਾਪਤ ਹੋ ਗਿਆ ਅਤੇ ਕਾਂਗੋ ਸੰਸਥਾ ਨੂੰ ਇਸ ਦਾ ਬਹੁਤ ਵੱਡਾ ਹਿੱਸਾ ਭਾਵ 9,00000 ਵਰਗਮੀਲ ਦਾ ਇਲਾਕਾ ਮਿਲ ਗਿਆ। ਪ੍ਰੰਤੂ ਇਥੇ ਵਪਾਰ ਅਤੇ ਹੋਰ ਆਰਥਿਕ ਹਿਤ ਸਭ ਯੂਰਪੀ ਤਾਕਤਾਂ ਲਈ ਖੁਲ੍ਹੇ ਸਨ।

## ਕਾਂਗੋ ਫਰੀ ਸਟੇਟ (Congo Free State)

ਕਾਨਫਰੰਸ ਤਾਂ ਹੋ ਗਈ ਪ੍ਰੰਤੂ ਇਨ੍ਹਾਂ ਫੈਸਲਿਆਂ ਨੂੰ ਅਮਲੀ ਰੂਪ ਦੇਣ ਲਈ ਨਿਸ਼ਚਿਤ ਧਾਰਾ ਨਾ ਉਲੀਕੀ ਗਈ। ਇਸ ਕਾਨਫਰੰਸ ਦੇ ਕੁਝ ਮਹੀਨਿਆਂ ਉਪਰੰਤ ਭਾਵ ਅਪ੍ਰੈਲ 1885 ਵਿਚ ਲਿਉਪੋਲਡ ਦੂਜੇ ਨੇ ਉਸ ਇਲਾਕੇ ਦਾ ਜਿਸ ਨੂੰ ਕਾਂਗੋ ਫਰੀ ਸਟੇਟ (Congo Free State) ਕਿਹਾ ਜਾਂਦਾ ਸੀ ਦਾ ਖੁਦਮੁਖਤਿਆਰ ਸ਼ਾਸਕ ਘੋਸ਼ਿਤ ਕਰ ਦਿੱਤਾ ਅਤੇ ਯੂਰਪ ਦੀਆਂ ਸਰਕਾਰਾਂ ਨੇ ਉਸ ਦੀ ਪੋਜੀਸ਼ਨ ਨੂੰ ਸਵੀਕਾਰ ਕਰ ਲਿਆ। ਬਾਅਦ ਵਿਚ 1889 ਵਿਚ ਲਿਉਪੋਲਡ ਨੇ ਐਲਾਨ ਕੀਤਾ ਕਿ ਉਸ ਦੀ ਮੋਤ ਤੋਂ ਬਾਅਦ ਇਹ ਸਾਰੀ ਜਾਇਦਾਦ ਬੈਲਜੀਅਮ ਨੂੰ ਚਲੀ ਜਾਵੇਗੀ। ਇਸ ਤਰ੍ਹਾਂ ਇਹ ਕਾਂਗੋ ਸਟੇਟ ਜਿਸ ਦਾ ਰਕਬਾ 9,00,000 ਵਰਗਮੀਲ ਅਤੇ 5 ਮਿਲੀਅਨ ਆਬਾਦੀ, ਲਿਊਪੋਲਡ ਦੀ ਨਿੱਜੀ ਜਾਇਦਾਦ ਬਣ ਗਈ। ਇਸ ਲਈ ਇਸ ਦੇ ਦੁਖਾਂਤਕ ਇਤਿਹਾਸ ਲਈ ਉਹ ਜਾਤੀ ਤੌਰ ਤੇ ਇਸ ਲਈ ਜ਼ਿੰਮੇਵਾਰ ਸੀ ਜਦੋਂ ਕਿ 15 ਨਵੰਬਰ, 1903 ਵਿਚ ਇਹ ਬੈਲਜ਼ੀਅਮ ਦੀ ਬਸਤੀ ਬਣ ਗਈ। ਇਸ ਤਰ੍ਹਾਂ ਇਹ ਕਾਂਗੋ ਸਟੇਟ ਜੋ ਕਿ ਫਰੀ ਸੀ ਲਿਊਪੋਲਡ ਦੀ ਨਿਜੀ ਜਾਇਦਾਦ ਬਣ ਗਈ ਫਿਰ ਬੈਲਜ਼ੀਅਮ ਦੀ ਬਸਤੀਆਂ ਦੀ ਪਾਰਲੀਮੈਂਟ ਦੇ ਅਧੀਨ ਆ ਗਈ।

## ਫਰਾਂਸ ਅਤੇ ਅਫਰੀਕਾ (France and Africa)

1839 ਤੋਂ ਹੀ ਜਦੋਂ ਤੋਂ ਫਰਾਂਸ ਨੇ ਅਲਜੀਰੀਆ ਉਪਰ ਅਪਣਾ ਅਧਿਕਾਰ ਜਮਾਇਆ ਅਤੇ 1847 ਵਿਚ ਆਪਣੇ ਰਾਜ ਵਿਚ ਹੀ ਮਿਲਾ ਲਿਆ, ਉਸ ਸਮੇਂ ਤੋਂ ਹੀ ਇਹ ਇਲਾਕਾ ਬਸਤੀ ਨਿਵੇਸ਼ ਲਈ ਬੰਦ ਹੋ ਗਿਆ ਅਤੇ ਲਗਭਗ ਪੂਰੀ ਤਰ੍ਹਾਂ ਫਰਾਂਸ ਵਿਚ ਮਿਲ ਗਿਆ ਜਦੋਂ ਕਿ ਉਥੇ ਯੂਰਪੀ ਲੋਕਾਂ ਨੇ ਨਾ ਕੇਵਲ ਵਧਣਾ ਸ਼ੁਰੂ ਕਰ ਦਿੱਤਾ ਬਲਕਿ ਫਰਾਂਸ ਸਰਕਾਰ ਦੀਂ ਉਨ੍ਹਾਂ ਨੂੰ ਪੂਰੀ ਸੁਰਖਿਆ ਵੀ ਮਿਲ ਗਈ। ਅਲਜੀਰੀਆ ਤੋਂ ਇਲਾਵਾ ਫਰਾਂਸ ਦੇ 18ਵੀਂ ਸਦੀ ਦੇ ਸ਼ੁਰੂ ਤੋਂ ਹੀ ਅਮਰੀਕਾ ਦੇ ਪੱਛਮੀ ਤਟ ਭਾਵ ਸੈਨੇਗਾਲ ਅਤੇ ਜਾਬੀਆ ਦਰਿਆਵਾਂ ਉਪਰ ਵਪਾਰਿਕ ਕੇਂਦਰ ਸਥਾਪਿਤ ਹੋ ਚੁਕੇ ਸਨ। ਪ੍ਰੰਤੂ ਨੈਪੋਲੀਅਨ ਤੀਜੇ ਤਕ ਫਰਾਂਸ ਦੇ ਹਿੱਤ ਇਸ ਖੇਤਰ ਵਿਚ ਵਪਾਰਿਕ ਅਤੇ ਮਿਸ਼ਨਰੀ ਕੰਮਾਂ ਤਕ ਹੀ ਸੀਮਤ ਸਨ ਪ੍ਰੰਤੂ ਨੈਪੋਲੀਅਨ ਤੀਜੇ ਨੇ ਆਉਂਦੇ ਹੀ ਜਨਰਲ ਫਡਿਹਰਲੇ (General Faidherle) ਨੂੰ ਫਰਾਂਸੀਸੀ ਪੱਛਮੀ ਅਫਰੀਕਾ ਦਾ ਗਵਰਨਰ ਨਿਯੁਕਤ ਕਰ ਕੇ ਆਪਣੀ ਪ੍ਰਭੁੱਤਾ ਨੂੰ ਵਧਾਉਣ ਦਾ ਪ੍ਰਤੀ ਕਦਮ ਚੁੱਕਿਆ ਜਿਸ ਵਿਚ ਫਰਾਂਸੀਸੀ ਸਾਮਰਾਜ ਦੀ ਸਥਾਪਨਾ ਹੋ ਸਕੇ। ਅਗਲੇ 30 ਸਾਲਾਂ ਦੇ ਦੌਰਾਨ ਫ਼ਡਿਹਰਲੇ ਉਪਰਲੇ ਨਾਇਜਰ ਦੇ ਪੱਧਰ ਤਕ ਖੋਜੀ ਰਾਜਨੀਤਕ ਮਿਸਨ ਭੇਜੇ ਜਿਹੜੇ ਕਿ ਚੱਡ ਝੀਲ (Chad Lake) ਤਕ ਘੁੰਮਦੇ ਚਲੇ ਗਏ ਅਤੇ ਵਿਚ ਆ ਕੇ ਮਿਸ਼ਰੀ ਸੁਡਾਨ ਵਲ ਵਧਣ ਲਗੇ। ਉਨ੍ਹਾਂ ਨੇ ਟਿਊਨਸ ਨੂੰ 1881 ਵਿਚ ਕਬਜ਼ੇ ਅਧੀਨ ਕਰ ਲਿਆ ਅਤੇ ਉਸ ਸਮੇਂ ਦੌਰਾਨ ਉਨ੍ਹਾਂ ਨੇ ਸਾਰੇ ਇਲਾਕੇ ਉਪਰ ਆਪਣੇ ਕਬਜ਼ੇ ਦਾ ਦਾਅਵਾ ਕਰਨਾ ਸ਼ੁਰੂ ਕਰ ਦਿਤਾ ਜਿਹੜਾ ਕਾਗੋ ਦੇ ਉੱਤਰ ਵਲ ਸੀ ਅਤੇ 1890 ਦੇ ਸਮੇਂ ਵਿਚ ਆ ਕੇ ਪੱਛਮੀ ਅਫਰੀਕਨ ਖੇਤਰ ਨਾਲ ਮਿਲ ਗਿਆ ਸੀ। 1882 ਵਿਚ ਉਨ੍ਹਾਂ ਨੇ ਦਾਹਮੇ (Dahomey) ਅਤੇ ਅਗਲੇ ਸਾਲ ਟਿਮਬੁਕਤੂ (Timbaktoo) ਉਪਰ ਕਬਜ਼ਾ ਕਰ ਲਿਆ।

ਇਕ ਹੋਰ ਖੇਤਰ ਮੈਡਗਾਸਕਰ (Madagascar) ਵਿਚ ਇਨ੍ਹਾਂ ਸਾਲਾਂ ਵਿਚ ਹੀ ਫਰਾਂਸੀਸੀਆਂ ਨੇ ਆਪਣੇ ਹੱਕ ਦਾਵੇ ਜਤਾਉਣੇ ਸ਼ੁਰੂ ਕਰ ਦਿੱਤੇ। ਆਖ਼ਰ 1896 ਵਿਚ ਉਸ ਉਪਰ ਆਪਣੇ ਇਕੱਲੇ ਦਾ ਕਬਜਾ ਮੰਨਵਾ ਲਿਆ। ਇਸ ਸਮੇਂ ਹੀ ਉਨ੍ਹਾਂ ਦੇ ਖੋਜੀ ਅਤੇ ਏਜੰਟ ਸੁਡਾਨ ਉਪਰ ਨਜ਼ਰ ਰਖਦੇ ਹੋਏ ਸਹਾਰਾ (Sahara) ਨੂੰ ਲੰਘ ਗਏ ਇਸ ਆਸ ਨਾਲ ਕਿ ਸੁਡਾਨ ਦੇ ਨਾਲ ਨਾਲ ਇਹ ਸਾਰਾ ਖੇਤਰ ਵੀ ਸੋਮਾਲੀਲੈਂਡ (Somaliland) ਵਿਚ ਉਬੇਕ ਤਕ ਉਨ੍ਹਾਂ ਦੇ ਕਬਜੇ ਵਿਚ ਆ ਜਾਵੇਗਾ। ਉਨ੍ਹਾਂ ਨੂੰ ਪਹਿਲਾ 1897 ਵਿਚ ਸੁਡਾਨ ਵਿਚ ਫਾਸ਼ੋਦਾ (Fashoda) ਦੇ ਸਥਾਨ ਉਤੇ ਪ੍ਰੰਤੂ 19ਵੀਂ ਸਦੀ ਦੇ ਅੰਤ ਤਕ ਫਰਾਂਸ ਨੇ 38,00000 ਵਰਗਮੀਲ ਦਾ ਇਲਾਕਾ ਭਾਵ ਅਮਰੀਕਾ ਦਾ ਤੀਜਾ ਹਿੱਸਾ ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ। ਆਪਣੀ ਅਫਰੀਕਨ ਸਾਮਰਾਜਵਾਦੀ ਨੀਤੀ ਨੂੰ ਅਗੇ ਵਧਾਉਂਦੇ ਹੋਏ, ਉਨ੍ਹਾਂ ਨੇ ਮਰਾਕੋ ਵਿਚ ਸ਼ਾਂਦੀ ਪੂਰਬਕ ਘੁਸਪੈਠ ਸ਼ੁਰੂ ਕਰ ਦਿੱਤੀ। ਜਿਹੜੀ ਕਿ. 20ਵੀਂ ਸਦੀ ਵਿਚ ਜਾ ਪਹੁੰਚੀ। 1904 ਤਕ ਫਰਾਂਸ ਨੇ ਇਟਲੀ, ਬਰਤਾਨੀਆ ਅਤੇ ਸਪੇਨ ਨੂੰ ਆਪਣੇ ਹੱਕ ਵਿਚ ਕਰ ਲਿਆ। ਪ੍ਰੰਤੂ ਜਦੋਂ ਉਸ ਨੇ ਮਰਾਕੋ ਉਪਰ ਆਪਣਾ ਸ਼ਿਕੰਜਾ ਪਾਇਆ ਜਰਮਨੀ ਵਿਰੋਧਾ ਲਈ ਹਬਿਲਕੁਲ ਤਿਆਰ ਖੜਾ ਸੀ। ਨਤੀਜੇ ਵਜੋਂ 1905 ਦਾ ਮਰਾਕੋ ਸੰਕਟ ਸਾਹਮਣੇ ਆਇਆ। 1911 ਦੇ ਅਗਾਦੀਰ (Agadir Crisis) ਸੰਕਟ ਉਪਰੰਤ ਫਰਾਂਸ ਦਾ ਮਰਾਕੋ ਉਪਰ ਰਖਿਅਕ ਰਾਜ (Protectorate) ਮੰਨ ਲਿਆ ਗਿਆ। ਜਿਸ ਦੇ ਬਦਲੇ ਜਰਮਨੀ ਨੂੰ ਫਰਾਂਸੀਸੀ ਕਾਂਗੋ ਖੇਤਰ ਮੁਆਵਜੇ ਵਜੋਂ ਪ੍ਰਾਪਤ ਹੋਇਆ।

## ਪੁਰਤਗਾਲ ਅਤੇ ਅਫਰੀਕਾ (Portugal & Africa)

ਇਸ ਸੰਘਰਸ਼ ਵਿਚ ਪੁਰਤਗਾਲ ਵੀ ਪਿਛੇ ਨਾ ਰਿਹਾ। ਉਸ ਨੇ ਬੈਲਜ਼ੀਅਮ ਕਾਂਗੋ ਦੇ ਦੱਖਣ ਕੰਢਿਆਂ ਵਲ ਆਪਣੇ ਅੱਡੇ ਵਧਾਉਣੇ ਸ਼ੁਰੂ ਕੀਤੇ ਇਹ ਇਕ ਵੱਡੇ ਪ੍ਰਾਂਤ ਅੰਗੋਲਾ (Angola) ਦੇ ਰੂਪ ਵਿਚ ਪ੍ਰਗਟ ਹੋਏ। ਪੱਛਮੀ ਕੰਢਿਆਂ ਦੇ ਉਪਰ ਵੀ ਇਸ ਨੇ ਮੋਜਮਬੀਕ (Mozimbique) ਜਾਂ ਪੁਰਤਗਾਲੀ ਪੂਰਬੀ ਅਫਰੀਕਾ ਵਿਚ ਹਿਕ ਪੱਟੀ ਵਲ ਕਦਮ ਵਧਾਏ ਪ੍ਰੰਤੂ ਬਰਤਾਨੀਆਂ ਦੀ ਦੁਸ਼ਮਣੀ ਕਾਰਣ ਉਸ ਦਾ ਇਹ ਮਨਸੂਬਾ ਸਫਲ ਨਾ ਹੋ ਸਕਿਆ।

## ਇਟਲੀ ਅਤੇ ਅਫਰੀਕਾ (Italy & Africa)

ਇਟਲੀ ਦੀ ਅਫਰੀਕਾ ਪ੍ਰਤੀ ਬਸਤੀਵਾਦ ਦੀ ਨੀਤੀ ਬਹੁਤ ਛੋਟੀ ਜਿਹੀ ਹੈ। ਇਟਲੀ ਦਾ ਅਫਰੀਕਾ ਵਿਚ ਸਾਮਰਾਜਵਾਦ 1883 ਵਿਚ ਸ਼ੁਰੂ ਹੋਇਆ ਜਦੋਂ ਉਸ ਨੇ ਲਾਲ ਸਮੁੰਦਰ (Red Sea) ਉਪਰ ਏਰੀਟੀਰਆ (Eritirea) ਉਪਰ ਕਬਜ਼ਾ ਕਰ ਲਿਆ। ਅਗਲਾ ਕਦਮ ਅਫਰੀਕਾ ਦੇ ਪੂਰਬੀ ਕੰਡੇ ਉਪਰ ਸੈਮਾਲੀਲੈਂਡ ਉਪਰ ਕਬਜ਼ਾ ਸੀ। ਇਟਲੀ ਨੂੰ ਐਬੇ ਸਿਨੀਆ (Abyssinia) ਨੂੰ ਜਿੱਤ ਕੇ ਆਪਣੇ ਦੋਨੋਂ ਟੁਕੜੇ ਆਪਸ ਵਿਚ ਮਿਲਾਉਣੇ ਚਾਹੇ ਪ੍ਰੰਤੂ 1896 ਵਿਚ ਅਡੋਵਾ (Adowa) ਦੇ ਸਥਾਨ ਉਤੋਂ ਐਬਸਿਨੀਆ ਨੇ ਇਸ ਨੂੰ ਨਾਕਾਮਾ ਬਣਾ ਦਿਤਾ। ਇਥੇ ਰੁਕਾਵਟ ਨੂੰ ਦੇਖਦੇ ਹੋਏ ਹੁਣ ਇਟਲੀ ਉੱਤਰ ਵਲ ਨੂੰ ਮੁੜਿਆ ਅਤੇ 1912 ਵਿਚ ਇਸ ਨੇ ਤੁਰਕੀ ਤੋਂ ਤ੍ਰਿਪੋਲੀ ਨੂੰ ਖੋਹ ਲਿਆ ਅਤੇ ਇਸ ਦੇ ਨਾਲ ਲਹੀ ਸਾਈਰੇਨਿਕ (Cyrenancia) ਵੀ ਪ੍ਰਪਾਤ ਕਰ ਲਿਆ। ਇਹ ਦੋਨੋਂ ਖੇਤਰ ਇਟਲੀ ਦੇ ਬਸਤੀਆਂ ਬਣ ਗਏ।

## ਜਰਮਨੀ ਅਤੇ ਅਫਰੀਕਾ (Germany & Africa)

ਜਰਮਨੀ ਦੀ ਪਹਿਲੀ ਬਸਤੀ ਅਫਰੀਕਾ ਵਿਚ 1884 ਵਿਚ ਸਥਾਪਿਤ ਹੋਈ ਜਦੋਂ ਜਰਮਨੀ ਵਲੋਂ ਦੱਖਣੀ ਪੱਛਮੀ ਅਫਰੀਕਾ ਉੱਤੇ ਕਬਜ਼ਾ ਕੀਤਾ ਗਿਆ ਦੋ ਸਦੀਆਂ ਪਹਿਲਾਂ ਬਰੈਂਡਨਬਰਗ (Brandenburg) ਦਾ ਮਹਾਨ ਸਾਸਕ ਫਰੈਡਿਕ ਵਿਲੀਅਮ (Fredrick William) ਨੇ ਇਸ ਸੁਨਹਿਰੀ ਕੰਢੇ (Gold Coast) ਉਤੇ ਕੁਝ ਰਿਆਇਤਾਂ ਪ੍ਰਾਪਤ ਕੀਤੀਆਂ ਸਨ ਪਰੰਤੂ ਇਹ ਪ੍ਰਾਜੈਕਟ 18ਵੀਂ ਸਦੀ ਦੇ ਸ਼ੁਰੂ ਵਿਚ ਹੀ ਖਤਮ ਹੋ ਗਿਆ। 19ਵੀਂ ਸਦੀ ਵਿਚ ਜਰਮਨੀ ਨੇ ਅਫਰੀਕਾ ਵਿਚ ਇਕ ਵਾਰ ਫਿਰ ਆਪਣੇ ਪ੍ਰਭਾਵ ਵਧਾਉਣ ਲਈ ਸੋਚਿਆ ਅਤੇ ਉਸ ਨੇ ਕੰਮ ਲਈ ਮਿਸਤਰੀ, ਵਪਾਰੀ, ਰਾਜਨੀਤੀਵਾਦ ਅਤੇ ਖੋਜੀ ਭੇਜੇ। 1897 ਵਿਚ ਹੋਰਨੇਮੇਨ

(Hornemann) ਨੇ ਉਸੀ ਥਾ ਤੇ ਸਹਾਰਾ ਪਾਰ ਕੀਤਾ ਅਤੇ ਚਡ ਝੀਲ ਤਕ ਪਹੁੰਚਿਆ ਅਤੇ ਇਸ ਦੇ ਨਾਲ ਹੀ ਨਿਮਬੁਕਤ ਨਾਮ ਦਾ ਸ਼ਹਿਰ ਲੱਭਿਆ। 19ਵੀਂ ਸਦੀ ਦੇ ਮੱਧ ਵਿਚ ਕਈ ਹੋਰ ਜਰਮਨ ਖੋਜੀਆਂ ਨੇ ਸੁਡਾਨ ਅਤੇ ਉਪਰਲੇ ਨੀਲ ਤਕ ਸਫਰ ਕੀਤੇ। 1860 ਵਿਚ ਬੈਰੋਨ ਵੰਡਰ ਡੀਕਨ (Baron Vonder Deeken) ਨੇ ਮਾਊਟ ਕਿਲੀਮੰਜ਼ਾਰੋ (Mt. Killimanjaro) ਦਾ ਸਰਵੇ (Survey) ਕੀਤਾ। ਇਨ੍ਹਾਂ ਤੋਂ ਇਲਾਵਾ ਮੋਹਰ ਅਤੇ ਮਾਊਚ (Mohr and Mauch), ਨੇ ਜੇਮਬੱਸੀ ਖੇਤਰ (Zembezi Region) ਜਿੰਮਬਾਵੇ (Zimbabwe) ਦੇ ਖੰਡਰਾਤਾਂ ਦੀ ਖੋਜ ਕੀਤੀ। ਇਸ ਸਾਰੇ ਸਮੇਂ ਦੇ ਦੌਰਾਨ ਜਰਮਨੀ ਦੇ ਮਿਸ਼ਨਰੀ ਅਤੇ ਵਪਾਰੀ ਆਪਣਾ ਕੰਮ ਕਰਦੇ ਰਹੇ ਅਤੇ ਜਰਮਨੀ ਪ੍ਰਤੀ ਲੋਕ ਰਾਇ ਬਣਾਉਂਦੇ ਰਹੇ।

## ਬਿਸਮਾਰਕ ਦੀਆਂ ਬਸਤੀਆਂ ਪ੍ਰਤਿ ਨੀਤੀ (Bismarck's Colonial Policy)

ਪਰੰਤੂ ਬਿਸਮਾਰਕ ਇਸ ਦੇ ਵਿਰੁੱਧ ਸੀ। ਉਸ ਨੇ 1880 ਵਿਚ ਕਿਹਾ ਸੀ ਕਿ ਉਨਾਂ ਨੂੰ ਬਸਤੀਆਂ ਨਹੀਂ ਚਾਹੀਦੀਆਂ, ਕਿਉਂਕਿ ਉਹ ਰੇਸ਼ਮੀ ਕਪੜੇ ਪਾਉਣ ਵਾਂਗ ਹਨ ਜਿਨ੍ਹਾਂ ਹੇਠ ਕਮੀਜ਼ ਨਹੀਂ ਹੁੰਦੀ। ਇਹ ਸਿਰਫ ਨੌਕਰੀਆਂ ਦੇਣ ਲਈ ਚੰਗੀਆਂ ਹਨ। ਉਸ ਨੇ ਡੰਕੇ ਦੀ ਚੋਟ ਨਾਲ ਐਲਾਨ ਕੀਤਾ, ਮੈਂ ਬਸਤੀਆਂ ਵਾਲਾ ਆਦਮੀ ਨਹੀਂ ਹਾਂ। (I am not a Colonial Man) ਉਹ ਬਸਤੀਆਂ ਨੂੰ ਕਮਜ਼ੋਰੀ ਦਾ ਕਾਰਣ ਸਮਝਦਾ ਸੀ ਅਤੇ ਉਸ ਦੀ ਦਿਲਚਸਪੀ ਸਿਰਫ ਯੂਰਪ ਵਿਚ ਹੀ ਸੀ। ਉਸ ਸਮੇਂ ਇਸ ਤੋਂ ਇਲਾਵਾ ਕੁਝ ਨਹੀਂ ਸੀ ਦੇਣਾ ਚਾਹੁੰਦਾ।

ਪਰੰਤੂ ਬਾਅਦ ਵਿਚ ਉਸ ਨੂੰ ਲੋਕ ਰਾਏ ਦੇ ਦਬਾਅ ਅਤੇ ਆਰਥਿਕ ਦਬਾਅ ਦੇ ਕਾਰਣ ਬਸਤੀਆਂ ਦੇ ਖੇਤਰ ਵਿਚ ਆਉਂਣਾ ਹੀ ਪਿਆ। 1882 ਵਿਚ 250,000 ਜਰਮਨ ਵਿਰੋਧੀ ਦੇਸ਼ਾਂ ਨੂੰ ਪ੍ਰਵਾਸ ਕਰ ਗਏ ਸਨ। ਬਰਲਿਨ ਵਿਚੋਂ 1884 ਵਿਚ ਅੰਗਰੇਜ਼ ਰਾਜਦੂਤ ਲਾਰਡ ਐਮਪਿਥਕ (Lord Ampthic) ਨੇ ਲਿਖਿਆ ਹੈ ਕਿ ਇਹ ਇਕ ਮਹੱਤਵਪੂਰਨ ਗੱਲ ਹੈ ਕਿ ਬਿਸਮਾਰਕ ਆਪਣੀ ਸਖਤ ਕੀਤੀ ਦੇ ਉਲਟ ਜਨਤਾ ਦੀ ਰਾਏ ਨੂੰ ਦੇਖਦੇ ਹੋਏ ਬਸਤੀਆਂ ਦੇ ਖੇਤਰ ਵਿਚ ਪ੍ਰਦੇਸ਼ ਕਰਨ ਲਈ ਤਿਆਰ ਹੋ ਗਿਆ।

ਜਰਮਨੀ ਦਾ ਬਸਤੀਆਂ ਦੇ ਖੇਤਰ ਵਿਚ ਕੁੱਦਣਾ, ਬਰਤਾਨੀਆਂ ਨੂੰ ਚੰਗਾ ਨਾ ਲੱਗਾ, ਅਤੇ ਇਸ ਦੇ ਨਾਲ ਹੀ ਬਰਤਾਨੀਆਂ ਵਲੋਂ ਮਿਸਰ ਉਪਰ ਅਧਿਕਾਰ ਫਰਾਂਸ ਲਈ ਖੁਸ਼ੀ ਦੀ ਗੱਲ ਨਹੀਂ ਸੀ। ਹੁਣ ਬਰਾਤਨੀਆਂ ਨੂੰ ਫਰਾਂਸ ਅਤੇ ਰੂਸ ਦੇ ਵਿਰੁੱਧ ਮਦਦ ਚਾਹੀਦੀ ਸੀ ਅਤੇ ਅਤੇ ਇਹ ਮਦਦ ਉਸ ਸਮੇਂ ਸਿਰਫ ਜਰਮਨੀ ਤੋਂ ਹੀ ਪ੍ਰਾਪਤ ਹੋ ਸਕਦੀ ਸੀ। ਬਿਸਮਾਰਕ ਸਿਰਫ ਇਸ ਸ਼ਰਤ ਉਤੇ ਮਦਦ ਦੇਣ ਨੂੰ ਤਿਆਰ ਸੀ ਕਿ ਬਸਤੀਆਂ ਵਲ ਵੀ ਵਧੇਗਾ। ਇਹ ਇਕ ਬਹੁਤ ਮਜੇਦਾਰ ਗੱਲ ਹੈ ਕਿ ਇਹ ਜਰਮਨੀ ਸੀ ਜਿਸ ਨੇ ਫਰਾਂਸ ਦਾ ਧਿਆਨ ਬਸਤੀਆਂ ਵਲ ਮੋੜਿਆ ਤਾਂ ਜੋ ਉਹ ਅਪਣੇ ਖੁਸੇ ਇਲਾਕੇ ਅਲਸੇਸ ਅਤੇ ਲੋਰੇਨ (Alsace and Lorraine) ਵਲੋਂ ਅਪਣਾ ਧਿਆਨ ਮੋੜ ਕੇ ਦੂਜੇ ਪਾਸੇ ਲਾ ਲਵੇ ਅਤੇ ਇਹ ਬਰਤਾਨੀਆਂ ਜੀ ਜਿਸ ਨੇ ਜਰਮਨੀ ਨੂੰ ਬਸਤੀਆਂ ਵਾਸਤੇ ਉਤਸ਼ਾਹਤ ਕੀਤਾ ਪ੍ਰੰਤੂ ਇਹ ਗੱਲ ਸਪੱਸ਼ਟ ਹੈ ਕਿ ਉਸ ਸਮੇਂ ਦੋਨੋਂ ਹੀ ਇਹ ਕੰਮ ਜੋ ਫਾਇਦੇ ਵਾਸਤੇ ਕੀਤੇ ਗਏ ਸਨ ਖਿਚਾਅ ਦਾ ਕਾਰਣ ਬਣ ਗਏ ਇਸ ਨੂੰ ਬਾਅਦ ਵਿਚ ਸਾਰੇ ਦੇਸ਼ਾਂ ਨੇ ਮਹਿਸੂਸ ਵੀ ਕੀਤਾ।

## ਜਰਮਨੀ ਦੀਆਂ ਬਸਤੀਆਂ ਦਾ ਵਿਕਾਸ (German Colonial Development)

ਬਿਸਮਾਰਕ ਨੇ ਜਰਮਨੀ ਵਾਸਤੇ ਆਪਣੀ ਪਹਿਲੀ ਬਸਤੀ ਨੂੰ ਢੂੰਡਣ ਹਿਤ ਕਮਾਲ ਦਾ ਹੋਸਲਾ ਅਤੇ ਸਬਰ ਦਿਖਾਇਆ ਪ੍ਰੰਤੂ ਉਸ ਉਪਰੰਤ ਕੋਸ਼ਿਸਾ ਦੀ ਤੇਜ਼ੀ ਆ ਗਈ। ਸਿਰਫ ਇਕ ਸਾਲ ਬਾਅਦ 1884 ਵਿਚ ਉਸ ਨੇ ਦੱਖਣੀ ਪੱਛਮੀ ਅਫਰੀਕਾ ਕੈਮਰੂਨ (Cameroon) ਦੇ ਵਿਸਾਲ ਖੇਤਰ ਵਿਚ ਟੋਗੋਲੈਂਡ (Togoland) ਦਾ ਇਕ ਹਿੱਸਾ ਅਤੇ ਪੂਰਬੀ ਅਫਰੀਕਾ ਵਿਚ ਜੰਜੀਬਾਰ ਦੇ ਇਲਾਕੇ ਆਪਣੇ ਰਾਜ ਵਿਚ ਮਿਲਾ (annexed) ਲਏ। ਉਸੇ ਸਾਲ ਵਿਚ ਚਹੀ ਉਸ ਨੇ ਸਾਂਤ ਮਹਾਂਸਾਗਰ ਵਿਚ ਨਿਊ ਗਿਨੀ (New Guinea)

ਦਾ ਉਤਰੀ ਖੇਤਰ ਅਤੇ ਇਸ ਦੇ ਨਾਲ ਹੋਰ ਕਈ ਟਾਪੂ ਆਪਣੇ ਅਧੀਨ ਕਰ ਲਏ। ਇਸ ਤੋਂ ਇਲਾਵਾ ਸਮੁੱਚੇ ਸਮੋਆ (Samoa) ਜਾਂ ਉਸ ਦੇ ਉਪਰ ਆਪਣਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ ਅਤੇ ਹੁਣ ਉਸ ਦੇ ਲੋਕ ਯੂਰਪ ਤੋਂ ਬਾਹਰ ਨਿਕਲ ਕੇ ਦੁਨੀਆਂ ਵਿਚ ਆਪਣਾ ਸਾਮਰਾਜ ਬਣਾਉਣ ਦੇ ਸੁਪਨੇ ਲੈਣ ਲਗੇ ਅਤੇ ਸਭ ਤੋਂ ਵਧ ਉਨ੍ਹਾਂ ਨੇ ਆਪਣੀ ਸਮੁੰਦਰੀ ਤਾਕਤ (Navy) ਨੂੰ ਮਜ਼ਬੂਤ ਬਣਾਉਣ ਦਾ ਇਰਾਦਾ ਕਰ ਲਿਆ। ਤਾਂ ਜੋ ਸਭ ਖੇਤਰ ਇਲਾਕੇ, ਟਾਪੂ ਬਸਤੀਆਂ ਦੇ ਅੱਗੇ ਝੁਕਦੇ ਚਲੇ ਜਾਣ।

ਜਰਮਨੀ ਦੇ ਇਸ ਵਤੀਰੇ ਭਾਵ ਬਸਤੀਆਂ ਦੀ ਲੋੜ ਨੇ ਬਰਤਾਨੀਆਂ ਨੂੰ ਹਿਲਾ ਕੇ ਰੱਖ ਦਿੱਤਾ। ਗਲੈਂਡਸਟੋਨ ਨੇ ਹਾਊਸ ਆਫ ਕਾਮਨਜ਼ ਵਿਚ ਬੋਲਦਿਆਂ ਹੋਇਆ ਕਿਹਾ ਕਿ ਜੇਕਰ ਜਰਮਨੀ ਵੀ ਇਕ ਬਸਤੀਆਂ ਵਾਲੀ ਤਾਕਤ ਬਣ ਜਾਂਦੀ ਤਾਂ ਮੈਂ ਸਿਰਫ ਇਹੀ ਕਹਾਂਗਾ ਕਿ ਪ੍ਰਮਾਤਮਾ ਉਸ ਨੂੰ ਹੋਰ ਵਧਾਵੇ ਤਾਂ ਉਹ ਸਾਡਾ ਇਸ ਕੰਮ ਵਿਚ ਸਾਥੀ ਬਣ ਜਾਵੇ ਅਤੇ ਦੁਨੀਆਂ ਵਿਚ ਇਨਸਾਨੀਅਤ ਦਾ ਪ੍ਰਚਾਰ ਕਰੇ, ਪਰੰਤੂ ਬਰਤਾਨਵੀਂ ਸਰਕਾਰ ਜਰਮਨੀ ਦੇ ਇਸ ਬਦਲੇ ਹੋਏ ਵਤੀਰੇ ਤੋਂ ਔਖੀ ਸੀ। ਬਰਤਾਨੀਆਂ ਦੇ ਵਿਸ਼ੇਸ਼ ਸਕੱਤਰ ਲਾਡਰ ਗ੍ਰੇਨਵਿਲ (Lord Granville) ਜਰਮਨੀ ਦੀਆਂ ਜਿੱਤਾਂ ਬਾਰੇ ਜੁਆਬ ਦੇਣ ਵਿਚ ਨਾ ਕੇਵਲ ਦੋਚਿਤੀ ਵਿਚ ਹੀ ਸੀ ਬਲਕਿ ਜਾਣ ਬੁਝ ਕੇ ਦੇਰੀ ਕਰ ਰਿਹਾ ਸੀ। ਹੁਣ ਦੋਨਾਂ ਮੁਲਕਾਂ ਵਿਚ ਸਦੀ ਦੇ ਖਤਮ ਹੋਣ ਨਾਲ ਪੂਰੀ ਦੁਸ਼ਮਣੀ ਵਧਦੀ ਗਈ।

### ਜਰਮਨੀ ਦੀਆਂ ਅਫਰੀਕਾ ਵਿਚ ਬਸਤੀਆਂ-ਇਕ ਮੁਲਾਂਕਣ (German Colonies in Africa-an Estimate)

ਜਰਮਨੀ ਦਾ ਅਫਰੀਕਾ ਵਿਚ ਸਾਮਰਾਜ ਉਸ ਦੇ ਵਾਪਰੀਆਂ ਮਿਸਨਰੀਆਂ ਅਤੇ ਖੋਜੀਆਂ ਦੀ ਦੂਰ ਅੰਦੇਸ਼ੀ ਅਤੇ ਮਿਹਨਤ ਦਾ ਮਿੱਟਾ ਸੀ। ਇਸ ਤੋਂ ਇਲਾਵਾ ਇਸ ਵਿਚ ਬਿਸਮਾਰਕ ਦੀ ਖਾਸ ਕੰਮ ਕਰਨ ਦੀ ਭਾਵਨਾ ਵੀ ਪ੍ਰਧਾਨ ਸੀ। ਉਸ ਨੇ ਉਥੇ 1,028,000 ਵਰਗਮੀਲ ਦੇ ਰਕਬੇ ਉਪਰ ਕਬਜ਼ਾ ਕਰ ਲਿਆ ਸੀ ਭਾਵੇਂ ਇਹ ਇਲਾਕਾ ਬਰਤਾਨੀਆਂ ਅਤੇ ਫਰਾਂਸ ਨਾਲੋਂ ਘੱਟ ਸੀ। ਜਿਨ੍ਹਾਂ ਕੋਲ ਇਸ ਮਹਾਦੀਪ ਦਾ 1/3 ਦੇ ਲਗਭਗ ਹਿੱਸਾ ਸੀ। ਇਨ੍ਹਾਂ 30 ਸਾਲਾਂ ਵਿਚ ਜਰਮਨੀ ਦੀਆਂ ਬਸਤੀਆਂ ਵਿਚ ਜਰਮਨ ਲੋਕ ਜ਼ਿਆਦਾ ਪਰਵਾਸ ਕਰ ਕੇ ਨਹੀਂ ਗਏ। ਇਹ ਇਲਾਕੇ ਮੁੱਖ ਤੌਰ ਤੇ ਜਰਮਨੀ ਦੇ ਕਾਰਖਾਨਿਆਂ ਲਈ ਕੱਚਾ ਮਾਲ ਦੇਣ ਵਾਲੇ ਵਸੀਲੇ ਸਨ ਅਤੇ ਜਰਮਨੀ ਦਾ ਹਿੱਤ ਵਧੇਰੇ ਕਰ ਕੇ ਆਰਥਿਕ ਸੀ। 1914 ਤਕ ਉਨ੍ਹਾਂ ਬਸਤੀਆਂ ਉਪਰ 8 ਮਿਲੀਅਨ ਖਰਚਾ ਆ ਚੁੱਕਿਆ ਜਾਂ ਦੂਜੇ ਲਫ਼ਜ਼ਾਂ ਵਿਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਜਰਮਨੀ ਨੇ ਆਪਣੇ ਆਪ ਨੂੰ ਦੁਨੀਆਂ ਦੀ ਮਹਾਨ ਤਾਕਤ ਬਣਾਉਣ ਅਤੇ ਇਜ਼ਤ ਕਾਇਮ ਕਰਨ ਲਈ ਇਹ ਰਕਮ ਟੈਕਸ ਵਜੋਂ ਅਦਾ ਕੀਤੀ।

### ਬਰਤਾਨੀਆਂ ਅਤੇ ਅਫਰੀਕਾ (Britain & Africa)

ਅਫਰੀਕਾ ਦੀ ਵੰਡ ਦੇ ਸੰਘਰਸ਼ ਵਿਚ ਬਰਤਾਨੀਆਂ ਨੇ ਸਭ ਤੋਂ ਵੱਧ ਹਿੱਸਾ ਪ੍ਰਾਪਤ ਕੀਤਾ ਅਤੇ ਸਭ ਤੋਂ ਵਧੀਆਂ ਇਲਾਕਾ ਆਪਣੇ ਅਧੀਨ ਕੀਤਾ ਉੱਤਰ ਵਿਚ ਜਿਵੇਂ, ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ ਉਸ ਨੇ ਆਪਣੇ ਅਧਿਕਾਰ ਮਿਸਰ ਅਤੇ ਸੁਡਾਨ ਤਕ ਵਧਾ ਲਏ ਸਨ। ਬਰਤਾਨਵੀਂ ਪੂਰਬੀ ਅਫਰੀਕਾ ਉਪਰ ਕਬਜ਼ੇ ਦੇ ਕਾਰਣ ਅਤੇ ਯੂਗਾਂਡਾ ਦੇ ਉਪਰ ਰਖਿਅਕ ਰਾਜ ਸਥਾਪਿਤ ਕਰਨ ਮਗਰੋਂ ਹੁਣ ਬਰਤਾਨਵੀਂ ਕੋਲ ਭੂ-ਮੱਧ ਸਾਗਰ ਤੋਂ ਹਿੰਦ ਮਹਾਂਸਾਗਰ ਤਕ ਸਿੱਧਾ ਖੇਤਰ ਉਪਲਬਧ ਹੋ ਗਿਆ। ਮਹਾਂਦੀਪੀ ਦੇ ਦੱਖਣੀ ਕੰਢੇ ਉਤੇ ਬਰਤਾਨੀਆਂ ਨੇ ਕੇਪ ਕਲੌਨੀ, ਨੇਟਲ, ਟਰਾਂਸਵਾਲ ਔਰੇਂਜ ਦਰਿਆ ਕਾਲੌਨੀ (Orange River Colony) ਉਪਰ ਆਪਣਾ ਕਰ ਲਿਆ ਸੀ। 1909 ਵਿਚ ਇਹ ਯੂਨੀਅਨ ਆਫ ਸਾਊਥ ਅਫਰੀਕਾ ਬਣ ਗਈ ਸੀ। ਇਸ ਯੂਨੀਅਨ ਦੇ ਉਤਰ ਵਲ ਬੇਜੂਆਨਾਲੈਂਡ (Bachuanaland) ਉਪਰ ਰਖਿਅਕ ਰਾਜ ਅਤੇ ਇਸ ਤੇ ਉਪਰ ਵਲ ਰੋਡੀਏਸ਼ੀਆ ਸੀ ਜਿਹੜੇ ਕਿ ਜਰਮਨੀ-ਪੂਰਬੀ ਅਫਰੀਕਾ ਦੀ ਦੱਖਣੀ ਸਰਹੱਦ ਸੀ। ਇਸ ਤਰ੍ਹਾਂ ਕੇਪ ਕਲੌਨੀ ਤੋਂ ਉਪਰ ਵਲ ਧਕਦੇ ਹੋਏ ਬਰਾਤਨੀਆਂ ਨਾ ਟੁਟ ਸਕਣ ਵਾਲੇ ਖੇਤਰ ਵਿਚੋਂ ਲੰਘਦਾ ਹੋਇਆ ਟੰਗਨਯੀਕਾ ਝੀਲ (Tanganyika) ਤਕ ਪਹੁੰਚ ਗਿਆ।

## ਅਫਰੀਕਾ ਦੀ ਵੰਡ ਦਾ ਵਿਸ਼ਲੇਸ਼ਣ (Concluding Comments on the Partition of Africa)

ਜਿਉਂ ਹੀ ਅਫਰੀਕਾ ਦੀ ਖੋਜ ਦਾ ਪਤਾ ਲੱਗਾ, ਤਾਕਤ ਦੇ ਭੁੱਖੇ ਯੂਰਪੀ ਦੇਸ਼ ਨੂੰ ਆਪਸ ਵਿਚ ਵੰਡਣ ਲਈ ਸਘਰਸ਼ੀਲ ਹੋ ਗਏ। ਇਥੋਂ ਤਕ ਇਸ ਮਹਾਨ ਮਹਾਂਦੀਪ ਦੇ ਵਿਭਾਜਨ ਦਾ ਸੰਬੰਧ ਹੈ, ਦੋ ਪ੍ਰਮੁੱਖ ਨੁਕਤੇ ਸਾਹਮਣੇ ਆਉਂਦੇ ਹਨ। ਪਹਿਲਾ ਇਹ ਹੈ ਕਿ ਇਸ ਪ੍ਰਤੀ ਕੋਈ ਜੰਗ ਨਹੀਂ ਹੋਈ। ਇਸ ਦੇ ਸੰਘਰਸ਼ ਲਈ ਅਕਸਰ ਤਾਕਤਾਂ ਵਿਚ ਖਿਚੋਤਾਨ ਪੈਦਾ ਹੋ ਜਾਂਦਾ ਰਿਹਾ ਪਰੰਤੂ ਇਨ੍ਹਾਂ ਨੇ ਆਪਣੀਆਂ ਗ਼ਲਤ ਫਹਿਮੀਆਂ ਜਾਂ ਦੁੱਖ ਜਾਂ ਸਿਕਵੇ ਆਪਣੀ ਸਮਝ ਬੂਝ ਜਾਂ ਇਕੱਠੇ ਬੈਠ ਕੇ ਸੁਲਝਾ ਲਏ। ਇਨ੍ਹਾਂ ਦੀਆਂ ਆਪਣੀਆਂ ਸਰਹੱਦਾ ਅਤੇ ਪ੍ਰਭੂਸਤਾ ਦੇ ਮਸਲੇ ਕਾਨਫਰੰਸਾਂ ਨੇ ਹੀ ਸੁਲਝਾ ਦਿੱਤੇ। ਦੂਜਾ ਇਹ ਕਿ ਇਸ ਦੀ ਵੰਡ ਅਹਿਸਤਾ ਅਤੇ ਹੌਲੀ ਰਫ਼ਤਾਰ ਨਾਲ ਹੋਈ ਬਲਕਿ ਇਹ ਬਿਜਲੀ ਦੀ ਤੇਜ਼ੀ ਨਾਲ ਹੋਈ ਇਹ ਤਕਰੀਬਨ 1870 ਦੇ ਕਰੀਬ ਸ਼ੁਰੂ ਹੋ ਕੇ ਸਦੀ ਦੇ ਖਤਮ ਹੋਣ ਤੋਂ ਪਹਿਲਾਂ ਹੀ ਪੂਰਣ ਵੀ ਹੋ ਗਈ। ਇਸ ਤੇਜ਼ੀ ਦਾ ਕਾਰਣ 1884-85 ਦੀ ਬਰਲਿਨ ਕਾਨਫਰੰਸ ਦਾ ਇਹ ਮਤਾ ਵੀ ਹੋ ਸਕਦਾ ਹੈ ਕਿ ਕੋਈ ਮੁਲਕ ਜਦੋਂ ਅਫਰੀਕਾ ਦੇ ਕਿਸੀ ਇਲਾਕੇ ਨੂੰ ਆਪਣੇ ਵਿਚ ਮਿਲਾਉਣਾ ਚਾਹੇ ਤਾਂ ਉਹ ਦੂਜੇ ਦੇਸ਼ ਨੂੰ ਇਸ ਪ੍ਰਤੀ ਖਬਰਦਾਰ ਕਰ ਦੇਵੇਗਾ। ਇਸ ਨੇ ਸਾਰੀਆਂ ਹੀ ਤਾਕਤਾਂ ਨੂੰ ਛੇਤੀ ਹੀ ਇਸ ਉਪਰ ਕਬਜ਼ਾ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਤੀਜਾ ਨਵੇਂ ਸਾਮਰਾਜਵਾਦ ਦੇ ਦੌਰ ਦੇ ਰੂਪ ਵਿਚ ਸਾਹਮਣੇ ਆਇਆ।

ਇਸ ਤੋਂ ਇਲਾਵਾ ਅਫਰੀਕਾ ਵਿਚ ਯੂਰਪੀ ਤਾਕਤਾਂ ਦਾ ਉਥੋ ਦੇ ਇਲਾਕਿਆਂ ਨੂੰ ਆਪ ਦੇ ਕਬਜ਼ੇ ਵਿਚ ਕਰਨ ਦਾ ਹੋਰ ਕੋਈ ਖਿਆਲ ਸਾਹਮਣੇ ਨਹੀਂ ਆਉਂਦਾ। ਯੂਰਪੀ ਤਾਕਤਾਂ ਨੇ ਸਥਾਨਕ ਦੋਲਤ ਅਤੇ ਕਦਰਾਂ ਕੀਮਤਾਂ ਦੀ ਬੁਨਿਆਦ ਉੱਤੇ ਆਪਣੇ ਬਸਤੀਆਂ ਦੇ ਸਾਮਰਾਜ ਉਸਾਰਨ ਦੇ ਉਪਰਾਲੇ ਕੀਤੇ ਅਤੇ ਕਾਮਯਾਬ ਵੀ ਹੋਏ। ਇਸ ਇਨਸਾਨੀ ਕਦਰਾਂ ਕੀਮਤਾਂ ਇਨਸਾਨੀਅਤ ਦਾ ਸਿੱਧਾ ਅਤੇ ਸਫੈਦ ਸ਼ੋਸ਼ਣ ਜੀ ਜਿਸ ਵਿਚ ਮਿਸ਼ਨਰੀ ਵੀ ਸ਼ਾਮਲ ਸਨ।

**Books for Further Readings**


1. Abbot, W. C. - Expansion of Europe (1938)
2. Moon D. T. - Imperialism and Politics (1926)
3. David Thompson-Europe Since Napoleon (1960)
4. ਅਰੌੜਾ ਏ. ਸੀ.- ਵਿਸ਼ਵ ਦਾ ਇਤਿਹਾਸ (1500-1960)

**ਪਾਠ ਨੰਬਰ : 2.3**

# ਪੂਰਬੀ ਏਸ਼ੀਆ ਵਿਚ ਸਾਮਰਾਜਵਾਦ ਚੀਨ-ਜਾਪਾਨ ਜੰਗ (1894-95) ਰਿਆਇਤਾਂ ਪ੍ਰਾਪਤ ਕਰਨ ਦੀ ਲੜਾਈ, ਖੁਲ੍ਹੇ ਦਰ ਦੀ ਨੀਤੀ

## ਭੂਮਿਕਾ

1860 ਅਤੇ 1899 ਦਰਮਿਆਨ ਕਈ ਬਿਦੇਸ਼ੀ ਸ਼ਕਤੀਆਂ ਖਾਸ ਕਰ ਰੂਸ, ਜਰਮਨੀ, ਬਰਤਾਨੀਆਂ ਅਤੇ ਜਾਪਾਨ ਨੇ ਚੀਨ ਵਿਚ ਸਾਮਰਾਜਵਾਦ ਦੀ ਨੀਤੀ ਦਾ ਪਾਲਣ ਕੀਤਾ। ਇਸ ਦਖਲ-ਅੰਦਾਜ਼ੀ ਦੇ ਕਾਰਣ ਵੱਖ ਵੱਖ ਦੇਸ਼ਾਂ ਲਈ ਵੱਖ ਵੱਖ ਸਨ। ਪ੍ਰੰਤੂ 1860 ਤਕ ਸਿਵਾਏ ਬਰਤਾਨੀਆਂ ਤੋਂ ਜਿਸ ਨੇ 1842, 1858, ਅਤੇ 1860 ਦੀਆਂ ਸੰਧੀਆਂ ਦੁਆਰਾ ਚੀਨ ਤੋਂ ਕੁਝ ਵਾਧੂ ਦੇ ਲਾਭ ਅਤੇ ਰਿਆਇਤਾਂ ਹਾਸਲ ਕਰ ਲਈਆਂ ਸਨ, ਚੀਨ ਦੀ ਕੀਮਤ ਤੇ ਕੋਈ ਵੱਡਾ ਖੇਤਰੀ ਲਾਭ ਪ੍ਰਾਪਤ ਨਹੀਂ ਕੀਤਾ ਜਾ ਸਕਿਆ ਸੀ।

ਵੱਡੀਆਂ ਸ਼ਕਤੀਆਂ ਦੀ ਦੁਸ਼ਮਣੀ ਨੇ ਉਨ੍ਹਾਂ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਜਿਨ੍ਹਾਂ ਨਾਲ ਬਰਤਾਨੀਆ, ਫਰਾਂਸ, ਰੂਸ ਅਤੇ ਜਾਪਾਨ ਨੇ ਇਸ ਮਕਸਦ ਨਾਲ ਦੂਸਰੇ ਨੂੰ ਵੰਗਾਰਿਆ, ਪਹਿਲਾਂ ਤੋਂ ਹੀ ਸਮਝਿਆ ਅਤੇ ਆਪਸ ਵਿਚ ਤਰ੍ਹਾਂ ਤਰ੍ਹਾਂ ਨਾਲ ਸਹਿਯੋਗ ਕੀਤਾ ਸੀ ਕਿ 19ਵੀਂ ਸਦੀ ਦੇ ਦੂਸਰੇ ਅੱਧ ਵਿਚ ਚੀਨ ਦੇ ਕੀਤੇ ਜਾਣ ਵਾਲੇ ਟੁਕੜਿਆਂ ਤੋਂ ਵੱਧ ਤੋਂ ਵੱਧ ਲਾਭ ਕਵੇਂ ਉਠਾਇਆ ਜਾਵੇ। ਫਿਰ ਵੀ ਕਿਸੇ ਸ਼ਕਤੀ ਨੇ ਅਜਿਹੀ ਕਾਰਵਾਈ ਜ਼ਾਰੀ ਨਹੀਂ ਰੱਖੀ ਸੀ। ਕਿਉਂਕਿ ਹਰੇਕ ਸ਼ਕਤੀ ਦੂਸਰੀਆਂ ਸ਼ਕਤੀਆਂ ਦੇ ਲਾਭ ਅਤੇ ਹਿੱਤਾਂ ਤੋਂ ਪ੍ਰਭਾਵਿਤ ਹੁੰਦੀ ਸੀ। ਯੂਰਪੀ ਕੌਮਾਂ ਦਰਮਿਆਨ ਵੀ ਕੁਝ ਪ੍ਰਤੱਖ ਗਠਜੋੜ ਸਨ। ਫਰਾਂਸੀਸੀ-ਰੂਸੀ ਮਿੱਤ੍ਰਤਾ, ਜਿਨ੍ਹਾਂ ਦਾ ਸਮੁੰਦਰੀ ਵਪਾਰ ਨਹੀਂ ਸੀ, 1895 ਤਕ ਆਪਣੀ ਜ਼ਮੀਨੀ ਸਥਿਤੀ ਵਲੋਂ ਹੀ ਚੀਨ ਵਿਚ ਘੁਸ ਗਏ ਸਨ। ਦੂਸਰੇ ਪਾਸੇ ਵਪਾਰਕ ਅਤੇ ਸਮੁੰਦਰੀ ਸ਼ਕਤੀਆਂ ਵਜੋਂ ਬਰਤਾਨੀਆਂ ਅਤੇ ਜਰਮਨੀ ਨੇ ਕ੍ਰਮਵਾਰ ਯੰਗਜੀ ਵਾਦੀ (Yangtze Valley) ਅਤੇ ਸ਼ਾਨਤੁੰਗ (Shantung) ਵਿਚ ਆਪਣੇ ਖੇਤਰ ਬਣਾ ਲੈਣੇ ਚਾਹੇ ਸਨ। ਸੋ ਵਪਾਰੀਆਂ, ਧਰਮ ਪ੍ਰਚਾਰਕਾਂ ਅਤੇ ਕੂਟਨੀਤਕਾਂ ਦੀਆਂ ਆਪਣੀਆਂ ਵਿਭਿੰਨ ਭੂਮਿਕਾਵਾਂ ਵਿਚ ਯੂਰਪੀਨ ਚੀਨ ਵਿਚ ਅਜਿਹੀ ਸਭਿਅਤਾ ਅਤੇ ਸੰਕਲਪ ਲੈ ਗਏ ਜੋ 19ਵੀਂ ਸਦੀ ਦੇ ਪ੍ਰੰਪਰਾਵਾਂ ਵਾਲੇ ਚੀਨ ਦੇ ਲੋਕਾਂ ਲਈ ਓਪਰੇ ਸਨ।

ਤਾਇਸਿਨ (Tientsin) ਦੀ ਸੰਧੀ ਦੁਆਰਾ, ਚੀਨ ਅਤੇ ਜਾਪਾਨ ਨੇ ਇਕ ਦੂਸਰੇ ਨੂੰ ਬਰਾਬਰ ਦਾ ਭਾਈਵਾਲ ਬਣਾ ਲਿਆ ਅਤੇ ਵਪਾਰ ਦੇ ਨਿਯਮ ਵੀ ਲਗਭਗ ਉਹੋ ਜਿਹੇ ਹੀ ਸਨ ਜੋ ਪੱਛਮੀ ਸ਼ਕਤੀਆਂ ਨਾਲ ਮਿਥੇ ਗਏ ਹਨ। ਪਰ ਇਹ ਸੰਬੰਧ 1871 ਤਕ ਖਰਾਬ ਹੋਣੇ ਸ਼ੁਰੂ ਹੋ ਗਏ ਸਨ। 1871 ਤਕ ਜਾਪਾਨ ਨੇ ਰੀਊਕ (Ryuku) ਦੀਪਾ ਤੇ ਕਬਜ਼ਾ ਕਰ ਲਿਆ ਸੀ ਅਤੇ ਚੀਨ ਨੇ ਉਸ ਹਾਲਾਤ ਨੂੰ ਮੰਨ ਲਿਆ ਜਿਸ ਨੂੰ ਬਦਲਣ ਤੋਂ ਲਾਚਾਰ ਸੀ।

## ਕੋਰੀਆ ਦਾ ਮਾਮਲਾ

ਆਧੁਨਿਕ ਸਮੇਂ ਚੀਨ ਅਤੇ ਜਾਪਾਨ ਦਰਮਿਆਨ ਸਭ ਤੋਂ ਗੰਭੀਰ ਟਕਰਾਉ ਕੋਰੀਆਂ ਦੁਆਲੇ ਸੀ। ਇਸ ਟਕਰਾਓ ਵਿਚੋਂ ਸਿਧੇ ਤੌਰ ਤੇ ਸੰਬੰਧਤ ਦੋਹਾਂ ਧਿਰਾਂ ਲਈ ਹੀ ਨਹੀਂ ਸਗੋਂ ਸਮੁੱਚੇ ਸੰਸਾਰ ਲਈ ਗੰਭੀਰ ਮਹੱਤਤਾ ਵਾਲੇ ਸਿੱਟੇ ਨਿਕਲੇ ਸਨ। ਯੂਰਪ ਨਾਲ ਕੋਰੀਆ ਦਾ ਸੰਪਰਕ ਇਕ ਸਪੇਨੀ ਯਸੂਹੀ ਰਾਹੀਂ 1593 ਵਿਚ ਸਥਾਪਤ ਹੋਇਆ ਸੀ।

18ਵੀਂ ਸਦੀ ਦੇ ਅੰਤ ਸਮੇਂ ਕੋਰੀਆਂ ਨਾਲ ਵਪਾਰ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਜਦੋਂ 1846 ਵਿਚ ਫਰਾਂਸ ਨੇ ਨਵੇਂ ਬਣੇ ਈਸਾਈਆਂ ਅਤੇ ਉਨ੍ਹਾਂ ਦੇ ਤਿੰਨ ਪਾਦਰੀਆਂ ਉਪਰ ਕੀਤੇ ਅਤਿਆਚਾਰ ਲਈ ਸਪਸ਼ਟੀਕਰਣ ਮੰਗਿਆ ਤਾਂ ਉਸ ਨੂੰ ਦੱਸਿਆ ਗਿਆ ਕਿ ਕੋਰੀਆ ਚੀਨ ਦੇ ਅਧੀਨ ਹੋ ਜਿਸ ਨੂੰ ਬਿਦੇਸ਼ੀ ਸੰਬੰਧਾਂ ਦੇ ਸਾਰੇ ਮਾਮਲਿਆਂ ਬਾਰੇ ਦੱਸਣਾ ਜ਼ਰੂਰੀ ਹੈ। ਇਸ ਬਿਆਨ ਦੁਆਰਾ ਕੋਰੀਆ ਪੱਛਮ ਨਾਲ ਸੰਬੰਧ ਰੱਖਣ ਤੋਂ ਟਲਣ ਦਾ ਯਤਨ ਕਰ ਰਿਹਾ ਸੀ ਨਾ ਕਿ ਆਪਣਾ ਰੁਤਬਾ ਠੀਕ ਢੰਗ ਨਾਲ ਬਿਆਨ ਕਰ ਰਿਹਾ ਸੀ। 1860 ਤੋਂ ਬਾਅਦ ਕਈ ਸ਼ਕਤੀਆਂ ਨੇ ਕੋਰੀਆਂ ਨਾਲ ਵਪਾਰਕ ਸੰਬੰਧ ਬਣਾਉਣ ਦਾ ਯਤਨ ਕੀਤਾ। ਬਰਤਾਨੀਆਂ ਅਤੇ ਰੂਸ ਨੇ 1861 ਵਿਚ ਅਤੇ ਫਰਾਂਸ ਨੇ 1862 ਵਿਚ ਕੋਰੀਆ ਨਾਲ ਵਪਾਰਿਕ ਸੰਬੰਧ ਕਾਇਮ ਕੀਤੇ।

ਕਿਉਂਕਿ ਕੋਰੀਆ ਨੇ ਚੀਨ ਨੂੰ ਕਰ (Tribute) ਦੀ ਪੇਸ਼ ਕੀਤੀ ਸੀ, ਉਸ ਦੇ ਹੁਕਮਰਾਨ ਨੇ ਚੀਨੀ ਸਮਰਾਟ ਦੀ ਪ੍ਰਭਸੱਤਾ ਸਵੀਕਾਰ ਕਰ ਲਈ ਸੀ। ਜਾਪਾਨ ਨੇ ਆਪਣਾ ਪੱਛਮੀ ਦੇਸ਼ਾਂ ਨਾਲ ਸੰਬੰਧਾਂ ਦੁਆਰਾ ਆਧੁਨਿਕੀਕਰਣ ਕਰ ਲਿਆ ਸੀ ਅਤੇ ਕੋਰੀਆ ਨੂੰ ਆਪਣੇ ਨਾਲ ਮਿਲਾ ਲੈਣ ਦੇ ਮੌਕੇ ਦੀ ਇੰਤਜ਼ਾਰ ਕਰ ਰਿਹਾ ਸੀ ਜੋ ਕਿ ਆਪਣੀ ਭੂਗੋਲਿਕ ਸਥਿਤੀ ਕਰ ਕੇ ਦੂਰ ਪੂਰਵ ਲਈ ਸੰਚਾਲਕ ਕੇਂਦਰ (the cockpit of the far east) ਬਣਨਾ ਨਿਰਧਾਰਤ ਸੀ। ਇਸ ਤੱਥ ਨੇ ਕਿ ਚੀਨ ਨੇ ਕੋਰੀਆਂ ਦੀਆਂ ਕਾਰਵਾਈਆਂ ਲਈ ਕੋਈ ਜ਼ਿੰਮੇਵਾਰੀ ਨਹੀਂ ਲਈ ਫਰਾਂਸ ਦਾ ਇਹ ਵਿਸ਼ਵਾਸ ਪੱਕਾ ਕਰ ਦਿੱਤਾ। 1866 ਦੇ ਇਸਾਈ ਵਿਰੋਧੀ ਅਤਿਆਚਾਰ ਸਮੇ ਚੀਨ ਨੇ ਆਪਣੇ ਉਪਚਾਰਕ ਗੁਲਾਮ ਜਾਂ ਸਿੱਧੇ ਤੌਰ ਤੇ ਸੰਬੰਧਿਤ ਰਾਜ ਉਪਰ ਮਨਮਰਜ਼ੀ ਨਾਲ ਕੋਈ ਵਾਅਦਾ ਨਹੀਂ ਰਖਿਆ। ਸੰਯੁਕਤ ਰਾਜ ਅਮਰੀਕਾ ਨਾਲ ਇੰਜ ਹੀ ਵਾਪਰਿਆ (ਮਈ 1871 ਦੀ ਸਮੁੰਦਰੀ ਫੌਜ ਦੀ ਕਰਵਾਈ ਸਮੇਂ) ਜਿਸ ਦੇ ਕੂਟਨੀਤਕ ਇਹ ਵਿਚਾਰ ਰੱਖਦੇ ਸਨ ਕਿ ਚੀਨ ਨੇ ਕੋਰੀਆ ਉੱਪਰ ਆਪਣੇ ਦਾਅਵਿਆ ਨੂੰ ਪਿਛੇ ਜਿਹੇ ਤੋਂ ਛੱਡ ਦਿੱਤਾ ਹੈ।

1868 ਵਿਚ ਜਾਪਾਨ ਨੇ ਕੋਰੀਆ ਨਾਲ ਆਪਣੇ ਸਬੰਧਾਂ ਨੂੰ ਮੁੜ ਤੋਂ ਸਥਾਪਤ ਕਰਨ ਲਈ ਇਕ ਪ੍ਰਤੀਨਿਧ ਮੰਡਲ ਭੇਜਿਆ। ਇਸ ਅਤੇ ਬਾਅਦ ਦੇ ਮੰਡਲ (1819-1871) ਦਾ ਕੋਈ ਖਾਸ ਸਿੱਟਾ ਨਹੀਂ ਨਿਕਲਿਆ ਕਿਉਂਕਿ ਤਾਏ ਵੁਨ ਕੁਨ (Tai Wun Kun) ਦੀ ਸਰਕਾਰ, ਜਾਪਾਨ ਨੂੰ ਪੱਛਮੀ ਢੰਗ ਤਰੀਕੇ ਆਪਣਾ ਲੈਣ ਕਰ ਕੇ ਕਨਫਿਊਸ਼ੀਆ ਸਮਾਜ ਪ੍ਰਤੀ ਗਦਾਰੀ ਕਰਨ ਵਾਲਾ ਦੇਸ਼ ਸਮਝਦੀ ਸੀ। ਪਰ 1875 ਦੀ ਤੋਪ-ਬੇੜੀਆਂ ਵਾਲੀ ਘਟਨਾ ਕਰ ਕੇ ਕੋਰੀਆ ਨੂੰ ਜਾਪਾਨ ਨਾਲ ਸੰਧੀ ਕਰਨੀ ਪਈ ਅਤੇ ਚੀਨ ਤੋਂ ਅੱਡ ਕਰ ਲਿਆ।

19ਵੀਂ ਸਦੀ ਦੇ ਦੂਸਰੇ ਅੱਧ ਦੌਰਾਨ, ਦੂਰ ਪੂਰਬ ਵਿਚ ਯਰੂਪ ਇਕ ਵਾਰ ਫੇਰ ਮੁੜ ਉਭਰ ਕੇ ਸਾਹਮਣੇ ਆਇਆ। 1818 ਦੇ ਸੰਕਟਾਂ ਸੰਬੰਧੀ ਚੀਨੀ-ਰੂਸੀ ਸਮਝੌਤਾ ਹੋਇਆ। 1886 ਵਿਚ ਜ਼ਾਰ ਅਲੈਂਡਜੈਂਡਰ ਤੀਜੇ ਨੇ ਫੈਸਲਾ ਕੀਤਾ ਕਿ ਰੂਸ ਦੀ ਕਮਜ਼ੋਰੀ ਨੂੰ ਸਾਇਬੇਰੀਆ ਵਿਚ ਰੇਲਵੇ ਦੀ ਉਸਾਰੀ ਕਰਕੇ ਪੂਰਿਆ ਜਾ ਸਕਦਾ ਹੈ। ਇਸ ਪਰਿਯੋਜਨਾ ਉੱਪਰ 1891 ਵਿਚ ਕੰਮ ਸ਼ੁਰੂ ਹੋ ਗਿਆ ਸੀ। ਇਸ ਤਰ੍ਹਾਂ ਰੂਸ ਨੇ ਆਪਣੇ ਧੀਮੇ ਅਡੁਕ ਢੰਗ ਨਾਲ ਆਪਣੇ ਏਸ਼ਿਆਈ ਖੇਤਰਾਂ ਨੂੰ ਦੱਖਣ ਵਲ ਵਧਾਉਣ ਅਤੇ ਚੀਨ ਤੇ ਕੋਰੀਆ ਦੀਆਂ ਸਰਹੱਦਾਂ ਦੀ ਉਲੰਘਣਾ ਕਰਨੀ ਜਾਰੀ ਰੱਖੀ।

ਰੂਸ ਦਾ ਹਿੱਤ, ਪ੍ਰਭਾਵ ਅਤੇ ਸ਼ਕਤੀ ਇੰਜ ਵੱਧ ਜਾਣ ਨਾਲ ਉਸ ਦੀ ਧੁਰ-ਪੂਰਬ ਦੀ ਨੀਤੀ ਵਧੇਰੇ ਜ਼ੋਰਦਾਰ ਬਣ ਗਈ। ਜਾਪਾਨ ਧੁਰ-ਪੂਰਬ ਵਿਚ ਉਸ ਦੇ ਮਨਸੂਬਿਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਰਿਹਾ ਸੀ। 1857 ਵਿਚ ਜਾਪਾਨੀਆਂ ਨੇ ਸਾਖਾਲਿਨ (Sakhalin) ਦੀਪ ਦੇ ਦੱਖਣੀ ਹਿੱਸੇ ਨੂੰ ਰੂਸੀਆਂ ਨੂੰ ਦੇਣ ਤੇ ਮਜਬੂਰ ਹੋਣਾ ਪਿਆ ਸੀ। ਰੂਸ ਦੇ ਹਮਲਾਕੁਨ ਇਰਾਦੇ ਬਹੁਤ ਸਪਸ਼ਟ ਹੋ ਗਏ ਸਨ। ਇਸ ਹਾਲਤ ਵਿਚ ਜਾਪਾਨ ਕੋਰੀਆਂ ਦੇ ਖੇਤਰ ਵਿਚ ਦਖਲ ਅੰਦਾਜ਼ੀ ਦਾ ਆਪਣਾ ਅਧਿਕਾਰੀ ਵਰਤ ਨਹੀਂ ਸਕਦਾ ਸੀ ਜੇ ਕਰ ਰੂਸ ਅਤੇ ਕੋਰੀਆ ਉਪਰ ਅਧਿਕਾਰ ਜਮਾਉਣ ਦਾ ਅਧਿਕਾਰ ਪ੍ਰਾਪਤ ਕਰ ਲੈਂਦਾ। ਜਾਪਾਨ ਲਈ ਅਜਿਹਾ ਰਾਜ ਅਧਿਕਾਰ ਪ੍ਰਾਪਤ ਕਰਨਾ ਜ਼ਰੂਰੀ ਸੀ।

## ਲੀ ਹੁੰਗ ਚਾਂਗ (Li Hung Chang)

16ਵੀਂ ਸਦੀ ਦੇ ਅੰਤ ਸਮੇਂ ਚੀਨ ਦੇ ਕੌਮਾਂਤਰੀ ਸੰਬੰਧ (International Relations) ਮੁੱਖ ਤੌਰ ਤੇ ਲੀ ਹੁੰਗ ਚਾਂਗ (1870–85) ਨਾਲ ਜੋੜ ਕੇ ਵੇਖੇ ਜਾਂਦੇ ਸਨ, ਜਿਸ ਨਾਲ ਕੋਰੀਆ ਦੇ ਮਸਲੇ ਨਾਲ ਨਜਿਠਿਆ ਸੀ। ਲੀ ਹੁੰਗ ਕੋਰੀਆ ਦੀ ਸਮੱਸਿਆ ਦੀ ਅਹਿਮੀਅਤ ਨੂੰ ਸਹੀ ਤਰ੍ਹਾਂ: ਸਮਝਣ ਵਾਲੇ ਅਤੇ ਆ ਰਹੇ ਤੁਫਾਨ ਦੀ ਭਵਿੱਖ ਬਾਣੀ ਕਰਨ ਵਾਲੇ ਪਹਿਲੇ ਚੀਨੀ ਰਾਜਨੀਤਿਕ ਨੇਤਾਵਾਂ ਵਿਚੋਂ ਸੀ। ਉਸ ਨੇ 1871 ਦੀ ਸੰਧੀ ਵਿਚ ਇਕ ਦੂਸਰੇ ਉਪਰ ਹਮਲਾ ਨਾ ਕਰਨ ਦਾ ਇਕ ਅਨੁਛੇਦ ਰੱਖ ਕੇ ਇਸ ਮਸਲੇ ਤੇ ਨੱਥ ਪਾਉਣ ਦੀ ਚਾਲ ਚਲੀ। ਜਾਪਾਨੀਆਂ ਨੇ ਕੋਰੀਆਂ ਨੂੰ ਖੁਲ੍ਹਾ ਰੱਖਣ ਤੇ ਜ਼ੋਰ ਪਾਇਆ ਸੀ। ਲੀ-ਹੁੰਗ ਬਹਰਹਾਲ, 1876 ਦੀ ਜਾਪਾਨੀ-ਕੋਰਆਈ ਸੰਧੀ ਕਰ ਲੈਣ ਵਿਚ ਜਾਪਾਨ ਯੁੱਧਨੀਤਕ ਕਦਮ ਦਾ ਪਹਿਲਾਂ ਤੋਂ ਹੀ ਅਨੁਮਾਨ ਨਹੀਂ ਲਾ ਸਕਿਆ ਸੀ। ਲੀ ਨੇ ਮਹਿਸੂਸ ਕਰ ਲਿਆ ਕਿ ਚੀਨ ਹੁਣ ਇਕ ਖਾਮੋਸ਼ ਧਿਰ ਨਹੀਂ ਰਹਿ ਸਕਦਾ। 1879 ਤੋਂ ਬਾਅਦ, ਉਸ ਨੇ ਕੋਰੀਆ ਨੂੰ ਉਸ ਦੀ ਫੌਜ ਸੁਧਾਰਨ ਵਿਚ ਮਦਦ ਕੀਤੀ ਅਤੇ ਕੋਰੀਆ ਉਪਰ ਚੀਨ ਦੀ ਸਰਕਾਰ ਦਾ ਦਾਅਵਾ ਕੀਤਾ।

## ਟਾਹਿੰਟਸਨ ਦੀ ਸੰਧੀ (Treaty of Tienstin)

ਜਾਪਾਨ ਦੀ ਕੋਰੀਆ ਵਿਚ ਸਰਗਰਮ ਹੋ ਗਿਆ ਸੀ। 1874 ਵਿਚ ਜਾਪਾਨੀ ਮੰਤਰੀ ਨੇ ਸਿਓਲ ਵਿਚ ਚੀਨ ਦੀ ਰਾਜਨੀਤੀ ਤੇ ਖੁੱਲੇ ਆਮ ਆਲੋਚਨਾ ਕੀਤੀ ਸੀ ਦਸੰਬਰ 1884 ਵਿਚ ਕੋਰੀਆ ਦੇ ਅਗਾਹ ਵਧੂਆਂ ਨੇ ਰਾਜੇ ਨੂੰ ਫੜ ਲਿਆ ਅਤੇ ਜਾਪਾਨ ਨੂੰ ਫੌਜੀ ਰੱਖਿਆ ਪ੍ਰਦਾਨ ਕਰਨ ਲਈ ਆਖਿਆ। ਟਾਇੰਟਸਨ ਦੀ ਸੰਧੀ (18 ਅਪ੍ਰੈਲ, 1885) ਜਾਪਾਨ ਲਈ ਜੇਕਰ ਪੂਰੀ ਨਹੀਂ ਤਾਂ ਅੰਸ਼ਕ ਸਫਲਤਾ ਜ਼ਰੂਰ ਸੀ ਕਿਉਂਕਿ ਇਸ ਨਾਲ ਜਾਪਾਨ ਨੂੰ ਫੌਜੀ ਦਖਲ-ਅੰਦਾਜ਼ੀ ਦੇ ਮਾਮਲੇ ਵਿਚ ਚੀਨ ਦੇ ਬਰਾਬਰ ਦੀ ਸਥਿਤੀ ਮਿਲ ਗਈ ਸੀ।

1894 ਦੇ ਪਹਿਲੇ ਮਹੀਨਿਆ ਵਿਚ ਚੀਨ-ਜਾਪਾਨ ਵਿਚਕਾਰ ਕੋਰੀਆ ਦੀ ਹੈਸ਼ੀਅਤ ਦਾ ਮਾਮਲਾ ਸਪਸ਼ਟ ਹੋ ਗਿਆ ਸੀ। ਇਸ ਸਮੇਂ ਤਕ ਕੋਰੀਆ ਵੱਡੀਆਂ ਤੇ ਯੂਰਪੀ ਤਾਕਤਾਂ ਅਤੇ ਏਸ਼ੀਆਈ ਵਿਰੋਧਾਂਦਾ ਇਕ ਵਾਦ ਵਿਵਾਦ ਦਾ ਖਿਤਾ ਬਣ ਚੁੱਕਿਆ ਸੀ (Korea had become a soft focal point for great European rivalries as well as Asian Antagonism) 1885 ਵਿਚ ਕੋਰੀਆ ਦੇ ਮਾਮਲੇ ਤੇ ਚੀਨ ਅਤੇ ਜਾਪਾਨ ਦੇ ਸੰਬੰਧ ਵਿਗੜ ਗਏ ਪਰ ਕਿਉਂਕਿ ਆਖਰੀ ਸੰਘਰਸ਼ ਵਿਚ ਸ਼ਾਮਲ ਹੋਣ ਲਈ ਦੋਨੋਂ ਦੇਸ਼ ਕੁਝ ਸਮਾਂ ਚਾਹੁੰਦੇ ਸਨ ਇਸ ਲਈ ਜੰਗ ਟਲ ਗਈ।

1885 ਦਾ ਸਮਝੌਤਾ ਜਾਪਾਨ ਲਈ ਜਿੱਤ ਸੀ ਕਿਉਂਕਿ ਇਸ ਨੇ ਕੋਈ ਕਾਰਵਾਈ ਕਰਨ ਦੀ ਚੀਨ ਦੀ ਆਜ਼ਾਦੀ ਨੂੰ ਸੀਮਤ ਕਰ ਦਿਤਾ ਸੀ ਜੋ ਕਿ ਜੇਕਰ ਉਸ ਨੂੰ (Suzerian Power) ਸ਼ਕਤੀ ਸਮਝਿਆ ਜਾਂਦਾ ਤਾਂ ਪੂਰੀ ਤਰ੍ਹਾਂ ਉਸ ਦੇ ਅਧਿਕਾਰ ਥੱਲੇ ਸੀ ਨਤੀਜੇ ਵਜੋਂ ਇਸ ਨੇ ਇਸ ਇਰਾਦੇ ਨੂੰ ਅਗਾਂਹ ਵਧਾਇਆ ਕਿ ਕੋਰੀਆ ਇਕ ਸਵਤੰਤਰ ਰਾਜ ਹੈ ਦੂਸਰੇ ਪਾਸੇ ਚੀਨ ਕੋਰੀਆ ਨੂੰ ਆਪਣੀ ਸਰਕਾਰੀ ਵਾਲੇ ਦੇਸ਼ ਵਜੋਂ ਲੈਂਦਾ ਸੀ ਅਤੇ ਉਸ ਉੱਪਰ ਆਪਣੇ ਰਾਜ ਦਾ ਦਾਅਵਾ ਕਰਨ ਤੇ ਤੁਲਿਆ ਹੋਇਆ ਸੀ। ਇਸ ਲਈ ਤਣਾਉ ਵਧ ਗਿਆ ਅਤੇ ਮਾਮਲਾ ਹੋਰ ਵੀ ਵਿਗੜ ਗਿਆ ਜਦੋਂ ਕਿ ਨਾਲ ਹੀ 1894 ਵਿਚ ਕੋਰੀਆ ਵਿਚ ਬਗਾਵਤ ਹੋ ਗਈ।

## 1894 ਦੇ ਹਾਲਾਤ

ਸੋ 1894 ਵਿਚ ਕੋਰੀਆ ਦੁਸ਼ਮਣੀਆਂ ਦਾ ਅਖਾੜਾ ਬਣ ਗਿਆ। ਇਸ ਨੂੰ ਸਿਰਫ ਜਾਪਾਨ ਦਾ ਹੀ ਨਹੀਂ ਸਗੋਂ ਯੂਰਪੀ ਸ਼ਕਤੀਆਂ ਦੇ ਵਧ ਰਹੇ ਪ੍ਰਭਾਵ ਤੋਂ ਵੀ ਖਤਰਾ ਖੜ੍ਹਾ ਹੋ ਗਿਆ। ਰੂਸ ਨੇ ਲਾਜਾਰਵ (Lazarev) ਬੰਦਰਗਾਹ ਉਪਰ ਆਪਣਾ ਦਾਅਵਾ ਜਤਾਇਆ, ਬਰਤਾਨੀਆਂ ਨੇ ਹੈਮਿਲਟਨ (Hamilton) ਦੀ ਬੰਦਰਗਾਹ ਤੇ ਕਬਜ਼ਾ ਕਰ ਲਿਆ ਜਦੋਂ ਕਿ ਅਮਰੀਕਾ ਅਤੇ ਜਾਪਾਨ ਨੇ ਕੋਰੀਆ ਨਾਲ ਆਰਥਿਕ ਸੰਧੀਆ ਕਰਨੀਆਂ

ਚਾਹੀਆਂ ਜਦੋਂ ਕਿ ਜਾਪਾਨ ਨੇ ਜੋ ਕਿ 1836 ਅਤੇ 1885 ਦੀਆਂ ਸੰਧੀਆਂ ਨਾਲ ਲੈਸ ਸੀ, ਕੋਰੀਆ ਦੀ ਸੁਤੰਤਰਤਾ ਨੂੰ ਜਕੜ ਲਿਆ। ਚੀਨ ਨੇ ਦਾਅਵਾ ਕੀਤਾ ਕਿ ਕੋਰੀਆ ਉਸ ਦੀ ਛਤਰ ਛਾਇਆ ਹੇਠਲਾ ਦੇਸ਼ ਹੈ। ਸਾਇਬੇਰੀਆ ਪਾਰ ਤਕ ਰੇਲਵੇ ਸਥਾਪਤ ਕਰਨ ਦੇ ਫੈਸਲੇ ਨੇ ਜਾਪਾਨ ਅਤੇ ਚੀਨ ਦੋਹਾਂ ਨੂੰ ਹੀ ਭੁਲੇਖਿਆਂ ਵਿਚ ਪਾ ਦਿੱਤਾ। ਜਾਪਾਨ ਚਾਹੁੰਦਾ ਸੀ ਕਿ ਸਾਮਰਾਜ ਬਣਾਈ ਰੱਖਣ ਲਈ ਕੋਰੀਆ ਜਾਂ ਜਾਪਾਨ ਦੇ ਨਿਯੰਤਰਣ ਹੇਠ ਰਹਿਣਾ ਜ਼ਰੂਰੀ ਹੈ।

ਸੰਵਿਧਾਨਕ ਸਰਕਾਰ ਦੀ ਅਸਫਲਤਾ, ਅੰਦਰੂਨੀ ਰਾਜਸੀ ਸਮੱਸਿਆਵਾਂ, ਕੌਮਵਾਦ ਦਾ ਉਭਾਰ, ਫੌਜੀ ਜਰਨੈਲਾਂ ਦੀ ਬੇਚੈਨੀ ਅਤੇ ਰਾਜਸੀ ਪ੍ਰਭੂਤਾ ਦੀਆਂ ਪ੍ਰਵਿਰਤੀਆਂ ਸਭ ਨੇ ਮਿਲ ਕੇ ਜਾਪਾਨ ਨੂੰ ਕੋਰੀਆ ਸੰਬੰਧੀ ਵੱਡੀਆਂ ਇੱਛਾਵਾਂ ਦੀ ਸਰਗਰਮ ਨੀਤੀ ਛੇੜਣ ਲਈ ਪ੍ਰਭਾਵਿਤ ਕੀਤਾ।

1894 ਤਕ ਸਭਨਾ ਕੈਂਪ ਨੇ ਜਾਪਾਨੀ ਕੋਰੀਆ ਰਾਜਨੀਤੀ ਵਿਚ ਰੁਝੇ ਹੋਏ ਸਨ। ਫੌਜਦਾਰੀ ਵਿਸਥਾਰਵਾਦੀ ਟੋਗਹਾਕਸ (Tonghaks) ਦੀ ਮਦਦ ਤੇ ਉਤਰੇ, ਠੀਕ ਉਸ ਤਰ੍ਹਾਂ ਹੀ, ਜਿਵੇਂ ਉਦਾਰਵਾਦੀਆਂ ਨੇ ਕਿ ਉੱਕ ਕਯੂਨ (Kim Ok Kyum) ਦੀ ਹੱਤਿਆ ਦੀ ਖੁਲ੍ਹੇ ਆਮ ਨਿੰਦਾ ਕੀਤੀ ਸੀ। ਪ੍ਰੰਤੂ ਕੋਰੀਆ ਨੂੰ ਆਜ਼ਾਦ ਐਲਾਨ ਕਰਨਾ ਅਤੇ ਉਸ ਤੋਂ ਚੀਨ ਦਾ ਪ੍ਰਭਾਵ ਦੂਰ ਕਰਨਾ ਇਕ ਗੱਲ ਸੀ ਅਤੇ ਆਧੁਨਿਕੀਕਰਣ ਦੇ ਰਾਹ ਤੇ ਕੋਰੀਆ ਦੀ ਸਰਕਾਰ ਨੂੰ ਚਲਾਉਣਾ ਦੂਸਰੀ ਗੱਲ ਸੀ।

## ਚੀਨ-ਜਾਪਾਨ ਜੰਗ (ਫ਼ੌਰੀ ਕਾਰਣ)

ਜਾਪਾਨ 1885 ਦੇ ਸਮਝੌਤੇ ਰਾਹੀਂ ਕੁਝ ਅੰਸ਼ਕ ਕੂਟਨੀਤਕ ਸਫਲਾਤ ਹਾਸਲ ਕਰ ਚੁੱਕਾ ਸੀ। ਕੋਈ ਕਾਰਵਾਈ ਕਰਨਾ ਚੀਨ ਦੀ ਆਜ਼ਾਦੀ ਨੂੰ ਸੀਮਤ ਕਰਨਾ ਸੀ। ਚੀਨ ਆਪਣਾ ਪ੍ਰਭਾਵ ਵਧਾਉਣ ਤੇ ਉਤਾਰੂ ਸੀ ਅਤੇ ਕੋਰੀਆਂ ਨੂੰ ਆਪਣੇ ਅਧਿਕਾਰ ਹੇਠਲਾ ਦੇਸ਼ ਸਮਝਦਾ ਸੀ ਕਿਉਂਕਿ ਪੱਛਮੀ ਸ਼ਕਤੀਆਂ ਦੀ ਚਾਲ ਕੋਰੀਆ ਦੀ ਆਜ਼ਾਦੀ ਤੇ ਤੱਥ ਨੂੰ ਦਰਸਾਉਣ ਦਾ ਅਰਥ ਰਖਦਾ ਸੀ ਇਸ ਲਈ ਜਾਪਾਨ ਵਾਸਤੇ ਇੰਜ ਦਰਸਾਉਣ ਦਾ ਰਾਹ ਖੁਲ੍ਹਾ ਸੀ ਅਤੇ ਜਦੋਂ ਆਖਰ ਕੋਰੀਆ ਦੀ ਆਜ਼ਾਦੀ ਦਾ ਝੰਡਾ ਉੱਚਾ ਚੁੱਕਣ ਦਾ ਜਾਪਾਨ ਲਈ ਸਮਾਂ ਆਇਆ, ਉਸ ਸਮੇਂ ਉਸ ਨੂੰ ਵਿਸ਼ੇਸ਼ ਲਾਭ ਹਾਸਲ ਸੀ।

ਨਤੀਜੇ ਵਜੋਂ ਕਦੋਂ 1894 ਵਿਚ ਬਗਾਵਤ ਹੋਈ ਟਕਰਾਅ ਵਧ ਗਿਆ ਸੀ ਅਤੇ ਸਥਿਤੀ ਸੰਕਟ ਤਕ ਪਹੁੰਚ ਚੁੱਕੀ ਸੀ। ਕੋਰੀਆ ਦੀ ਸਰਕਾਰ ਨੇ ਸੰਕਟ ਦਾ ਟਾਕਰਾ ਕਰ ਸਕਣ ਦੀ ਆਪਣੀ ਅਸਮਰਥਾ ਨੂੰ ਮਹਿਸੂਸ ਕਰਦਿਆਂ ਚੀਨ ਨੂੰ ਬਗਾਵਤ ਨਾਲ ਨਿਪਟਣ ਵਿਚ ਸਹਾਇਤਾ ਕਰਨ ਦੀ ਬੇਨਤੀ ਕੀਤੀ। ਚੀਨ ਨੇ ਬਗਾਵਤ ਨੂੰ ਕੁਚਲਣ ਲਈ ਫੌਜ ਭੇਜ ਦਿੱਤੀ। ਫੌਜ ਭੇਜਣ ਤੋਂ ਬਾਅਦ ਹੀ ਜਾਪਾਨ ਨੂੰ ਇਸ ਬਰੇ ਸੂਚਿਤ ਕੀਤਾ ਜਦੋਂ ਕਿ 1885 ਦੀ ਸੰਧੀ ਅਨੁਸਾਰ ਪਹਿਲਾਂ ਸੂਚਨਾਂ ਦੇਣ ਦੀ ਜ਼ਰੂਰਤ ਸੀ। ਚੀਨ ਨੇ ਜੋ ਨੋਟਿਸ ਭੇਜਿਆ ਉਸ ਵਿਚ ਕੋਰੀਆ ਦਾ ਆਪਣੇ ਅਧਿਕਾਰ ਹੇਠਲੇ ਦੇਸ਼ ਵਲੋਂ ਹਵਾਲਾ ਦਿਤਾ ਗਿਆ (Our Tributary state) ਜਾਪਾਨ ਨੇ ਫੌਜ ਭੇਜ ਦਿੱਤੀ ਅਤੇ ਐਲਾਨ ਕੀਤਾ ਕਿ ਉਹ ਕੋਰੀਆ ਨੂੰ ਕਦੇ ਵੀ ਚੀਨ ਦਾ ਅਧਿਕਾਰ ਹੇਠਲਾ (Vassal) ਦੇਸ਼ ਨਹੀਂ ਸਮਝਦਾ ਸੀ।

ਜਦੋਂ ਤਕ ਚੀਨੀ ਅਤੇ ਜਾਪਾਨੀ ਫੌਜਾਂ ਪਹੁੰਚੀਆਂ, ਕੋਰੀਆ ਸਰਕਾਰ ਬਗਾਵਤ ਨੂੰ ਪਹਿਲਾਂ ਹੀ ਦਬਾ ਚੁੱਕੀ ਸੀ। ਚੀਨ ਨੇ ਉਸ ਸਮੇਂ ਤਕ ਆਪਣੀਆਂ ਫ਼ੌਜਾਂ ਵਾਪਸ ਲੈ ਜਾਣ ਤੋਂ ਇਨਕਾਰ ਕਰ ਦਿੱਤਾ, ਜਿੰਨੀ ਦੇਰ ਤਕ ਜਾਪਾਨੀ ਆਪਣੀਆਂ ਫ਼ੌਜਾਂ ਵਾਪਸ ਨਹੀਂ ਲੈ ਜਾਂਦਾ। ਸਿਉਲ ਦੇ ਨਜ਼ਦੀਕ ਵਿਦੇਸ਼ੀ ਫ਼ੌਜਾਂ ਵਿਚ ਇਕ ਦੂਸਰੇ ਸਾਹਮਣੇ ਆਣ ਖੜੋਤੀਆਂ। ਹੁਣ ਜਾਪਾਨ ਨੇ ਕੋਰੀਆ ਵਿਚ ਵਿੱਤੀ, ਪ੍ਰਸ਼ਾਸਨਿਕ ਅਤੇ ਫੌਜੀ ਸੁਧਾਰ ਲਿਆਉਣ ਲਈ ਸਾਂਝੀ ਚੀਨੀ-ਜਾਪਾਨੀ ਕਾਰਵਾਈ ਕਰਨ ਦੀ ਤਜਵੀਜ ਰੱਖੀ। ਚੀਨ ਨੇ ਦਖਲ ਅੰਦਾਜ਼ੀ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਜਾਪਾਨਾ ਕੋਰੀਆ ਉਪਰ ਕੁਝ ਨਿਯੰਤਰਣ ਲਈ ਦ੍ਰਿੜ੍ਹ ਸੀ।

ਜਾਪਾਨ ਨੇ ਹੁਣ ਕੋਰੀਆ ਵਲ ਮੂੰਹ ਕੀਤਾ ਅਤੇ ਉਸ ਨੂੰ ਸਪੱਸ਼ਟੀਕਰਣ ਵਿਚ ਇਹ ਵੀ ਦੱਸਣ ਲਈ

ਆਖਿਆ ਕਿ ਕੋਰੀਆ ਚੀਨ ਦੇ ਅਧਿਕਾਰ ਹੇਠਲਾ ਦੇਸ਼ ਹੈ ਜਾਂ ਨਹੀਂ। ਕੋਰੀਆ ਦੀ ਸਰਕਾਰ ਤੋਂ ਗ਼ੈਰ-ਤਸੱਲੀਬਖਸ਼ ਉੱਤਰ ਮਿਲਣ ਤੇ ਜਾਪਾਨੀਆਂ ਨੇ ਰਾਜੇ ਨੂੰ ਫੜ ਲਿਆ ਤੇ ਕਾਹਲੀ ਨਾਲ ਉਸ ਕੋਰੀਅਨ ਸਰਕਾਰ ਨੂੰ ਮਾਨਤਾ ਦੇ ਦਿੱਤੀ ਜਿਸ ਨੇ ਜਾਪਾਨ ਨੂੰ ਚੀਨੀ ਫ਼ੌਜਾਂ ਬਾਹਰ ਕੱਢਣ ਦਾ ਹੁਕਮ ਦੇ ਦਿੱਤਾ। ਸੋ ਜਾਪਾਨੀ ਫ਼ੌਜਾਂ ਨੇ ਉਨ੍ਹਾਂ ਸਮੁੰਦਰੀ ਜਹਾਜ਼ਾਂ ਤੇ ਗੋਲੇ ਵਰਸਾਏ ਜੋ ਕਰੀਆ ਵਿਚ ਹੋਰ ਚੀਨੀ ਫ਼ੌਜ ਲੈ ਕੇ ਆ ਰਹੇ ਸਨ। ਇਸ ਨਾਲ ਜੰਗ ਛਿੜ ਪਈ। ਪਹਿਲੀ ਅਗਸਤ 1894 ਨੂੰ ਜੰਗ ਦਾ ਐਲਾਨ ਕਰ ਦਿੱਤਾ ਗਿਆ।

ਪੱਛਮੀ ਸ਼ਕਤੀਆਂ ਨੇ ਖਾਸ ਕਰ ਬਰਤਾਨੀਆਂ ਤੇ ਰੂਸ ਨੇ ਚੀਨ ਦੀ ਇਸ ਪ੍ਰਭਾਵ ਹੇਠ ਕੂਟਨੀਤਕ ਸਹਾਇਤਾ ਕੀਤੀ ਕਿ ਜਾਪਾਨ ਦੀ ਜਲਦੀ ਹੀ ਹਾਰ ਹੋ ਜਾਵੇਗੀ ਅਤੇ ਕੋਰੀਆ ਉਪਰ ਕਮਜ਼ੋਰ ਚੀਨ ਦਾ ਨਿਯੰਤਰਣ ਸ਼ਕਤੀਸ਼ਾਲੀ ਜਾਪਾਨ ਦੇ ਨਿਯੰਤਰਣ ਤੋਂ ਚੰਗੇਰਾ ਰਹੇਗਾ ਪਰ ਇਹ ਸਿਧਾਂਤ ਪਿੰਗਯਾਗ (Pingyang) ਵਿਚੋ ਜਾਪਾਨੀ ਜਿੱਤ ਤੋਂ ਬਾਅਦ ਜਲਦੀ ਹੀ ਮਿੱਟੀ ਵਿਚ ਮਿਲ ਗਏ ਅਤੇ ਸਪਸ਼ਟ ਹੋ ਗਿਆ ਕਿ ਚੀਨੀ ਫੌਜਾਂ ਛੋਟੀ ਪਰ ਚੁਸਤ ਜਾਪਾਨੀ ਫੌਜ ਦਾ ਕੋਈ ਮੁਕਾਬਾਲਾ ਨਹੀਂ ਕਰ ਸਕਦੀਆਂ।

ਲੀ-ਹੁੰਗ-ਚਾਂਗ (Li-Hung-Chang) ਨੇ ਚੀਨ ਦੇ ਪੂਰੀ ਤਰ੍ਹਾਂ ਹਾਰ ਜਾਣ ਤੋਂ ਪਹਿਲਾਂ ਤਬਾਹਕੁਨ ਜੰਗ ਨੂੰ ਖਤਮ ਕਰਨ ਲਈ ਯੂਰਪ ਅਤੇ ਅਮਰੀਕਾ ਦੀ ਮਦਦ ਲੈਣੀ ਚਾਹੀ। ਲੀ ਨੇ ਜਾਪਾਨ ਕੋਲ ਕਈ ਅਮਨ ਦੇ ਪ੍ਰਤੀਨਿਧ ਮੰਡਲ ਭੇਜੇ ਜੋ ਅਸਫਲ ਰਹੇ। ਜਦ ਯੂਰਪੀ ਸਹਾਇਤਾ ਨੇ ਚੀਨ ਦੀ ਜਿੱਤ ਦੀ ਉਮੀਦ ਖਤਮ ਹੋ ਗਈ ਤਾਂ ਲੀ ਨੇ ਖੁਦ ਸੰਧੀ ਦੀ ਪੇਸ਼ਕਸ ਕੀਤੀ। ਸੀਮੋਨੇਸੇਕੀ ਦੀ ਸੰਧੀ (Treaty of Shimonoseki) 17 ਅਪ੍ਰੈਲ 1895 ਹੋਈ ਅਤੇ ਅਮਨ ਸਥਾਪਤ ਹੋਇਆ।

## ਇਸ ਸੰਧੀ ਨਾਲ

1. ਚੀਨ ਨੇ ਕੋਰੀਆ ਨੂੰ ਪੂਰੀ ਤਰ੍ਹਾਂ ਸਵਤੰਤਰ ਮੰਨ ਲਿਆ।
2. ਉਸ ਨੇ ਜਾਪਾਨ ਨੂੰ ਫੋਰਮੂਸਾ, ਪੈਸਾਕਾਡੋਰਸ (Pescadores) ਜੰਗ ਖਰਚੇ ਵਜੋਂ ਦੇਣਾ ਮੰਨ ਗਿਆ।
3. ਉਹ ਚਾਂਦੀ ਦੇ 205 ਮਿਲੀਅਨ (Tales) ਜੰਗ ਖਰਚੇ ਵਜੋਂ ਦੇਣਾ ਮੰਨ ਗਿਆ।
4. ਚੀਨ ਨੇ ਵਪਾਰਕ ਅਤੇ ਸਨਅਤੀ ਮੰਤਵਾਂ ਲਈ ਸਹਿਰ ਸ਼ਿਨਸੀ (Shenshi) ਚੰਨਕਿੰਨ (Chunking) ਦਾ ਸੁਚਾਓ (Suchow) ਅਤੇ ਹੰਗਚਾਓ (Hung Chow) ਖੋਲ੍ਹ ਦਿਤੇ।

## ਪਰਿਣਾਮ (ਜਾਪਾਨ)

ਜਾਪਾਨ ਦੀ ਫੌਜੀ ਜਿੱਤ ਨੇ ਦੂਰ ਪੂਰਵ (Far East) ਵਿਚ ਨਵੇਂ ਯੁੱਗ ਦੀ ਸ਼ੁਰੂਆਤ ਕਰ ਦਿੱਤੀ, ਜਿਸ ਦਾ ਪ੍ਰਭਾਵ ਯੂਰਪ ਵਿਚ ਵੀ ਮਹਿਸੂਸ ਕੀਤਾ ਗਿਆ ਜਿੰਨਾ ਏਸ਼ੀਆ ਵਿਚ ਆਪਣੇ ਗੁਆਂਢੀ ਜਾਪਾਨ ਤੋਂ ਚੀਨ ਨੇ ਦੂਰ ਪੂਰਬ ਇਤਿਹਾਸ ਵਿਚ ਇਕ ਨਵਾਂ ਕਾਡ ਖੋਲ੍ਹ ਦਿੱਤਾ। ਇਸ ਨਾਲ ਪੱਛਮੀ ਦੇਸ਼ਾਂ ਨੂੰ ਵੀ ਪਤਾ ਚਲ ਗਿਆ ਕਿ ਜਾਪਾਨ ਸ਼ਕਤੀਸ਼ਾਲੀ ਦੇਸ਼ ਹੈ ਅਤੇ ਦੂਸਰੇ ਪਾਸੇ ਹਾਰੀ ਹੋਈ ਸ਼ਕਤੀ ਦੀ ਕਮਜ਼ੋਰੀ ਦੇ ਬਾਹਰ ਆ ਜਾਣ ਨਾਲ ਚੀਨੀ ਖੇਤਰ ਨੂੰ ਵੰਡਣ ਲਈ ਯੂਰਪੀ ਸ਼ਕਤੀਆਂ ਦਰਮਿਆਨ ਸੰਘਰਸ਼ ਚਲ ਪਿਆ।

ਫੇਅਰਬੈਂਕ (Fiarbank) ਰੀਸਾਨਸਰ (Reischancer) ਅਤੇ ਕਰੇਗ (Craig) ਅਨੁਸਾਰ ਜਾਪਾਨ ਦੀ ਵੱਡੀ ਜਿੱਤ ਨੇ ਚੀਨ ਅੰਦਰ ਅਤੇ ਕੌਮਾਤਰੀ ਦਰਿਸ਼ ਤੇ ਸ਼ਕਤੀ ਸੰਤੁਲਨ ਨੂੰ ਵਿਗਾੜ ਦਿੱਤਾ। ਬਰਤਾਨੀਆਂ ਚ ਚੀਨ ਦੇ ਸਮਰਥੱਨ ਵਾਲੀਆਂ ਆਵਾਜ਼ਾਂ ਵਿਚ ਅਚਾਨਕ ਤਬਦੀਲੀ ਆ ਗਈ। ਚੀਨ ਦੀ ਹਾਰ ਤੋਂ ਨਿਰਾਸ਼ ਹੋ ਕੇ ਜਾਪਾਨ ਦੀ ਕਾਰਗਰਤਾ ਅਤੇ ਜੋਸ਼ ਤੋਂ ਪ੍ਰੇਰਨਾ ਲੈ ਕੇ ਬਰਤਾਨੀਆਂ ਨੇ ਹੁਣ ਜਾਪਾਨ ਵਲ ਰੁੱਖ ਕੀਤਾ। ਰੂਸ ਨੇ ਜਾਪਾਨ ਤੇ ਲਿਉਤੁੰਗ ਦੀਪ ਸਮੂਹ ਲਈ ਚਾਲਾ ਚਲੀਆ। ਸ਼ਕਤੀਆਂ ਦੀ ਰਾਜਸੀ ਕਤਾਰਬੰਦੀ ਹੋਰ ਵੀ ਮਜ਼ਬੂਤ ਹੋ ਗਈ।

ਜਾਪਾਨ ਦੀ ਸ਼ਕਤੀ ਅਤੇ ਵੱਕਾਰ ਵਿਚ ਭਾਰੀ ਵਾਧਾ ਹੋਇਆ। ਜੰਗ ਨਾਲ ਉਸ ਨੂੰ ਮਨੁੱਖਾਂ, ਦੌਲਤ, ਪਦਾਰਥ ਅਤੇ ਖੇਤਰ ਸਭ ਵਲੋਂ ਲਾਭ ਪ੍ਰਾਪਤ ਹੋਏ। ਹੁਣ ਜਾਪਾਨ ਚੀਨ ਦੀ ਕਿਸੇ ਰੁਕਾਵਟ ਬਗੈਰ ਕੋਰੀਆ ਵਿਚ ਆਪਣੇ ਸੁਧਾਰ ਲਾਗੂ ਕਰ ਸਕਦਾ ਸੀ। ਅਸਲ ਵਿਚ ਇਹ ਜਾਪਾਨੀ ਜਿੱਤ 1910 ਵਿਚ ਕੋਰੀਆ ਤੇ ਉਸ ਦੇ ਮੁਕੰਮਲ ਕਬਜ਼ੇ ਦੀ ਪਹਿਲੀ ਕੜੀ ਸੀ। ਜਾਪਾਨੀ ਨੀਤੀ ਨੂੰ ਸਥਿਰ ਰੱਖਣ ਲਈ ਜੰਗ ਦੀ ਕਾਰਗਰਤਾ ਫੌਰਨ ਸਪਸ਼ਟ ਹੋਈ ਸੀ। ਸਰਕਾਰ ਨੇ ਸਮੁੰਦਰੀ ਅਤੇ ਦੂਸਰੀ ਫੌਜ ਅਤੇ ਸਨਅਤ ਦੇ ਵਿਕਾਸ ਦੀ ਵਿਸ਼ਾਲ ਯੋਜਨਾ ਛੇੜ ਦਿੱਤੀ। ਸੈਨਿਕਵਾਦ (Militarism) ਵਿਸਥਾਰ (expansion) 1894 ਦੀ ਜੰਗ ਵਿਚ ਜਾਪਾਨ ਦੀ ਜਿੱਤ ਦੇ ਸਿੱਟੇ ਸਨ।

## ਪਰਿਣਾਮ (ਚੀਨ)

ਜਿਥੋਂ ਤਕ ਚੀਨ ਦਾ ਸਬੰਧ ਹੈ ਜੰਗ ਦੇ ਸਿੱਟੇ ਉਸ ਲਈ ਘੱਟ ਮਹੱਤਵਪੂਰਣ ਨਹੀਂ ਸਨ। ਮਹਾਨ ਸਾਮਰਾਜ ਦੀ ਹਾਰ ਹੋ ਗਈ ਸੀ। ਨੇਵੀ, ਫੌਜੀ ਅਤੇ ਰਾਜਸੀ ਮਾਮਲਿਆਂ ਵਿਚ ਮਾਂਚੂ ਸਰਕਾਰ ਅਸਮਰਥ ਅਤੇ ਭਰਿਸ਼ਟ ਸਾਬਤ ਹੋਈ ਸੀ। ਜੰਗ ਨੇ ਮਾਂਚ ਸਰਕਾਰ ਦੀਆਂ ਨੀਹਾਂ ਤਕ ਹਿਲਾ ਦਿੱਤੀਆਂ ਸੀ, ਮਾਂਚੂ ਸਾਮਰਾਜ ਨੂੰ ਢਹਿ ਢੇਰੀ ਕਰਨ ਲਈ ਜੰਗ ਨੇ ਦੋ ਦਹਾਕੇ ਵੀ ਨਾ ਲਾਏ। ਬਹੁਤ ਸਾਰੇ ਸਮਝਦਾਰ ਚੀਨੀ ਲੋਕਾਂ ਲਈ ਇਹ ਸਪਸ਼ਟ ਹੋ ਗਿਆ ਕਿ ਮਾਂਚੂ ਖਾਨਦਾਨ ਦੇ ਦਿਨ ਪੂਰਾ ਗਏ ਹਨ। ਜਾਪਾਨ ਦੀ ਜਿੱਤ ਨੇ ਇਸ ਪ੍ਰਭਾਵ ਨੂੰ ਪੱਕਾ ਕਰ ਦਿੱਤਾ ਸੀ। ਲੀ ਉਪਰ ਗਦਾਰੀ ਕਰਨ ਦਾ ਦੋਸ਼ ਲਗ ਗਿਆ। ਕੋਈ ਵੀਹ ਸਾਲਾਂ ਵਿਚ ਹੀ ਤਖ਼ਤ ਨੂੰ 130 ਯਾਦ ਪੱਤਰ ਪੇਸ਼ ਕੀਤੇ ਸਨ। ਜਿੰਨ੍ਹਾਂ ਉਪਰ ਹਜ਼ਾਰਾਂ ਲੋਕਾਂ ਨੇ ਸੁਧਾਰਾਂ ਦੀ ਮੰਗ ਕਰਦਿਆਂ ਦਸਤਖ਼ਤ ਕੀਤੇ।

'ਕੰਗ ਯੂ. ਵੀ. (Kang Yu Wei) ਨੇ 2 ਮਈ 1895 ਨੂੰ ਇਕ ਦਸ ਹਜ਼ਾਰ ਸ਼ਬਦਾਂ ਦਾ ਯਾਦ ਪੱਤਰ ਪੇਸ਼ ਕੀਤਾ ਸੀ ਜਿਸ ਵਿਚ ਤਖਤ ਤੋਂ ਮੰਗ ਕੀਤੀ ਸੀ ਕਿ ਉਹ ਅਮਨ ਦੀ ਸੰਧੀ ਨੂੰ ਰੱਦ ਕਰ ਦੇਵੇ, ਜੰਗ ਜਾਰੀ ਰੱਖੇ ਅਤੇ ਕਈ ਸਾਰੇ ਸੁਧਾਰ ਕਰੇ। ਇਸ ਤੋਂ ਚੀਨ ਵਿਚ ਸੁਧਾਰ ਲਹਿਰ ਸ਼ੁਰੂ ਹੋਈ ਸੀ। ਜਾਪਨ ਦੀ ਜਿੱਤ ਨਾਲ ਚੀਨ ਦੁਆਰਾ ਸੈਕੜੇ ਸਾਲ ਪੁਰਾਣੇ ਜਾਰੀ ਰੱਖੇ ਗਏ ਕੌਮਾਂਤਰੀ ਸੰਬੰਧਾਂ ਦਾ ਕਨਫੀਉਸ਼ੀਅਨ ਦਾ ਸਿਧਾਂਤ ਖਤਮ ਹੋ ਗਿਆ। ਉਸ ਦੀ ਜਗ੍ਹਾ ਸੰਧੀਆਂ ਅਤੇ ਕੌਮਾਂਤਰੀ ਨਿਯਮ ਦੇ ਪੱਛਮੀ ਤੱਤਾ ਨੇ ਲੈ ਲਈ ਸੀ। ਚੀਨ ਨੂੰ ਉੱਚੇ ਰੁਤਬੇ ਦੀ ਮਾਣਤਾ ਦੇਣ ਵਾਲੇ ਨਿਰਭਰ ਦੇਸ਼ ਹੀ ਨਹੀਂ ਰਹੇ ਸਨ।

ਫੇਅਰਬੈਂਕ ਅਤੇ ਦੂਜਿਆ ਅਨੁਸਾਰ ਜਾਪਾਨ ਦੀ ਇਸ ਵੱਡੀ ਜਿੱਤ ਨੇ ਚੀਨ ਅਤੇ ਅੰਤਰਰਾਸ਼ਟਰੀ ਪੱਧਰ ਤੇ ਸ਼ਕਤੀ-ਸੰਤੁਲਨ ਨੂੰ ਖਰਾਬ ਕਰ ਦਿੱਤਾ। ਬ੍ਰਿਟਿਸ਼ ਪੱਖ ਜਿਹੜਾ ਆਮ ਚੀਨ ਪੱਖੀ ਹੀ ਸੀ ਇਕ ਦਮ ਰੂਸ ਪੱਖੀ ਹੋ ਗਿਆ, ਦੂਜੇ ਉਸ ਨੂੰ ਕੋਰੀਆ ਅਤੇ ਪੱਛਮੀ ਮੰਚੂਰੀਆ ਵਿਚ ਆਪਣੀਆਂ ਇੱਛਾਵਾ ਦੀ ਚਿੰਤਾ ਹੋ ਗਈ ਸੀ, ਇਸ ਦਾ ਨਤੀਜਾ ਰੂਸੀ ਜਰਮਨ ਫਰੈਂਚ ਕੂਟਨੀਤਕ ਦਖਲ-ਅੰਦਾਜ਼ੀ ਹੋਇਆ। ਇਸ ਦਾ ਸਭ ਤੋਂ ਬੁਰਾ ਪ੍ਰਭਾਵ ਇਹ ਸੀ ਕਿ ਵੱਡੀਆਂ ਸ਼ਕਤੀਆਂ ਵਿਚਕਾਰ ਚੀਨ ਵਿਚ ਰਿਆਇਤਾਂ ਅਤੇ ਹੋਰ ਲਾਭ ਪ੍ਰਾਪਤ ਕਰਨ ਸੰਬੰਧੀ ਦੋੜ ਸ਼ੁਰੂ ਹੋ ਗਈ।

ਸਾਰੀਆਂ ਵੱਡੀਆਂ ਸ਼ਕਤੀਆਂ ਹੁਣ ਚੀਨ ਦੇ ਟੁਕੜੇ ਕਰਨ ਤੇ ਤੁਲ ਗਈਆਂ ਸਨ। ਅਮਰੀਕਾ ਦੇ ਰਾਜ ਸਕੱਤਰ ਜਾਨ ਹੇਅ (John Hay) ਦੇ ਓਪਨ ਡੋਰ ਨੋਟਿਸ (Open Door Notice) ਵਿਚ ਕਿਸੇ ਹੱਦ ਤਕ ਇਸ ਚੀਜ਼ ਨੂੰ ਵਿਅਕਤ ਕੀਤਾ ਗਿਆ। 1894 ਵਿਚ ਜਾਪਾਨ ਹੱਥੋਂ ਚੀਨ ਦੀ ਹਾਰ ਸ਼ਾਇਦ ਇਹ ਮੁੱਖ ਸਿੱਟਾ ਸੀ।

## ਤੀਹਰੀ ਦਖਲ-ਅੰਦਾਜ਼ੀ (ਅਪ੍ਰੈਲ 1895)(The Triple Intervention - April 1895)

ਸੀਮੋਨੋਸੇਕੀ ਦੀ ਸੰਧੀ ਤੋਂ ਜਲਦੀ ਹੀ ਬਾਅਦ ਰੂਸ ਫਰਾਂਸ ਅਤੇ ਜਰਮਨੀ ਤਿੰਨ ਸ਼ਕਤੀਆਂ ਨੇ ਜਾਪਾਨ ਤੇ ਦਬਾਅ ਪਾਇਆ ਕਿ ਉਹ ਚੀਨ ਨੂੰ ਲਿਆਓਤੁੰਗ ਜਜ਼ੀਰਾ ਵਾਪਸ ਕਰੇ। ਰੂਸੀ ਵਿਸਥਾਰਵਾਦ ਮਹੱਤਵ ਆਕਾਂਖਿਆ ਅਤੇ ਬਰਫ ਤੋਂ ਮੁਕਤ ਬੰਦਰਗਾਹ ਪ੍ਰਾਪਤ ਕਰਨਾ ਤੇ ਸਾਇਬੇਰੀਆ ਵਿਚ ਰੇਲਵੇ ਸਥਾਪਤ

ਕਰਨ ਤੇ ਰੂਸ ਨੂੰ ਦੂਰ ਪੂਰਬੀ ਰਾਜਨੀਤੀ ਦੇ ਕੇਂਦਰ ਵਿਚ ਲੈ ਆਦਾ। ਫਰਾਂਸ ਨੇ ਤਿੰਨ ਦਹਾਕੇ ਰੂਸ ਤੋਂ ਦੂਰ ਰਹਿਣ ਮਗਰੋਂ ਉਸ ਨਾਲ ਬਣਾਈ ਨਵੀਂ ਦੋਸਤੀ ਤੇ ਉਤਾਵਲੇਪਣ ਵਿਚ ਰੂਸ ਦੀ ਮੰਗ ਦੀ ਹਿਮਾਇਤ ਕੀਤੀ। ਜਰਮਨੀ ਨੇ ਇਸ ਵਿਸ਼ਵਾਸ ਨਾਲ ਜਾਪਾਨ ਉਪਰ ਦਬਾਅ ਪਾਉਣ ਵਿਚ ਰੂਸ ਅਤੇ ਫਰਾਂਸ ਦਾ ਸਾਥ ਦਿੱਤਾ ਕਿ ਫਰਾਂਸੀਸੀ-ਰੂਸੀ ਸ਼ਕਤੀਆਂ ਧੁਰ ਪੂਰਬ ਵੱਲ ਮੁੜ ਗਈਆਂ।

ਉੱਪਰ ਦੱਸੇ ਗਏ ਕਾਰਣਾਂ ਕਰ ਕੇ ਰੂਸੀ ਸ਼ਕਤੀ ਅਤੇ ਹਿੱਤ ਮਹੱਤਵੀਪੂਰਨ ਹੱਦ ਤਕ ਵੱਧ ਗਏ ਸਨ। ਨਤੀਜੇ ਵਜੋਂ ਉਸ ਦੀ ਪੂਰਬ ਨੀਤੀ ਜ਼ੋਰਦਾਰ ਹੋ ਗਈ। ਲੰਬੇ ਸਮੇਂ ਦੀ ਹਿਚਕਚਾਹਟ ਤੋਂ ਬਾਅਦ ਉਸ ਨੇ ਅਪ੍ਰੈਲ 1895 ਵਿਚ ਤੀਹਰੀ ਦਖਲ-ਅੰਦਾਜ਼ੀ ਸਮੇਂ ਫਰਾਂਸ ਅਤੇ ਜਰਮਨੀ ਦੀ ਅਗਵਾਈ ਕੀਤੀ। ਜਾਪਾਨ ਸਾਂਝੇ ਦਬਾਅ ਦਾ ਮੁਕਾਬਲਾ ਕਰਨ ਦੀ ਸਥਿਤੀ ਵਿਚ ਚਨਹੀਂ ਸੀ ਅਤੇ ਉਸ ਨੇ ਲਿਆਓਤੁੰਗ ਚੀਨ ਨੂੰ ਵਾਪਸ ਕਰ ਦਿੱਤਾ। ਅਪ੍ਰੈਲ 1896 ਵਿਚ ਜਾਪਾਨ ਨੂੰ ਤਾਰਣ ਵਾਲੇ ਕਰਜੇ ਵਿਚ ਚੀਨ ਦੀ ਮਦਦ ਕਰਨ ਲਈ ਰੂਸ ਨੇ ਰੂਸੀ-ਚੀਨ ਬੈਂਕ ਖੋਲ੍ਹਿਆ। ਰੂਸ ਨੇ ਇਕ ਗੁਪਤ ਰੂਸੀ-ਚੀਨੀ ਸੰਧੀ ਰਾਹੀਂ ਮਨਚੂਰੀਆ ਤੋਂ ਵਲਾਦੀਵੋਸਤਕ (Valadivostok) ਤਕ 950 ਮੀਲ ਰੇਲ ਦੀ ਪਟੜੀ ਬਣਾਉਣ ਦੀ ਵੀ ਚੀਨ ਤੋਂ ਇਜਾਜਤ ਲਈ। ਇਸ ਦੁਆਰਾ ਰੂਸ ਅਤੇ ਚੀਨ ਨੇ ਮਿਲ ਕੇ ਇਸ ਮਹਾਂਦੀਪ ਤੇ ਜਾਪਾਨ ਦੇ ਕਿਸੇ ਵੀ ਵਿਸਥਾਰ ਵਿਰੁੱਧ ਲੜਨਾ ਸੀ ਅਤੇ ਮੰਨਚੂਰੀਆਂ ਤੋਂ ਪਾਰ ਚੀਨੀ-ਪੂਰਬੀ ਰੇਲਵੇ ਦੀ ਉਸਾਰੀ ਚੀਨੀ ਬੈਂਕ ਨੇ ਕਰਨੀ ਸੀ।

ਰੂਸੀ ਸਫਲਤਾ ਨੇ ਚੀਨ ਵਿਚ ਸਾਮਰਾਜਵਾਦੀ ਦਖਲ ਦੇ ਨਵੇਂ ਪੜਾਅ ਦੀਆਂ ਨਵੀਆਂ ਵਿਧੀਆਂ ਨੂੰ ਉਜਾਗਰ ਕੀਤਾ ਅਤੇ ਚੀਨ ਦੇ ਕਿਆਸੇ ਗਏ ਵਿਘਟਨ ਦਾ ਪੂਰਾ ਲਾਭ ਉਠਾਉਣ ਵਿਚ ਦੂਸਰੀਆਂ ਸ਼ਕਤੀਆਂ ਵੀ ਪਿਛੇ ਨਹੀਂ ਰਹੀਆਂ।

## ਰਿਆਇਤਾਂ ਲਈ ਕਸ਼ਮਕਸ਼ ਅਤੇ ਖੁਲੇ ਦਰ ਦੀ ਨੀਤੀ(Scramble for Concessions and Open Door Policy)

ਮਹਾਨ ਸ਼ਕਤੀਆਂ, ਚੀਨ ਨੇ ਕਿਆਸੇ ਗਏ ਵਿਘਟਨ ਤੋਂ ਲਾਭ ਉਠਾਉਣ ਲਈ ਇਕ ਦੂਸਰੇ ਨਾਲ ਸਹਿਯੋਗ ਅਤੇ ਸੰਘਰਸ਼ ਵਿਚ ਪੈ ਗਈਆਂ। ਨਵੀਂ ਸਾਮਰਾਜਵਾਦੀ ਪ੍ਰਭੁੱਤਾ ਸਿਰਫ ਹਿੱਤਾ ਦੇ ਖੇਤਰ ਤਕ ਹੀ ਸੀਮਤ ਨਹੀ ਸੀ ਸਗੋਂ ਪੀਕਿੰਗ ਦੇ ਸਮੁੱਚੀ ਵਿੱਤੀ ਢਾਚੇ ਤਕ ਫੈਲਿਆ ਹੋਇਆ ਸੀ। ਫੇਅਰਬੈਂਕ ਅਤੇ ਦੂਸਰੇ ਲੇਖਕਾਂ ਅਨੁਸਾਰ ਚੀਨ ਦੇ ਟੁਕੜੇ ਟੁਕੜੇ ਇਕ ਸਾਮਰਾਵਾਦੀ ਸ਼ਕਤੀ ਨੂੰ ਦੂਸਰੇ ਨਾਲ ਸੰਤੁਲਿਤ ਕਰਨ ਵਿਚ ਚੀਨ ਦੀ ਚਤੁਰਾਈ ਕਰ ਕੇ ਨਹੀਂ ਹੋਏ।

ਫਿਰ ਵੀ ਆਪਣੀਆਂ ਲੱਟੂ ਮੰਗਾਂ ਅਤੇ ਮਹਾਨ ਸ਼ਕਤੀਆਂ ਦੀਆਂ ਖ਼ਤਮ ਨਾ ਹੋਣ ਵਾਲੀਆਂ ਦੁਸ਼ਮਣੀਆਂ ਵਾਲਾ ਵਿੱਤੀ ਸਾਮਰਾਜਵਾਦ (financial imperialism) ਦਾ ਇਹ ਯੁੱਗ ਨਰਮ ਵਿੱਤੀ ਦਖਲ-ਅੰਦਾਜ਼ੀ ਆਰਥਿਕ ਵਾਧੇ ਦੇ ਪਹਿਲਾਂ ਦੇ ਦਹਾਕਿਆਂ ਨੂੰ ਪਿਛਾਹ ਛੱਡ ਜਾਣ ਦਾ ਰੁਝਾਨ ਰੱਖਦਾ ਸੀ। ਜਿਸ ਨੂੰ ਉਸ ਸਮੇਂ ਤੋਂ ਹੀ ਚੀਨੀ ਦੇਸ਼ ਭਗਤ ਸਾਮਰਾਜਵਾਦੀ ਜ਼ੁਲਮ ਆਖ ਕੇ ਸਮੁੱਚੀ ਸੰਧੀ ਪ੍ਰਣਾਲੀ ਨੂੰ ਡੂੰਘੀ ਨਫਰਤ ਕਰਦੇ ਸਨ।

## ਦੂਰ ਪੂਰਬ ਵਿਚ ਅਮਰੀਕੀ ਹਿੱਤ (American Interest in Far East)

1890 ਤਕ ਅਮਰੀਕੀ ਇਸ ਤੱਥ ਤੇ ਫਖਰ ਕਰਦੇ ਸਨ ਕਿ ਅਮਰੀਕਾ ਨੇ ਏਸ਼ੀਆ ਵਿਚ ਕਦੇ ਵੀ ਲੜਾਈ ਨਹੀਂ ਲੜੀ ਅਤੇ ਬਸਤੀਆਂ ਉਪਰ ਕਬਜ਼ਾ ਨਹੀਂ ਕੀਤਾ। ਅਮਰੀਕਾ ਦੂਰ ਪੂਰਬ ਵਿਚ ਸਾਮਰਾਜਵਾਦ ਤੋਂ ਇਸ ਤਰ੍ਹਾਂ ਹੀ ਪਰ੍ਹਾਂ ਰਿਹਾ ਜਿਵੇਂ ਇਹ ਯੂਰਪ ਵਿਚ ਇਕ ਦੂਜੇ ਨਾਲ ਉਲਝਾਉਣ ਵਾਲੇ ਗਠਜੋੜਾਂ ਤੋ ਰਿਹਾ ਸੀ। ਪਰ ਬਸਤੀਆਂ ਲਈ ਯੂਰਪ ਦੀ ਦੌੜ ਤੇਜ਼ ਹੋਣ ਨਾਲ ਇਤਿਹਾਸ ਦੀਆਂ ਕੁਝ ਘਟਨਾਵਾਂ ਦੇ ਨਾਲ ਨਾਲ ਨਵੇਂ ਵਿਸਥਾਰਵਾਦੀ ਰੁਝਾਨਾਂ ਨੇ ਅਮਰੀਕਾ ਨੂੰ ਵੀ ਇਕ ਮਹਾਨ ਸ਼ਕਤੀ ਵਜੋਂ ਦੂਰ ਪੂਰਬ ਦੇ ਦ੍ਰਿਸ਼ ਤੋਂ ਲੈ ਆਦਾ।

ਕਈ ਦੂਸਰੀਆਂ ਯੂਰਪੀ ਸ਼ਕਤੀਆਂ ਵਾਂਗ ਅਮਰੀਕਾ ਨੇ ਵੀ ਸਾਰੇ ਤੱਥਾਂ ਕਰਕੇ ਵਿਸਥਾਰਵਾਦੀ ਨੀਤੀ ਦਾ ਪਾਲਣ ਕਰਨਾ ਸ਼ੁਰੂ ਕਰ ਦਿੱਤਾ। ਅਮਰੀਕਾ ਵੀ ਸਮੁੰਦਰੀ ਅੱਡਿਆ ਅਤੇ ਬਸਤੀਆਂ ਦੀ ਖੋਜ ਕਰਨ ਲੱਗਾ। ਕੈਪਟਨ ਏ. ਟੀ. ਮਹਾਨ (A. T. Mahan) ਦੀ ਸਮੁੰਦਰੀ ਅੱਡੇ ਰੱਖਣ ਦੀ ਵਕਾਲਤ ਦੇ ਨਾਲ-ਨਾਲ ਹੀ 1890 ਵਿਚ ਸਮੁੰਦਰੀ ਬੇੜਾ ਸਥਾਪਤ ਕਰਨ ਦਾ ਕਾਂਗਰਸ ਦਾ ਐਲਾਨ ਵੀ ਆਇਆ। ਨਿਕਾਰਾਗੂਆ (Nicaragua) ਵਿਚੋਂ ਹੀ ਨਹਿਰ ਬਨਾਉਣ ਦੀ ਮੰਗ ਕੀਤੀ ਗਈ ਤਾਂ ਕਿ ਇਹ ਬੇੜਾ ਦੋਹਾਂ ਸਮੁੰਦਰਾਂ ਵਿਚ ਕੰਮ ਕਰ ਸਕੇ।

ਹਵਾਈ ਅਤੇ ਸਾਮੋਆ (Hawai and Samoa) ਆਦਿ ਵਿਚ ਅਮਰੀਕਾ ਦੇ ਹਿੱਤ ਹੋਰ ਵੀ ਡੂੰਘੇ ਹੋ ਗਏ। ਪੈਗੋ (Pago) ਦੀ ਬੰਦਰਗਾਹ ਵਿਚ ਅਮਰੀਕਾ ਦੀ ਸਮੂਲੀਅਤ ਨੇ ਤਿੰਨ ਤਾਕਤਾਂ ਬਰਤਾਨੀਆਂ, ਅਮਰੀਕਾ, ਜਰਮਨੀ ਨੂੰ 1889 ਵਿਚ ਸੰਮੋਅਨ ਦੀਪ ਸਮੂੰਹ ਬਾਰੇ ਰਾਜ-ਰਖਿਅਕ ਬਣਾ ਦਿੱਤਾ। ਇਸ ਸ਼ਮੂਲੀਅਤ ਨੇ ਚੀਨ ਦੀ ਵੰਡ ਬਾਰੇ ਯੂਰਪੀ ਤਾਕਤਾ ਨਾਲ ਮੁਕਾਬਲਾ ਕਰਨ ਲਈ ਅਮਰੀਕਾ ਨੂੰ 1898 ਤਕ ਸਮਰਥ ਬਣਾ ਦਿੱਤਾ ਸੀ।

1898-99 ਤਕ ਅਮਰੀਕਾ ਨੇ ਪਰਲ ਬੰਦਰਗਾਹ, ਗੁਆਮ ਪੈਗੋ, ਮਨੀਲਾ ਅਤੇ ਹਵਾਈ ਦੇ ਦੀਪ ਸਮੂੰਹਾਂ ਅਤੇ ਫਿਲਪਾਈਨ ਦੀਪ ਸਮੂੰਹਾਂ ਤੇ ਕਬਜ਼ਾ ਕਰ ਲਿਆ ਸੀ, ਜਿਸ ਨਾਲ ਉਸ ਕੋਲ ਕਈ ਸੰਭਾਵੀ ਸਮੁੰਦਰੀ ਅੰਗੈ ਆ ਗਏ ਸਨ। ਹੋਲੀ-ਹੋਲੀ ਕੁਝ ਹਿਚਕਚਾਹਟ ਭਰੇ ਕਦਮਾਂ ਨਾਲ ਅਮਰੀਕੀ ਸਰਕਾਰ ਨੇ ਚੀਨ ਵਿਚ ਆਪਣੀ ਇਤਿਹਾਸਕ ਨੀਤੀ ਦਾ ਦਾਅਵਾ ਕੀਤਾ। ਚਾਰਲਸ ਬਰੈਸਫੋਰਡ (Charles Beresford) ਨੇ (ਚੀਨ ਤੋਂ ਆਪਣੀ ਵਾਪਸੀ ਤੋਂ ਬਾਅਦ) ਅਪਣੇ ਅਮਰੀਕੀ ਦੋਸ ਨੂੰ ਖੁੱਲੈ ਦਰ ਦੀ ਬਰਤਾਨਵੀ-ਅਮਰੀਕੀ ਨੀਤੀ ਦਾ ਸੁਝਾਅ ਦਿੱਤਾ ਸੀ। ਇਹ ਨਸੀਹਤ ਅਮਰੀਕੀ ਸੰਕਲਪਾਂ ਵਿਚ ਪੂਰੀ ਉਤਰੀ ਸੀ ਅਤੇ ਅਮਰੀਕਾ ਦੀ ਸਰਕਾਰ ਨੇ ਇਨ੍ਹਾਂ ਵਿਚਾਰਾਂ ਦੇ ਦਬਾਅ ਸਾਹਮਣੇ ਰੀਐਕਟ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਤੰਬਰ, 1899 ਵਿਚ ਅਮਰੀਕਾ ਦੇ ਰਾਜ ਸਕੱਤਰ ਜਾਨ ਹੈ (John Hay) ਨੇ ਆਪਣੇ ਪਹਿਲੇ ਨੋਟਿਸ ਜਾਰੀ ਕੀਤੇ ਜੋ ਖੁਲ੍ਹੇ ਦਰ ਦੀ ਨੀਤੀ ਬਾਰੇ ਸਨ। ਇਹ ਕੋਈ ਅੱਧੀ ਸਦੀ ਤਕ ਅਮਰੀਕੀ ਫਾਰਮੂਲਾ ਸੀ ਜਿਸ ਵਿਚ ਹਰੇਕ ਬਸਤੀ ਨੂੰ ਆਪਣੇ ਅਖੌਤੀ ਖੇਤਰ ਵਿਚ ਬੇਨਤੀ ਕੀਤੀ ਗਈ ਸੀ ਕਿ ਉਹ

1. ਵਿਦੇਸ਼ੀ ਵਪਾਰ ਲਈ ਖੁਲ੍ਹੀਆ ਬੰਦਰਗਾਹਾਂ ਦੇ ਪ੍ਰਸ਼ਾਸਨ ਵਿਚ ਦਖਲ ਨਾ ਦੇਣ।
2. ਚੀਨ ਦੇ ਉਚਿਤ ਪ੍ਰਸ਼ਾਸਨ ਵਿਚ ਰੁਕਾਵਟ ਨਾ ਪਾਉਣ,
3. ਰੇਲ ਜਾਂ ਬੰਦਰਗਾਹ ਦੇ ਕਿਰਾਇਆਂ ਵਿਚ ਵਿਤਕਰਾ ਨਾ ਵਰਤਣ।

ਨਤੀਜੇ ਵਜੋਂ ਅਮਰੀਕਾ ਦੀ ਖੁਲ੍ਹੇ ਦਰ ਦੀ ਨੀਤੀ ਨੇ ਤਟਵਰਤੀ ਟੈਕਸਾਂ ਦੇ ਵਸ਼ਿਸ਼ਟ ਹਿੱਤਾਂ ਨੂੰ ਪ੍ਰਤੀਬਿੰਬਤ ਕੀਤਾ ਜੋ ਸੰਧੀ ਵਿਵਸਥਾ ਦੇ ਮੂਲ ਅਸੂਲ ਨੂੰ ਬਣਾਈ ਰੱਖ ਰਹੇ ਹਨ ਜੋ ਕਿ ਪ੍ਰਭਾਵ ਨਵੇਂ ਖੇਤਰ ਦੇ ਬਾਹਰ ਅਤੇ ਅੰਦਰ ਵਪਾਰ ਲਈ ਖੁਲ੍ਹੀਆਂ ਬੰਦਰਗਾਹਾਂ ਵਿਚ ਬਰਾਬਰ ਦੇ ਟੈਕਸ ਲਾਉਣ ਦੀ ਬਰਾਬਰੀ ਸੀ।

ਬਰਤਾਨੀਆਂ, ਜਰਮਨੀ, ਫਰਾਂਸ ਇਟਲੀ ਅਤੇ ਜਾਪਾਨ ਨੇ ਇਸ ਸ਼ਰਤ ਤੇ ਇਨ੍ਹਾਂ ਨੁਕਤਿਆਂ ਨੂੰ ਮੰਨ ਲਿਆ ਕਿ ਬਾਕੀ ਸ਼ਕਤੀਆਂ ਵੀ ਇਸ ਨੂੰ ਮੰਨਣਗੀਆਂ। ਹਾਲਾ ਕਿ ਰੂਸੀ ਪਹਿਲਾ ਹੀ ਦਾਰਿਨ (Dairen) ਨੂੰ ਖੁਲ੍ਹੀ ਬੰਦਰਗਾਹ ਐਲਾਨ ਕਰ ਚੁੱਕੇ ਸਨ ਪਰ ਇਸ ਬਾਰੇ ਉਨ੍ਹਾਂ ਦਾ ਜਵਾਬ ਲਗਭਗ ਨਾ ਪੱਖੀ ਹੀ ਸੀ ਕਿਉਂਕਿ ਇਸ ਨੇ ਮੰਨਚੂਰੀਆਂ ਵਿਚ ਵਿਛਾਈ ਜਾ ਰਹੀ ਰੇਲ ਪਟੜੀ ਤੇ ਤਰਜੀਹੀ ਕਿਰਾਇਆ ਬਾਰੇ ਕੁਝ ਵੀ ਨਹੀਂ ਆਖਿਆ ਸੀ। ਰੇਲ ਦੀ ਸਫਲਤਾ ਸੀਮਤ ਸੀ ਉਸ ਨੇ ਅੰਨ੍ਹੇਵਾਹ ਸਭਨਾਂ ਸੰਬੰਧਿਤ ਧਿਰਾਂ ਨੂੰ ਨੋਟਿਸ ਦੇ ਕੇ ਦੱਸ ਦਿਤਾ ਕਿ ਉਸ ਦੇ ਨੋਟਿਯ ਦੀ ਉਨ੍ਹਾਂ ਦੀ ਸਰਬਸੰਮਤੀ ਨਾਲ ਕੀਤੀ ਪ੍ਰਵਾਨਗੀ ਅੰਤਮ ਅਤੇ ਨਿਸਚਿਤ ਹੈ। ਇਸ ਕੂਟਨੀਤੀ ਨੇ ਵੱਡੀਆਂ ਸ਼ਕਤੀਆਂ ਨੂੰ ਧੋਖੇ ਵਿਚ ਨਹੀਂ ਪਾਇਆ ਪਰ ਇਸ ਨੇ ਅਮਰੀਕੀ ਲੋਕਾਂ ਦੀਆਂ ਅੱਖਾਂ ਤੇ ਪਰਦਾ ਜ਼ਰੂਰ ਪਾ ਦਿੱਤਾ। ਇਸ ਨੇ ਇਹ ਪ੍ਰਭਾਵ ਪੈਦਾ ਕੀਤਾ ਕਿ ਅਮਰੀਕੀ ਡਾਲਰ ਸਰਕਾਰ ਨੇ

ਪ੍ਰਤਿਭਾਸ਼ਾਲੀ ਕੂਟਨੀਤੀ ਨਾਲ ਲੁਟੇਰਾ ਸ਼ਕਤੀਆਂ ਦੇ ਮੰਦੇ ਇਰਾਦਿਆਂ ਤੋਂ ਚੀਨ ਨੂੰ ਬਚਾ ਲਿਆ ਹੈ।

ਵਿਲਿਅਮ ਐਲ ਲੈਂਗਰ ਅਨੁਸਾਰ ਹੇਅ ਦੇ ਯਤਨ ਹਾਲਤ ਵਚ ਕੋਈ ਵਿਵਹਾਰਕ ਪ੍ਰਭਾਵ ਨਹੀਂ ਪਾ ਸਕੇ ਸਨ, ਕਿਉਂਕਿ ਇਹ ਸਮਾਂ ਸਦੀ ਦੇ ਅੰਤ ਦਾ ਸਮਾਂ ਸੀ, ਐਨਾ ਯਾਦ ਰੱਖਣ ਦੀ ਲੋੜ ਹੈ ਕਿ ਦੂਰ ਪੂਰਬ ਵਿਚ ਸ਼ਕਤੀਆਂ 300 ਮਿਲੀਅਨ ਲੋਕਾਂ ਦੀ ਹੋਣੀ ਵਾਲੇ ਸਾਮਰਾਜ ਨਾਲ ਨਿਪਟ ਰਹੀਆਂ ਸਨ ਅਤੇ ਕੋਈ ਪੰਜ ਵੱਡੇ ਮੁਲਕ ਇਕ ਦੂਸਰੇ ਨਾਲ ਸੰਘਰਸ਼ ਕਰ ਰਹੇ ਸਨ। ਹਰ ਕੋਈ ਸਹਿਮਤ ਸੀ ਅਤੇ ਖੁਲ੍ਹੇ ਦਰ ਦੀ ਨੀਤੀ ਚੀਨ ਪ੍ਰਤੀ ਅਮਰੀਕਾ ਦੀ ਪ੍ਰੰਪਰਾਗਤ ਨੀਤੀ ਵਜੋਂ ਸਥਾਪਿਤ ਹੋ ਗਈ ਸੀ।

ਅਸਲ ਵਿਚ ਇਹ ਦੂਰ ਤੋਂ ਤਟਵਰਤੀ ਸ਼ਕਤੀ ਦੁਆਰਾ ਚੀਨ ਬਸਤੀਵਾਦ ਦੇ ਵਿਸਥਾਰ ਵਿਰੁੱਧ ਸੰਧੀ ਵਿਵਸਥਾ ਬਰਕਰਾਰ ਰੱਖਣ ਦਾ ਯਤਨ ਸੀ। ਫੇਅਰ ਬੈਂਕ ਅਤੇ ਦੂਸਰਿਆਂ ਦੇ ਸ਼ਬਦਾਂ ਵਿਚ ਇਹ ਆਖਣਾ ਸਹੀ ਹੈ ਕਿ ਖੁਲ੍ਹੇ ਦਰ ਦੀ ਨੀਤੀ ਨੂੰ ਕਿਸ ਹੋਰ ਮੁਲਕ ਦੀ ਜਗ੍ਹਾ ਅਮਰੀਕਾ ਵਿਚ ਵਧੇਰੇ ਗੰਭੀਰਤਾ ਨਾਲ ਲਿਆ ਗਿਆ ਸੀ।

## ਅੰਤਿਕਾ

ਮਹਾਨ ਸ਼ਕਤੀਆਂ ਦਰਮਿਆਨ ਸੰਭਵ ਹੋਰ ਤੇ ਇੰਗਲੈਂਡ ਪਹਿਲਾ ਮੁਲਕ ਸੀ ਜਿਸ ਨੇ ਪੱਛਮੀ ਦਖਲ-ਅੰਦਾਜ਼ੀ, ਲਈ ਚੀਨ ਦੇ ਦਰਵਾਜ਼ੇ ਖੋਲ੍ਹੇ ਸਨ 1842, 1858, 1860 ਅਤੇ 1898 ਦੀਆਂ ਸੰਧੀਆਂ ਨਾਲ ਬਰਤਾਨੀਆਂ ਨੇ ਚੀਨ ਤੋਂ ਕਈ ਰਿਆਇਤਾਂ ਹਾਸਲ ਕਰ ਲਈਆਂ ਸਨ ਅਤੇ ਇਸ ਨਾਲ ਉਸ ਨੇ ਚੀਨ ਵਿਚ ਆਪਣਾਂ ਪ੍ਰਭਾਵ ਵਧਾ ਲਿਆ ਸੀ। ਫਰਾਂਸ ਨੇ ਵੀ ਵਪਾਰ ਕਾਰਨ, ਈਸਾਈਅਤ ਫੈਲਾਉ ਅਤੇ ਬਰਤਾਨਵੀ ਲੀਹਾਂ ਤੇ ਦੂਸਰੇ ਕਈ ਅਧਿਕਾਰ ਪ੍ਰਾਪਤ ਕਰ ਲਏ ਸਨ। ਰਿਆਇਤਾਂ ਪ੍ਰਾਪਤ ਕਰਨ ਦੀ ਮੰਗ ਵਿਚ ਫਰਾਂਸ ਪਿੱਛੇ ਨਹੀਂ ਰਹਿਣਾ ਚਾਹੁੰਦਾ ਸੀ ਅਤੇ ਉਸ ਨੇ ਚੀਨ ਨੂੰ 1898 ਦੀ ਫਰਾਂਸੀਸੀ-ਚੀਨੀ ਸੰਧੀ ਕਰਨ ਤੇ ਮਜਬੂਰ ਕੀਤਾ, ਜਿਵੇਂ ਕਿ 1895 ਵਿਚ ਚੀਨ ਤੋਂ ਲਿਓਨ-ਤੁੰਗ ਵਾਪਸ ਲੈਣ ਤੋਂ ਸਪਸ਼ਟ ਹੈ। ਇਸ ਕਸ਼ਮਕਸ਼ ਵਿਚੋਂ ਸਭ ਤੋਂ ਵਧ ਲਾਭ ਉਠਾਉਣ ਵਾਲਾ ਦੇਸ਼ ਰੂਸ ਸੀ। ਰੂਸ-ਚੀਨੀ ਬੈਂਕਾਂ ਦੀ ਸਥਾਪਨਾ ਆਰਕ ਬੰਦਰਗਾਹ ਨੂੰ ਲੀਜ਼ ਤੇ ਲੈਣਾ ਵੀ ਰੂਸ ਦੇ ਇਸੇ ਲਾਭ ਨੂੰ ਹੀ ਪ੍ਰਤੱਖ ਦਰਸਾਉਂਦਾ ਹੈ। ਪੂਰਬੀ ਚੀਨੀ ਰੇਲਵੇ ਅਤੇ ਖਾਨਾਂ ਦੇ ਅਧਿਕਾਰ, ਆਦਿ ਉਹ ਲਾਭ ਹਨ ਜੋ ਰੂਸ ਨੇ ਚੀਨ ਦੀ ਅਖੰਡਤਾ ਦੀ ਕੀਮਤ ਤੇ ਪ੍ਰਾਪਤ ਕੀਤੇ ਸਨ।

ਜਰਮਨੀ ਨੇ ਵੀ ਕਿਉਚਾਉ ਤੇ ਜ਼ਬਰਦਸਤੀ ਕਬਜ਼ਾ ਲੈ ਲਿਆ ਅਤੇ 1898 ਵਿਚ ਚੀਨ ਨੂੰ ਸਮਝੌਤਾ ਕਰਨ ਤੇ ਮਜ਼ਬੂਰ ਕੀਤਾ। ਜਲਦੀ ਹੀ ਤਸਿੰਗਟਨ (Tsingtan) ਵਿਚ ਜਰਮਨ ਸ਼ਹਿਰ ਉਭਰ ਆਇਆ, ਜਿਸ ਦੀ ਰੱਖਿਆ ਜਰਮਨ ਫੌਜੀ ਕਰਦੇ ਸਨ। ਜਲਦ ਹੀ ਚੀਨ ਗੈਰ ਪ੍ਰਿਥਕਤਾ ਦੇ ਐਲਾਨ ਨਾਮੇ ਰਾਹੀਂ ਆਪਣੇ ਕੁਝ ਹਿੱਸੇ ਬਿਦੇਸ਼ੀ ਸ਼ਕਤੀਆਂ ਤੋਂ ਪ੍ਰਿਥਕ ਨਾ ਕਰਨ ਲਈ ਰਾਜ਼ੀ ਹੋਣ ਤੇ ਮਜ਼ਬੂਰ ਕੀਤਾ ਗਿਆ। ਨਵੀਂ ਸਥਿਤੀ ਸਮੁੱਚੇ ਚੀਨ ਨੂੰ ਵੱਡੀਆਂ ਸ਼ਕਤੀਆਂ ਦੇ ਪ੍ਰਭਾਵ ਹੇਠਲੇ ਖੇਤਰਾਂ ਵੰਡਣ ਵਲ ਲੈ ਗਈ। ਮੰਚੂਰੀਆ ਰੂਸੀ ਅਤੇ ਬਰਤਾਨੀਆਂ ਦੇ ਪ੍ਰਭਾਵ ਹੇਠਲਾ ਖੇਤਰ ਵਣ ਗਏ। ਯੂਨਾਨ (Yunan) ਫਰਾਂਸ ਦੇ ਸ਼ਾਨਤੁੰਗ ਜਰਮਨੀ ਪ੍ਰਭਾਵ ਹੇਠਲਾ ਖੇਤਰ ਬਣ ਗਿਆ। ਆਪਣੇ ਆਪਣੇ ਪ੍ਰਭਾਵ ਹੇਠਲੇ ਖੇਤਰਾਂ ਵਿਚ ਵੱਖ ਵੱਖ ਸ਼ਕਤੀਆਂ ਨੂੰ ਵਪਾਰਕ ਅਤੇ ਦੂਸਰੀਆਂ ਰਿਆਇਤਾਂ ਮਿਲੀਆਂ ਅਤੇ ਉਨ੍ਹਾਂ ਸਭ ਕਿਸਮ ਦੇ ਵਿਸ਼ੇਸ਼ ਅਧਿਕਾਰਾਂ ਦਾ ਅਨੰਦ ਪਾਇਆ।

ਚੀਨ ਵਿਦੇਸ਼ੀਆਂ ਲਈ ਸ਼ਹਿਦ ਦਾ ਛੱਤਾ ਬਣ ਗਿਆ ਸੀ ਜੋ ਕਿ ਵਪਾਰੀਆਂ, ਸਿਪਾਹੀਆਂ , ਅਫ਼ਸਰਾਂ ਅਤੇ ਧਰਮ ਪਰਚਾਰਕਾਂ, ਆਦਿ ਵਜੋਂ ਕੰਮ ਕਰਦੇ ਸਨ। ਚੀਨ ਆਪਣੀਆਂ ਸ਼ਕਤੀਸ਼ਾਲੀ ਬੰਦਰਗਾਹਾਂ ਗੁਆ ਬੈਠਾ ਅਤੇ ਉਸ ਦਾ ਵਿਦੇਸ਼ ਵਪਾਰ ਵਿਦੇਸ਼ੀਆਂ ਅਧੀਨ ਸੀ। ਫਿਰ ਵੀ ਵੱਡੀਆਂ ਸ਼ਕਤੀਆਂ ਨੇ ਮੁਕਾਬਲੇ-ਬਾਜ਼ੀ ਅਤੇ ਟਕਰਾਵਾਂ ਕਰ ਕੇ ਚਨੀ ਨੇ ਆਪਣੀ ਖੁਦਮੁਖਤਿਆਰੀ ਤੇ ਸਲਾਮਤੀ ਬਣਾਈ ਰਖੀ। ਵਿਦੇਸ਼ੀ ਵਿਰੋਧੀ, ਬਗਾਵਤ, ਬਰਤਾਨਵੀ-ਜਾਪਾਨੀ ਇਤਹਾਦ ਅਤੇ ਅਮਰੀਕਾ ਦੀ ਖੁਲੇ ਦਰ ਦੀ ਨੀਤੀ ਨੇ ਚੀਨ ਦੀ ਅਖੰਡਤਾ ਬਹਾਲ ਰੱਖਣ ਵਿਚ ਦੂਰ ਤਕ ਸਾਥ ਦਿੱਤਾ।

**SUGGESTED READINGS**


1. P. H Clyde : The Far East
2. J. Y. Fairbank and others : East Asia : The Modern Transformation
3. C. T. Hsu (ed) : Readings in Modern Chinese History
4. Iaan Nish : The Story of Japan
5. H. M. Vinacke : A History of Far East in Modern Times
6. ਹੈਰੋਲਡ ਐਸ. ਵਿਨਾਇਕ, ਐਸ ਐਸ. ਸੋਢੀ (ਪੰਜਾਬੀ ਅਨੁਵਾਦ) : ਦੂਰ ਪੂਰਬ ਦਾ ਆਧੁਨਿਕ ਇਤਿਹਾਸ

ਪਾਠ ਨੰਬਰ : 2.4

# ਪਹਿਲੇ ਵਿਸ਼ਵ ਯੁੱਧ ਦੇ ਕਾਰਣ

1914 ਤੋਂ 1918 ਤੱਕ ਦਾ ਪਹਿਲਾ ਵਿਸ਼ਵ ਯੁੱਧ ਗੁਪਤ, ਪ੍ਰਗਟ, ਮਾਨਸਿਕ ਅਤੇ ਇਤਿਹਾਸਕ ਆਦਿ ਕਈ ਕਾਰਨਾਂ ਦੀ ਉਪਜ ਸੀ। ਜਿਨ੍ਹਾਂ ਕਾਰਨਾਂ ਕਰਕੇ ਇਹ ਜੰਗ ਹੋਈ ਉਹ ਬਹੁਤ ਹੀ ਪੇਚੀਦਾ ਅਤੇ ਗੁੰਝਲਦਾਰ ਸਨ ਪ੍ਰੰਤੂ ਧਿਆਨ ਨਾਲ ਦੇਖਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਉਨ੍ਹਾਂ ਕਾਰਨਾਂ ਤੋਂ ਕੋਈ ਵੱਖ ਨਹੀਂ ਸਨ ਜਿਨ੍ਹਾਂ ਕਰਕੇ ਅਤੀਤ ਵਿਚ ਜੰਗਾਂ ਹੋਈਆਂ। ਕਾਰਨ ਲਗਭਗ ਉਹੀ ਸਨ ਭਾਵ ਲਾਲਚੀਪੁਣਾ, ਲੜਾਕਾਪਨ, ਹੰਕਾਰ, ਖਾਰ, ਧਰਤੀ, ਸਾਜੋ ਸਮਾਨ, ਬਾਲਣ, (fuel) ਅਤੇ ਦੂਜਿਆਂ ਉਪਰ ਹੁਕਮ ਚਲਾਉਣ ਦੀ ਇੱਛਾ।

ਸਿਡਨੀ ਬਰਾਡਸ਼ਾਹ ਫੇ (Sidney Bradshaw Fay) ਨੇ ਆਪਣੀ ਪੁਸਤਕ 'ਦੀ ਉਰੀਜਨ ਆਫ਼ ਦੀ ਵਰਲਡ ਵਾਰ' (The Origin of the World War) ਵਿਚ ਜੰਗ ਦੇ ਕਾਰਣਾਂ ਨੂੰ ਹੇਠ ਲਿਖੇ ਪੰਜ ਸਿਰਲੇਖਾਂ ਵਿਚ ਵੰਡਿਆ ਹੈ:

1. ਗੁਪਤ ਸੰਧੀਆਂ ਕਰਨਾ (The System of Secret Alliances)
2. ਸੈਨਿਕਵਾਦ (Militarism)
3. ਕੌਮੀਵਾਦ (Nationalism)
4. ਆਰਥਿਕ ਸਮਾਜਵਾਦ (Economic Imperialism)
5. ਅਖ਼ਬਾਰਾਂ (The Newspaper Press)

## 1. ਗੁਪਤ ਸੰਧੀਆਂ ਕਰਨਾ (**The System of Secret Alliances**)

ਬਿਸਮਾਰਕ ਤੇ ਤਿੰਨ ਛੋਟਿਆਂ ਪ੍ਰੰਤੂ ਕਾਮਯਾਬ ਜੰਗਾਂ ਜਿੱਤ ਕੇ ਜਰਮਨੀ ਨੂੰ ਇਕ ਸੰਗਠਤ ਰਾਜ ਦਾ ਰੂਪ ਦੇ ਦਿੱਤਾ। 1871 ਵਿਚ ਬਿਸਮਾਰਕ ਯੂਰਪੀ ਸਿਆਸਤ ਦਾ ਇਕ ਮਾਲਕ ਬਣ ਗਿਆ। ਬਿਸਮਾਰਕ ਦੇ ਆਪਣੇ ਇਲਾਕਿਆਂ ਨੂੰ ਸੁਰੱਖਿਅਤ ਕਰਨ ਵਾਸਤੇ 1873 ਵਿਚ ਤਿੰਨ ਬਾਦਸ਼ਾਹਾਂ ਦੀ ਲੀਗ ਬਣਾਈ (Three Emperor League), 1879 ਵਿਚ ਆਸਟਰੀਆ ਨਾਲ ਦੋਹਰੀ ਸੰਧੀ (Dual Alliance) ਕੀਤੀ, 1882 ਵਿਚ ਜਰਮਨੀ ਆਸਟਰੀਆ ਅਤੇ ਇਟਲੀ ਨਾਲ ਤੀਹਰੀ ਸੰਧੀ (Triple Alliance) ਕੀਤੀ। ਜਿਸ ਤਰ੍ਹਾਂ ਫਰੈਂਕਫਰਟ ਦੀ ਸੰਧੀ (Treaty of Frankfurt) ਰਾਹੀਂ ਫਰਾਂਸ ਦੀ ਇੱਜਤ ਨੂੰ ਜ਼ਖਮੀ ਕੀਤਾ ਗਿਆ ਅਤੇ ਖਾਸ ਤੌਰ ਤੇ ਜਿਸ ਤਰ੍ਹਾਂ ਫਰਾਂਸ ਤੋਂ ਉਸ ਦੇ ਇਲਾਕੇ ਐਲਸੇਸ (Alsace) ਅਤੇ ਲੋਰੇਨ (Loraine) ਖੋਹੇ ਗਏ, ਉਹ ਨਾ ਤਾਂ ਫਰਾਂਸ ਨੂੰ ਅਜੇ ਭੁਲੇ ਸਨ ਅਤੇ ਨਾ ਹੀ ਉਹ ਭੁਲ ਸਕਦਾ ਸੀ। ਜਿਸ ਬੇਦਰਦੀ ਨਾਲ ਫਰਾਂਸ ਤੋਂ ਉਸ ਦੇ ਇਲਾਕੇ ਖੋਹੇ ਗਏ ਉਹ ਇਸ ਤਰ੍ਹਾਂ ਸੀ, ਜਿਵੇਂ ਕਿਸੀ ਮਾਂ ਕੋਲੋਂ ਉਸ ਦੇ ਬੱਚੇ ਖੋਹ ਲਏ ਜਾਣ। ਜਰਮਨੀ ਫਰਾਂਸ ਦੀ ਇਸ ਮਾਨਸਿਕ ਸਥਿਤੀ ਤੋਂ ਪੂਰੀ ਤਰ੍ਹਾਂ ਜਾਣੂ ਸੀ। ਆਪਣੀ ਗਵਾਈ ਹੋਈ ਇੱਜ਼ਤ ਅਤੇ ਹੋਰ ਨੁਕਸਾਨ ਨੂੰ ਰੋਕਣ ਲਈ ਫਰਾਂਸ ਨੇ 1894 ਵਿਚ ਰੂਸ ਨਾਲ ਅਤੇ 1904 ਵਿਚ ਬਰਤਾਨੀਆਂ ਨਾਲ ਸੰਧੀ ਕੀਤੀ। ਤੀਸਰੀ ਸੰਧੀ ਜਿਸ ਵਿਚ ਜਰਮਨੀ ਆਸਟਰੀਆ ਤੇ ਇਟਲੀ ਸ਼ਾਮਲ ਸਨ, ਦੇ ਵਿਰੁੱਧ ਤ੍ਰੈ-ਪੱਖੀ ਸਮਝੋਤਾ (Triple Entente) ਜਿਸ ਵਿਚ ਇੰਗਲੈਂਡ, ਫਰਾਂਸ

ਅਤੇ ਰੂਸ ਸ਼ਾਮਲ ਸਨ, ਹੋਂਦ ਵਿਚ ਆਇਆ। ਇਨ੍ਹਾਂ ਗੁਪਤ ਸੰਧੀਆਂ ਨੇ ਸਾਰੇ ਯੂਰਪ ਨੂੰ ਦੋ ਹਥਿਆਰਬੰਦ ਕੈਂਪਾਂ ਵਿਚ ਬਦਲ ਦਿੱਤਾ ਭਾਵ ਕਿ ਕੈਂਪਾਂ ਦੀ ਹਰ ਤਾਕਤ ਨੇ ਆਪਣੇ ਆਪ ਨੂੰ ਬਹੁਤ ਘਾਤਕ ਅਤੇ ਨਵੀਨਤਮ ਹਥਿਆਰਾਂ ਨਾਲ ਲੈਸ ਕਰ ਲਿਆ। ਇਸ ਦੇ ਨਾਲ ਨਾ ਕੇਵਲ ਜੰਗ ਹੀ ਪੂਰੀ ਤਰ੍ਹਾਂ ਨਿਸ਼ਚਿਤ ਹੋ ਗਈ ਪ੍ਰੰਤੂ ਨਾਲ ਹੀ ਇਹ ਗੱਲ ਵੀ ਸਪਸ਼ਟ ਹੋ ਗਈ ਕਿ ਜਦੋਂ ਵੀ ਜੰਗ ਸ਼ੁਰੂ ਹੋਵੇਗੀ, ਸਾਰੀਆਂ ਵੱਡੀਆਂ ਤਾਕਤਾਂ ਇਸ ਵਿਚ ਸ਼ਾਮਲ ਹੋਣਗੀਆਂ। ਹਰ ਕੈਂਪ ਦੇ ਮੈਂਬਰ ਨੇ ਇਹ ਪ੍ਰਣ ਕੀਤਾ ਕਿ ਉਹ ਆਪਣੀ ਹੋਂਦ ਅਤੇ ਇੱਜ਼ਤ ਦੀ ਖਾਤਰ ਇਕ ਦੂਜੇ ਦੀ ਮਦਦ ਕਰਨਗੇ। ਹਰ ਗੱਲ ਗੁਪਤ ਅਤੇ ਸੀਲ ਬੰਦ ਰੱਖੀ ਗਈ। ਇਥੋਂ ਤਕ ਕਿ ਫਰਾਂਸ ਅਤੇ ਬਰਤਾਨੀਆਂ ਵਿਚ 1906 ਵਿਚ ਹੋਈ ਫੌਜੀ ਗੱਲਬਾਤ ਬਾਰੇ ਬਰਤਾਨੀਆਂ ਦੇ ਮੰਤਰੀ ਮੰਡਲ ਨੂੰ 1912 ਅਤੇ ਸੰਸਦ ਨੂੰ 1914 ਵਿਚ ਪਤਾ ਲਗਿਆ।

ਉਸ ਸਮੇਂ ਅਜਿਹਾ ਕੋਈ ਨਿਯੰਤ੍ਰਣ ਨਹੀਂ ਸੀ ਜਿਹੜਾ ਕਿ ਇਸ ਨਿਘਰਦੀ ਜਾਂਦੀ ਹਾਲਤ ਨੂੰ ਸੁਧਾਰ ਸਕੇ ਅਤੇ ਪਏ ਹੋਏ ਪਾੜਿਆਂ ਨੂੰ ਮਿਟਾ ਸਕੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਹਾਲਾਤ ਇੰਨੇ ਵਿਗੜਦੇ ਹੋਏ ਚਲੇ ਗਏ ਕਿ ਜਿਸ ਦੀ ਲਾਠੀ ਉਸ ਦੀ ਭੈਂਸ (Might is Right) ਵਾਲੀ ਨੌਬਤ ਆ ਚੁੱਕੀ ਸੀ। 1899 ਅਤੇ 1907 ਵਿਚ ਹੇਗ ਕਾਨਫਰੰਸਾਂ (Hague Conference) ਵੱਲੋਂ ਕੀਤੇ ਗਏ ਸਾਰੇ ਪ੍ਰਯਤਨ ਅਸਫਲ ਹੋ ਗਏ। ਹਰ ਦੇਸ਼ ਆਪਣੇ ਆਪ ਨੂੰ ਅਜ਼ਾਦ ਸਮਝਦਾ ਸੀ ਅਤੇ ਕਿਸੀ ਹੁਕਮ ਨੂੰ ਮੰਨਣ ਲਈ ਤਿਆਰ ਨਹੀਂ ਸੀ।

2. **ਸੈਨਿਕਵਾਦ (Militarism) :** ਜੇ.ਐਸ. ਇਵਾਰਟ (J.S. Ewart) ਨੇ ਸੈਨਿਕਵਾਦ ਬਿਆਨ ਕਰਦਿਆਂ ਲਿਖਿਆ ਹੈ ਕਿ ਜੰਗ ਨੂੰ ਮਾਨਤਾ ਇਕ ਉੱਚਤਮ ਕੰਮ ਹੈ। ਇਸ ਦਾ ਭਾਵ ਇਹ ਹੋਇਆ ਕਿ ਮਜ਼ਬੂਤ ਸਰਕਾਰਾਂ ਆਪਣੇ ਹੇਠਾਂ ਮਜ਼ਬੂਤ ਫੌਜਾਂ ਅਤੇ ਸਮੁੰਦਰੀ ਬੇੜੇ ਖੜੇ ਕਰ ਲੈਣ ਜਿਹੜੇ ਕਿ ਸੰਕਟ ਕਾਲੀਨ ਸਮੇਂ ਵਿਚ ਸ਼ਹਿਰੀਆਂ ਦੇ ਉੱਪਰ ਵੀ ਆਪਣਾ ਪ੍ਰਭਾਵ ਪਾ ਸਕਣ। ਸੈਨਿਕ ਦਿਮਾਗ ਲਗਭਗ ਹਰ ਇਕ ਮੁਲਕ ਵਿਚ ਇਕੋ ਜਿਹਾ ਹੀ ਹੁੰਦਾ ਸੀ। ਸੈਨਿਕਾਂ ਵਾਸਤੇ ਲੜਾਈ ਦਾ ਛਿੜਨਾ ਇਕ ਸੁਨਹਿਰੀ ਮੌਕਾ ਹੁੰਦਾ ਸੀ, ਜਦੋਂ ਕਿ ਉਹ ਆਪਣੀ ਸੂਰਬੀਰਤਾ ਦਿਖਾ ਕੇ ਤਰੱਕੀਆਂ ਲੈ ਸਕਣ। ਇਨ੍ਹਾਂ ਰਜਵਾੜਿਆਂ ਨੇ ਅਜਿਹੇ ਪ੍ਰੋਗਰਾਮ ਤਿਆਰ ਕਰ ਲਏ ਸਨ ਕਿ ਨਾ ਕੇਵਲ ਬਹੁਤ ਘੱਟ ਸਮੇਂ ਵਿਚ ਦੁਸ਼ਮਣ ਦੇ ਹਮਲੇ ਨੂੰ ਰੋਕਿਆ ਜਾ ਸਕੇ ਬਲਕਿ ਇਕ ਬਟਨ ਦੱਬਣ ਦੇ ਸਮੇਂ ਵਿਚ ਦੁਸ਼ਮਣ ਦੇ ਧੁਰ ਅੰਦਰਲੇ ਨਾਜ਼ੁਕ ਸਥਾਨਾਂ ਤੇ ਵੀ ਹਮਲਾ ਕਰ ਸਕਦੇ ਹਨ। ਇਕ ਵਾਰੀ ਜਦੋਂ ਫੌਜਾਂ ਗਤੀਸ਼ੀਲ ਹੋ ਜਾਣ ਤਾਂ ਫਿਰ ਉਨ੍ਹਾਂ ਨੂੰ ਰੋਕਣਾ ਬਹੁਤ ਮੁਸ਼ਕਲ ਸੀ।

1864, 1866 ਅਤੇ 1870 ਵਿਚ ਪ੍ਰਸ਼ੀਆ ਵਲੋਂ ਲੜੀਆਂ ਲੜਾਈਆਂ ਫੌਜ਼ ਦੀ ਨਿਪੁੰਨਤਾ ਦੀਆਂ ਨਿਸ਼ਾਨੀਆਂ ਸਨ। ਫੌਜਾਂ ਅਤੇ ਹਥਿਆਰ ਇਕੱਠੇ ਕਰਨ ਦੀ ਦੌੜ ਨੇ ਸਾਰੇ ਵਾਯੂ ਮੰਡਲ ਨੂੰ ਦੂਸ਼ਿਤ ਕਰ ਦਿੱਤਾ ਅਤੇ ਇਕ ਤੋਂ ਬਾਅਦ ਇਕ ਸੰਧੀ ਹੁੰਦੀ ਚਲੀ ਗਈ। ਜਿਉਂ ਜਿਉਂ ਹਥਿਆਰਾਂ ਦਾ ਇਕੱਠ ਹੁੰਦਾ ਗਿਆ, ਤਿਉਂ ਤਿਉਂ ਗੁਟਬੰਦੀ ਵੱਧਦੀ ਗਈ ਅਤੇ ਹਰ ਇਕ ਇਸ ਦੌੜ ਵਿਚ ਅੱਗੇ ਵਧਣ ਦੀ ਕੋਸ਼ਿਸ਼ ਕਰਨ ਲੱਗਾ।

3. **ਕੌਮੀਵਾਦ (Nationalism) :** ਕੌਮੀਵਾਦ ਫਰਾਂਸੀਸੀ ਕ੍ਰਾਂਤੀ ਅਤੇ ਨੈਪੋਲੀਅਨ ਜੰਗਾਂ ਦਾ ਵਿਰਸਾ ਸੀ। 19ਵੀਂ ਸਦੀ ਵਿਚ ਇਸ ਨੇ ਇਟਲੀ ਅਤੇ ਜਰਮਨੀ ਦੇ ਅੰਦਰ ਸੰਗਠਤਾ ਲਿਆਂਦੀ, ਐਟੋਮਨ ਸਾਮਰਾਜ (Ottoman Empire) ਨੂੰ ਖਿੰਡਾ ਕੇ ਰੱਖ ਦਿੱਤਾ ਅਤੇ ਹੁਣ ਆਸਟਰੀਆ ਅਤੇ ਹੰਗਰੀ ਦੇ ਸਾਮਰਾਜ ਦੇ ਟੁੱਟਣ ਦਾ ਖਤਰਾ ਪੈਦਾ ਹੋ ਗਿਆ। ਹੁਣ ਕੌਮੀਵਾਦ ਦਾ ਖੁਲ ਕੇ ਮੁਜ਼ਾਹਰਾ

ਹੋਣ ਲੱਗਾ। ਬਲਕਾਨ ਦੀਆਂ ਰਿਆਸਤਾਂ ਲਈ ਇਹ ਸਭ ਤੋਂ ਵੱਧ ਅਸਰ ਵਾਲਾ ਤੱਤ ਸੀ, ਜਿਸ ਵਿਚ ਜਰਮਨ, ਮਰੀਯਾਰ, ਚੈਕਸ, ਕਰੋਟਸ, ਸਰਬਸ, ਪੋਲਸ ਅਤੇ ਰੁਮਾਨੀਅਨ ਆਦਿ ਦੇ ਅੰਦਰ ਇਨ੍ਹਾਂ ਬਾਰੂਦ ਇਕੱਠਾ ਹੋਇਆ ਪਿਆ ਸੀ ਕਿ ਮਾੜੀ ਜਿਹੀ ਚਿੰਗਾਰੀ ਦੇ ਨਾਲ ਹੀ ਇਹ ਅੰਦਰਲਾ ਬਾਰੂਦ ਫੱਟ ਸਕਦਾ ਸੀ। ਇਟਲੀ ਦਾ ਆਸਟਰੀਆ ਤੋਂ ਆਪਣੇ ਇਲਾਕੇ ਵਾਪਸ ਲੈਣ ਦੀ ਭਾਵਨਾ ਇਸ ਦਾ ਹੀ ਨਤੀਜਾ ਸੀ। ਇਹ ਗੱਲਾਂ ਜੰਗ ਦੇ ਉਥਾਨ ਦੀਆਂ ਹੀ ਪ੍ਰਤੀਕ ਸਨ।

ਨੌਜਵਾਨਾਂ ਦੇ ਮਨਾਂ ਵਿਚ ਪੜ੍ਹਾਈ ਦੇ ਰਾਹੀਂ ਕੌਮੀਵਾਦ ਦੀ ਭਾਵਨਾ ਨੂੰ ਕੁਟ-ਕੁਟ ਕੇ ਭਰਿਆ ਜਾਣ ਲੱਗਾ। ਉਨ੍ਹਾਂ ਦੇ ਦਿਲੋਂ ਦਿਮਾਗ ਵਿਚ ਇਹ ਗੱਲ ਬਿਠਾ ਦਿੱਤੀ ਗਈ ਕਿ ਕੌਮਾਂ ਹਮੇਸ਼ਾਂ ਹੀ ਜੰਗਾਂ ਵਿਚ ਫਲਦੀਆਂ ਹਨ ਅਤੇ ਸ਼ਾਂਤੀ ਵਿਚ ਬਰਬਾਦ ਹੋ ਜਾਂਦੀਆਂ ਹਨ। ਜੰਗ ਜੀਵਨ ਹੈ ਅਤੇ ਸ਼ਾਂਤੀ ਮੌਤ।

4. **ਆਰਥਿਕ ਸਾਮਰਾਜਵਾਦ (Economic Imperialism) :** ਉਦਯੋਗਿਕ ਕ੍ਰਾਂਤੀ ਨੇ ਯੂਰਪ ਵਿਚ ਵੱਡੀਆਂ ਤਾਕਤਾਂ ਦੇ ਵਿਚਕਾਰ ਵਪਾਰਕ ਬਸਤੀਆਂ ਪ੍ਰਤੀ ਦੁਸ਼ਮਣੀ ਬਹੁਤ ਤਿੱਖੀ ਕਰ ਦਿੱਤੀ। ਮਸ਼ੀਨਾਂ ਰਾਹੀਂ ਦਿਨੋਂ ਦਿਨ ਵੱਧਦੇ ਹੋਏ ਉਤਪਾਦਨ ਲਈ ਖਪਤ ਦੀ ਜਗ੍ਹਾਂ ਦੀ ਵੀ ਜਰੂਰਤ ਸੀ, ਜਿਥੇ ਇਹ ਬਣੇ ਹੋਏ ਮਾਲ ਨੂੰ ਵੇਚਿਆ ਜਾ ਸਕੇ ਤਾਂ ਹੀ ਉਹ ਕਾਰਖਾਨੇ ਅਤੇ ਦੇਸ਼ ਅੱਗੇ ਵੱਧ ਸਕਦੇ ਹਨ। ਨਤੀਜੇ ਵਜੋਂ ਅੰਤਾਂ ਦੀ ਦੌਲਤ ਇਕੱਠੀ ਹੋਣ ਲੱਗੀ। ਆਰਥਿਕ ਸ਼ੋਸ਼ਣ ਅਤੇ ਰਾਜਨੀਤਿਕ ਈਰਖਾ ਨਾਲ-ਨਾਲ ਚਲ ਰਹੀਆਂ ਸਨ। ਅਫਰੀਕਾ ਦੇ ਲਈ ਸੰਘਰਸ਼ ਚੀਨ ਅਤੇ ਰਿਆਇਤਾਂ ਲਈ ਲੜਾਈ, ਰੇਲਵੇ ਲਾਈਨਾਂ ਵਿਛਾਉਣ ਦੀਆਂ ਵਿਉਂਤਾਂ ਜਿਵੇਂ ਬਰਲਿਨ-ਬਗਦਾਦ ਅਤੇ ਟ੍ਰਾਂਸ-ਸਾਇਬੇਰੀਅਨ ਰੇਲ ਆਦਿ ਜਿਹੜੇ ਕਿ ਕ੍ਰਮਵਾਰ ਜਰਮਨੀ-ਰੂਸ ਅਤੇ ਬਰਤਾਨੀਆਂ ਵਲੋਂ ਸ਼ੁਰੂ ਕੀਤੇ ਕੰਮ ਦੇ ਝਗੜੇ ਹੋਰ ਵੀ ਵਧਾ ਦਿੱਤੇ। ਮੰਡੀਆਂ ਦੇ ਲਈ ਸੰਘਰਸ਼, ਰੱਖਿਅਕ ਰਾਜ ਦੀ ਸਥਾਪਨਾ ਆਪਣੇ ਪ੍ਰਭਾਵ ਦੇ ਘੇਰੇ ਨੂੰ ਵਿਸ਼ਾਲ ਕਰਨਾ, ਵਾਧੂ ਉਤਪਾਦਨ ਦੀ ਖਪਤ ਲਈ ਮੰਡੀਆਂ ਦੀ ਭਾਲ ਆਦਿ ਸਾਰੀਆਂ ਗੱਲਾਂ ਨੇ ਵੀ ਦੁਸ਼ਮਣੀਆਂ ਵਿਚ ਵਾਧਾ ਕੀਤਾ। ਜਰਮਨੀ ਦੇ ਖੁਲ੍ਹੇ ਵਾਤਾਵਰਣ ਵਿਚ ਆਉਣ ਦੀ ਇੱਛਾ ਇਸ ਦਾ ਹੀ ਪ੍ਰਤੀਕ ਸੀ ਪਰੰਤੂ ਸੀ.ਈ.ਐਮ. ਜੋਡ (C.E.M. Joad) ਦੇ ਸ਼ਬਦਾਂ ਅਨੁਸਾਰ, ''ਕੋਈ ਵੀ ਲੁਟੇਰਿਆਂ ਦਾ ਟੋਲਾ ਕਿਸੀ ਨਵੇਂ ਨੂੰ ਮੈਦਾਨ ਵਿਚ ਨਹੀਂ ਆਉਣ ਦਿੰਦਾ, ਇਸ ਤਰ੍ਹਾਂ ਲੁਟੇਰੇ ਮਹਾਨ ਬਰਤਾਨੀਆਂ ਦੇ ਇਕ ਤਾਕਤਵਰ ਸਾਮਰਾਜ ਦੁਨੀਆਂ ਵਿਚ ਸਥਾਪਿਤ ਕਰ ਦਿੱਤਾ ਸੀ। ਉਹ ਜਰਮਨੀ ਨੂੰ ਕੋਈ ਵੀ ਦੁਨੀਆਂ ਦੀਆਂ ਮੰਡੀਆਂ ਵਿਚ ਦਾਖਲ ਹੁੰਦਾ ਨਹੀਂ ਸੀ ਦੇਖ ਸਕਦਾ'' ਉਦਯੋਗਪਤੀਆਂ ਅਤੇ ਵਪਾਰੀਆਂ ਦਾ ਨਵਾਂ ਅਤੇ ਨੁਕਸਾਨ ਅਜਿਹੀਆਂ ਹੀ ਰਾਜਨੀਤਿਕ ਤਾਕਤਾਂ ਉੱਤੇ ਨਿਰਭਰ ਕਰਦਾ ਸੀ। ਇਸ ਲਈ ਉਹ ਸਦਾ ਚੋਕੰਨੇ ਰਹਿੰਦੇ ਸਨ। ਉਨ੍ਹਾਂ ਨੇ ਆਪਣੇ ਆਰਥਿਕ ਲਾਭਾਂ ਨੂੰ ਸੁਰੱਖਿਅਤ ਰੱਖਣ ਲਈ ਸਰਕਾਰੀ ਪਨਾਹ ਲੈਣੀ ਸ਼ੁਰੂ ਕਰ ਦਿੱਤੀ ਭਾਵੇਂ ਇਨ੍ਹਾਂ ਦੇ ਨਤੀਜੇ ਚੰਗੇ ਨਹੀਂ ਸਨ। ਅਖ਼ਬਾਰਾਂ ਅਤੇ ਹੋਰ ਸੰਚਾਰ ਸਾਧਨ ਜੋ ਕਿ ਅਮੀਰਾਂ ਦੇ ਹੱਥ ਵਿਚ ਸਨ ਆਪਣੇ ਸੁਆਰਥਾਂ ਦੇ ਲਈ ਇਨ੍ਹਾਂ ਆਰਥਿਕ ਮਸਲਿਆਂ ਨੂੰ ਵਧਾ ਚੜ੍ਹਾ ਕੇ ਦੱਸਦੇ ਸਨ। ਲੋਰੇਨ ਦੇ ਖੁਸ ਜਾਣ ਕਰਕੇ ਫਰਾਂਸ ਕੋਲੋਂ ਲੋਹੇ ਦੀਆਂ ਖਾਣਾਂ ਖੁਸ ਗਈਆਂ ਜਿਸ ਕਰਕੇ ਉਸ ਦੀ ਆਰਥਿਕਤਾ ਕਮਜ਼ੋਰ ਹੋ ਗਈ।

5. **ਅਖ਼ਬਾਰਾਂ (The Newspaper Press)** : ਇਕ ਮਾਨਸਿਕ ਡਰ ਜਿਹੜਾ ਕਿ ਬਾਅਦ ਵਿਚ ਝਗੜਿਆਂ ਦਾ ਰੂਪ ਲੈ ਲੈਂਦਾ ਸੀ, ਅਖ਼ਬਾਰਾਂ ਅਤੇ ਰਸਾਲਿਆਂ ਰਾਹੀਂ ਫੈਲਾਇਆ ਜਾਂਦਾ ਸੀ। ਇਕ ਮੁਲਕ ਦੀ ਅਖ਼ਬਾਰ ਜਦੋਂ ਦੂਜੇ ਮੁਲਕ ਤੇ ਕੋਈ ਦੂਸ਼ਣ ਲਗਾਉਂਦੀ ਤਾਂ ਉਸ ਦੂਜੇ ਮੁਲਕ

ਦੀ ਅਖ਼ਬਾਰ ਉਸ ਦੂਸ਼ਣ ਨੂੰ ਗਲਤ ਸਾਬਤ ਕਰ ਕੇ ਪਹਿਲੇ ਵਾਲੇ ਮੁਲਕ ਤੇ ਹੋਰ ਵੱਧ ਦੂਸ਼ਣ ਥੋਪ ਦਿੰਦੀ। ਇਸ ਤਰ੍ਹਾਂ ਇਕ ਦੂਜੇ ਮੁਲਕ ਦੀਆਂ ਅਖ਼ਬਾਰਾਂ ਲੋਕਾਂ ਦੇ ਮਨਾ ਵਿਚ ਮਾਨਸਿਕ ਜੰਗਾਂ ਦਾ ਕਾਰਨ ਬਣਦੀਆਂ। ਬਿਸਮਾਰਕ ਨੇ ਠੀਕ ਹੀ ਕਿਹਾ ਕਿ ਅਖ਼ਬਾਰਾਂ ਦੀਆਂ ਗਲਤੀਆਂ ਦੀ ਕੀਮਤ ਮੁਲਕਾਂ ਨੂੰ ਚੁਕਾਉਣੀ ਪੈਂਦੀ ਹੈ।

ਉਦਾਹਰਣ ਵਜੋਂ ਜਰਮਨੀ ਅਤੇ ਫਰਾਂਸ ਦੇ ਅਖ਼ਬਾਰ ਐਲਸੇਸ ਅਤੇ ਲੋਰੇਨ ਦੇ ਪ੍ਰਸ਼ਨ ਉੱਤੇ ਇਕ ਦੂਜੇ ਵਿਰੁੱਧ ਇੰਨਾ ਜ਼ੋਰਦਾਰ ਪ੍ਰਚਾਰ ਕਰਦੇ ਰਹੇ ਕਿ ਉਨ੍ਹਾਂ ਵਿਚ ਸਮਝੌਤੇ ਦੀ ਸੰਭਾਵਨਾ ਜਾਂਦੀ ਹੀ ਰਹੀ। ਇਸ ਤਰ੍ਹਾਂ ਇੰਗਲੈਂਡ ਅਤੇ ਜਰਮਨੀ ਦੇ ਸਮਾਚਾਰ ਪੱਤਰਾਂ ਦੇ ਜਲ ਸੈਨਾ ਸ਼ਕਤੀ ਦੇ ਮਸਲੇ ਸੰਬੰਧੀ ਭੜਕਾਊ ਵਤੀਰੇ ਨੇ ਇਨ੍ਹਾਂ ਦੋਹਾਂ ਦੇਸ਼ਾਂ ਵਿਚ ਈਰਖਾ ਦੀ ਭਾਵਨਾ ਬਹੁਤ ਵਧਾ ਦਿੱਤੀ। ਲੇਖਕ, ਕਵੀ, ਇਤਿਹਾਸਕਾਰ ਆਦਿ ਵੀ ਲੋਕਾਂ ਨੂੰ ਜੰਗ ਲਈ ਉਕਸਾਂਦੇ ਸਨ।

## ਵਧਦੇ ਅੰਤਰ-ਰਾਸ਼ਟਰੀ ਸੰਕਟ

## (**Recurring International Crisis**)

ਇਨ੍ਹਾਂ ਕਾਰਨਾਂ ਨੇ ਵਿਸ਼ਵ ਯੁੱਧ ਦਾ ਰਸਤਾ ਤਿਆਰ ਕਰ ਦਿੱਤਾ, ਭਾਵੇਂ ਇਸ ਰਸਤੇ ਦਾ ਅੰਤਰ 1914 ਦਾ ਵਿਸ਼ਵ ਯੁੱਧ ਸੀ, ਪ੍ਰੰਤੂ ਇਸ ਦੀ ਸ਼ੁਰੂਆਤ ਵੱਖ-ਵੱਖ ਲੇਖਕਾਂ ਮੁਤਾਬਕ ਵੱਖ-ਵੱਖ ਘਟਨਾਵਾਂ ਹਨ। ਸੰਕਟ ਦੇ ਕਈ ਕਾਰਣ ਤਾਂ ਇੰਨੇ ਪੁਰਾਣੇ ਹਨ, ਜਿੰਨੇ ਕਿ ਚਾਰਲੇਮੇਗਨੇ (Charlemagne) ਦਾ ਸਮਾਂ। ਕਈਆਂ ਦੇ ਮੁਤਾਬਿਕ ਲੂਈ ਚੌਥਵੇਂ (Louis XIV) ਦੇ ਸਮੇਂ ਤੋਂ ਜੰਗ ਦੇ ਕਾਰਨ ਬਣਨੇ ਸ਼ੁਰੂ ਹੋ ਗਏ ਸਨ ਪ੍ਰੰਤੂ ਬਹੁਤ ਸਾਰੇ ਲੇਖਕ ਇਸ ਦੀ ਸ਼ੁਰੂਆਤ 1870 ਤੋਂ ਮੰਨਦੇ ਹਨ। ਇਕ ਖਿਆਲ ਤਾਂ ਪੂਰੀ ਤਰ੍ਹਾਂ ਮੰਨਿਆ ਜਾਂਦਾ ਹੈ ਕਿ ਪਹਿਲਾ ਵਿਸ਼ਵ ਯੁੱਧ 1914 ਦੇ ਵਿਅਕਤੀਆਂ ਦੁਆਰਾ ਨਹੀਂ ਬੁਲਾਇਆ ਗਿਆ ਬਲਕਿ ਇਸ ਦੇ ਨਿਰਮਾਤਾ ਪੂਰੀ ਸਦੀ ਦੇ ਲੋਕ ਅਤੇ ਘਟਨਾਵਾਂ ਸਨ।

1870 ਵਿਚ ਜਰਮਨੀ ਬਿਨਾਂ ਸ਼ੱਕ ਯੂਰਪ ਦੀ ਇਕ ਵੱਡੀ ਤਾਕਤ ਬਣ ਗਿਆ ਸੀ। ਆਪਣੀਆਂ ਮਹਾਨ ਜਿੱਤਾਂ ਸਮੇਂ ਬਿਸਮਾਰਕ ਨੇ ਆਉਣ ਵਾਲੇ ਸਮੇਂ ਵਿਚ ਝਾਕ ਕੇ ਨਹੀਂ ਵੇਖਿਆ, ਸ਼ਾਇਦ ਉਹ ਵੇਖ ਹੀ ਨਹੀਂ ਸੀ ਸਕਿਆ ਕਿ ਉਹ ਜੋ ਜਖਮ ਨੰਗੇ ਕਰਦਾ ਰਿਹਾ ਹੈ ਉਹ ਸਾਰੇ ਵਾਤਾਵਰਣ ਨੂੰ ਦੂਸ਼ਿਤ ਕਰ ਦੇਣਗੇ ਅਤੇ ਸਮੇਂ ਦੇ ਬੀਤਣ ਨਾਲ ਫਰਾਂਸ ਦੇ ਨਾਲ ਮਿਲਾਪ ਦੇ ਮੌਕੇ ਘਟਦੇ ਘਟਦੇ ਬਿਲਕੁਲ ਹੀ ਖਤਮ ਹੋ ਜਾਣਗੇ। ਦੁਖੀ ਅਤੇ ਨਿਰਾਸ ਫਰਾਂਸ ਕਿਸੀ ਸਮੇਂ ਵੀ ਜਰਮਨੀ ਦੀ ਏਕਤਾ ਲਈ 1873 ਵਿਚ ਤਿੰਨ ਬਾਦਸ਼ਾਹਾਂ ਦੀ ਲੀਗ ਬਣਾਈ, ਜਿਸ ਵਿਚ ਜਰਮਨੀ, ਰੂਸ ਅਤੇ ਆਸਟਰੀਆ ਦੇ ਬਾਦਸ਼ਾਹ ਸ਼ਾਮਲ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਤਾਕਤਾਂ ਨੇ ਆਪਣੇ ਆਪ ਨੂੰ ਨਵੇਂ ਸਿਰੇ ਤੇ ਵੱਖ-ਵੱਖ ਗਰੁੱਪਾਂ ਵਿਚ ਵੰਡਣਾ ਅਤੇ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਬਿਸਮਾਰਕ ਨੇ ਕਾਊਂਟ ਜੂਲੀਅਸ ਐਂਡਰੈਸੀ (Count Julius Andrassy) ਜੋ ਕਿ ਆਸਟਰੀਆ ਦਾ ਵਿਦੇਸ਼ ਮੰਤਰੀ ਸੀ, ਨਾਲ ਗੁਪਤ ਵਾਰਤਾ ਸ਼ੁਰੂ ਕਰ ਦਿੱਤੀ ਅਤੇ ਇਸ ਦਾ ਨਤੀਜਾ ਦੂਹਰਾ ਗਠਜੋੜ (Dual Alliance) ਫਲ ਕੇ 1882 ਵਿਚ ਤੀਹਰੇ ਗਠਜੋੜ ਦਾ ਰੂਪ (Triple Alliance) ਧਾਰਨ ਕਰ ਗਿਆ ਜਦੋਂ ਇਸ ਵਿਚ ਇਟਲੀ ਆ ਮਿਲਿਆ। ਪ੍ਰੰਤੂ ਜਰਮਨੀ ਦੇ ਚਾਂਸਲਰ ਨੇ ਰੂਸ ਨੂੰ ਕਿਸੀ ਵੀ ਤਰ੍ਹਾਂ ਆਪਣੇ ਤੋਂ ਵੱਖ ਨਾ ਕੀਤਾ ਬਲਕਿ 1881 ਤਿੰਨ ਬਾਦਸ਼ਾਹਾਂ ਦੇ ਸੰਘ ਅਤੇ 1887 ਦੀ ਮੁੜ ਵਿਸ਼ਵਾਸ਼ ਦੀ ਸੰਧੀ (Re-assurance Treaty) ਰਾਹੀਂ ਆਪਣੇ ਸੰਬੰਧ ਰੂਸ ਨਾਲ ਦੋਸਤਾਨਾ ਹੀ ਰੱਖੇ। 1890 ਵਿਚ ਕੇਸਰ ਵਿਲੀਅਮ ਦੂਜੇ (Kaiser William

II) ਨੇ ਬਿਸਮਾਰਕ ਨੂੰ ਤਿਆਗ ਪੱਤਰ ਦੇਣ ਲਈ ਮਜ਼ਬੂਰ ਕੀਤਾ। ਉਸ ਦੇ ਹੱਟਣ ਨਾਲ ਜਰਮਨੀ ਦੀ ਸਿਆਸਤ ਅਨਾੜੀ ਹੱਥਾਂ ਵਿਚ ਆ ਗਈ । ਉਸੇ ਸਮੇਂ ਜਰਮਨੀ ਨੂੰ ਬਿਸਮਾਰਕ ਵਰਗੇ ਸਿਆਸਤਦਾਨ ਦੀ ਜ਼ਰੂਰਤ ਸੀ ਜਿਹੜਾ ਕਿ ਇਕ ਤਾਕਤਵਰ ਜਰਮਨੀ ਨੂੰ ਬਚਾਉਣ ਵਾਸਤੇ ਬਾਕੀਆ ਦੀਆਂ ਸਾਰੀਆਂ ਤਾਕਤਾਂ ਨੂੰ ਦਬਾਅ ਕੇ ਰੱਖੇ। ਵੱਖ ਹੋਏ ਫਰਾਂਸ ਅਤੇ ਨਿਰਾਸ ਹੋਏ ਰੂਸ ਨੇ ਜਿਸ ਨਾਲ ਜਰਮਨੀ ਨੇ ਜੂਨ 1890 ਵਿਚ ਰੀਐਸੋਰੈਂਸ ਸੰਧੀ ਨਵੀ ਨਹੀਂ ਕੀਤੀ ਸੀ, ਦੋਨੋਂ ਨੇ 1894 ਵਿਚ ਫਰੈਂਕੋ-ਰਸ਼ੀਅਨ (Franco-Russian Treaty) ਤੇ ਹਸਤਾਖਰ ਕਰ ਦਿੱਤੇ। ਦੋਨਾਂ ਨੇ ਆਪਣੇ ਆਪਣੇ ਕੁਝ ਉਦੇਸ਼ ਅਤੇ ਅਸੂਲਾਂ ਦੀ ਕੁਰਬਾਨੀ ਦਿੱਤੀ। ਇਸ ਸੰਧੀ ਨੇ ਇਹ ਸਾਬਤ ਕਰ ਦਿੱਤਾ ਕਿ ਹੁਣ ਬਿਸਮਾਰਕ ਦਾ ਸਮਾਂ ਖਤਮ ਹੋ ਗਿਆ। ਉਹ ਸ਼ਾਂਤੀ ਜਿਹੜੀ ਕਿ ਬਿਸਮਾਰਕ ਨੇ ਕਾਫੀ ਲੰਬੇ ਅਰਸੇ ਤੋਂ ਸੰਭਾਲ ਕੇ ਰੱਖੀ ਹੋਈ ਸੀ ਕਿਸੇ ਵੀ ਸਮੇਂ ਭੰਗ ਹੋ ਸਕਦੀ ਹੈ ਅਤੇ ਕੇਸਰ ਵਿਲੀਅਮ ਦੂਜੇ ਨੇ ਉਹ ਕਰ ਦਿਖਾਈ।

**ਕੇਸਰ ਵਿਲੀਅਮ** ਉਸ ਦੀ ਜਰਮਨੀ ਇਕ ਅਤ੍ਰਿਪਤ ਮੁਲਕ ਸੀ। ਉਸ ਦੀ ਨੀਤੀ ਖੁਲ੍ਹਮ ਖੁਲ੍ਹਾ ਦੂਨੀਆਂ ਅਤੇ ਉਸ ਦੀ ਸਿਆਸਤ ਤੇ ਪ੍ਰਭਾਵ ਪਾਣ ਵਾਲੀ ਅਤੇ ਮਜ਼ਬੂਤ ਸਮੁੰਦਰੀ ਬੇੜੇ ਬਣਾਉਣ ਵਾਲੀ ਸੀ। ਸਾਡਾ ਭਵਿੱਖ ਸਮੁੰਦਰ ਤੇ ਨਿਰਭਰ ਹੈ, ਇਹ ਉਸ ਦੇ ਸ਼ਬਦ ਸਨ। ਦੂਨੀਆਂ ਸਾਡੇ ਹੱਥਾਂ ਵਿਚ ਹੋਣੀ ਚਾਹੀਦੀ ਹੈ। ਉਸ ਸਮੇਂ ਦੇ ਮਹਾਨ ਯੋਧੇ ਔਲਫਰੇਡ ਵਾਨ ਟਿਰਪਿਟਜ਼ (Alfred von Tripitz) ਨੂੰ ਉਸ ਨੇ ਆਪਣਾ ਮਾਰਾਇਨ (Marine) ਦਾ ਮੰਤਰੀ ਨਿਯੁਕਤ ਕੀਤਾ। ਕੇਸਰ ਦੀਆਂ ਭੜਕਾਊ ਤਕਰੀਰਾਂ, ਜਰਮਨੀ ਦੀਆਂ ਸਮੁੰਦਰ ਉਪਰ ਆਪਣਾ ਪ੍ਰਭਾਵ ਵਧਾਉਣ ਦੀਆਂ ਵਿਉਂਤਾਂ, ਸੂਰਜ ਦੇ ਹੇਠਾਂ ਆਪਣਾ ਸਥਾਨ ਬਣਾਉਣ ਲਈ ਉਸ ਦੇ ਉਦੱਮਾਂ ਨੇ ਬਰਤਾਨੀਆਂ ਨੂੰ ਚੋਕਸ ਕਰ ਦਿੱਤਾ। ਬਰਤਾਨੀਆਂ ਨੇ ਆਪਣੀ ਸ਼ਾਨਦਾਰ ਵੱਖ ਰਹਿਣ ਦੀ ਨੀਤੀ (Splendid Isolation) ਨੂੰ ਛੱਡ ਦੇਣ ਦਾ ਫੈਸਲਾ ਕੀਤਾ ਅਤੇ ਇਸ ਵਿਚ ਉਠ ਰਹੇ ਤੂਫਾਨ ਨੂੰ ਰੋਕਣ ਦੀ ਤਿਆਰੀ ਵਿਚ ਜੁੱਟ ਗਿਆ।

**ਕੇਸਰ ਦੀ ਤਾਰ** ਕੇਸਰ ਵਿਲੀਅਮ ਵਲੋਂ ਪਾਲ ਕਰੂਗਰ ਨੂੰ ਉਸ ਦੀ ਡਾ. ਸਟਾਰ ਜੈਮਸਨ (Dr. Star Jameson) ਦੇ ਵਿਰੁੱਧ ਸਫ਼ਲਤਾ ਪ੍ਰਤੀ ਭੇਜੀ ਗਈ ਤਾਰ ਨੇ ਬਰਤਾਨੀਆਂ ਦੇ ਮਨ ਵਿਚ ਸ਼ੰਕੇ ਪੈਦਾ ਕਰ ਦਿੱਤੇ ਕਿ ਜਰਮਨੀ ਉਸ ਵਾਸਤੇ ਮੁਸੀਬਤ ਖੜ੍ਹੀ ਕਰੇਗਾ ਅਤੇ ਜਦੋਂ 1898 ਵਿਚ ਜਰਮਨੀ ਨੇ ਆਪਣੀਆਂ ਬਸਤੀਆਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਲਈ ਆਪਣੀ ਸਮੁੰਦਰੀ ਤਾਕਤ ਵਿਚ ਵਾਧਾ ਕੀਤਾ ਤਾਂ ਦੋ ਸਾਲਾਂ ਪਿਛੋਂ ਬਰਤਾਨੀਆਂ ਨੇ ਵੀ ਆਪਣੀ ਤਾਕਤ ਵਧਾਉਣੀ ਸ਼ੁਰੂ ਕਰ ਦਿੱਤੀ। ਐਂਗਲੋਂ-ਜਰਮਨੀ ਸਮੁੰਦਰੀ ਦੁਸ਼ਮਣੀ ਨੇ ਖਾਸ ਤੌਰ ਤੇ 1906 ਤੋਂ ਪਿਛੋਂ ਦੋਹਾਂ ਮੁਲਕਾਂ ਦੇ ਸੰਬੰਧਾਂ ਨੂੰ ਹੋਰ ਵਿਗਾੜ ਕੇ ਰਖ ਦਿੱਤਾ।

**ਹੇਗ ਕਾਨਫਰੰਸ** 1890, 1899 ਅਤੇ 1907 ਵਿਚ ਬੁਲਾਈ ਗਈ ਹੇਗ ਕਾਨਫਰੰਸ ਨੇ ਵੱਡੀਆਂ ਤਾਕਤਾਂ ਨੂੰ ਹਥਿਆਰਾਂ ਤੇ ਰੋਕ ਲਾਉਣ ਲਈ ਕਿਹਾ। ਪ੍ਰੰਤੂ ਉਸ ਨੂੰ ਇਨ੍ਹਾਂ ਵੱਡੀਆਂ ਤਾਕਤਾਂ ਤੋਂ ਕੋਈ ਭਰਵਾਂ ਹੁੰਗਾਰਾਂ ਨਾ ਮਿਲਿਆ। ਹਰ

ਤਾਕਤ ਨੇ ਆਪਣੇ ਆਪ ਨੂੰ ਸ਼ਾਂਤੀ ਪਸੰਦ ਦੱਸਿਆ। ਪ੍ਰੰਤੂ ਫਿਰ ਵੀ ਇਹ ਕਹਿ ਕੇ ਆਪਣੀਆਂ ਤਿਆਰੀਆਂ ਜਾਰੀ ਰੱਖਿਆਂ ਕਿ ਉਹ ਆਪਣੇ ਗੁਆਂਢੀ ਮੁਲਕਾਂ ਵਿਚ ਹੋ ਰਹੀਆਂ ਜੰਗੀ ਤਿਆਰੀਆਂ ਕਾਰਨ ਆਪਣੇ ਆਪ ਨੂੰ ਬਚਾਉਣ ਹਿੱਤ ਰੱਖਿਅਕ ਕਦਮ ਚੁੱਕ ਰਹੇ ਹਨ।

**ਕੇਸਰ ਦਾ ਕੁਸਤੁਨਤੁਨੀਆਂ ਦਾ ਦੌਰਾਂ**

1899 ਵਿਚ ਜਰਮਨੀ ਦੇ ਬਾਦਸ਼ਾਹ ਨੇ ਔਟੋਮਨ ਸੁਲਤਾਨ ਅਬਦੁਲ ਹਮੀਦ ਨਾਲ ਕੁਸਤੁਨਤੁਨੀਆਂ ਦੇ ਸਥਾਨ ਤੇ ਮੁਲਾਕਾਤ ਕੀਤੀ ਅਤੇ ਐਲਾਨ ਕੀਤਾ ਕਿ ਉਹ ਮੁਸਲਮਾਨਾਂ ਦਾ ਦੋਸਤ ਹੈ। ਇਸ ਤਰ੍ਹਾਂ ਬਿਸਮਾਰਕ ਦੀ ਉਹ ਨੀਤੀ ਕਿ ਕਿਸੇ ਤਰ੍ਹਾਂ ਵੀ ਕੁਸਤੁਨਤੁਨੀਆਂ ਨੂੰ ਆਪਣੇ ਵਿਚ ਘੁੱਸਣ ਨਹੀਂ ਦੇਵੇਗਾ, ਤਿਆਗ ਦਿੱਤੀ ਗਈ। ਯੂਰਪ ਵਿਚ 20ਵੀ ਦੀ ਆਗਾਜ਼ ਮੁਸ਼ਕਲਾਂ ਭਰਿਆ ਸੀ ਅਤੇ ਇਹ ਵਧਦੀਆਂ ਜਾ ਰਹੀਆਂ ਸਨ। 1902 ਵਿਚ ਮਲਕਾ ਵਿਕਟੋਰੀਆ ਦੀ ਮੌਤ ਤੇ ਕੇਸਰ ਵਿਲੀਅਮ ਦੂਜਾ ਬਰਤਾਨੀਆਂ ਗਿਆ ਅਤੇ ਉਥੇ ਉਸ ਨੂੰ ਇਸ ਪ੍ਰਤਿ ਸੂਚਿਤ ਕਰ ਦਿੱਤਾ ਗਿਆ ਕਿ ਦੋਹਾਂ ਮੁਲਕਾਂ ਵਿਚ ਵੱਧ ਰਹੇ ਖਿਚਾਅ ਨੂੰ ਖਤਮ ਕਰਕੇ ਕੋਈ ਹੱਲ ਕੱਢਿਆ ਜਾਵੇ ਅਤੇ ਆਪਸੀ ਸਮਝ ਬੂਝ ਨੂੰ ਵਧਾਇਆ ਜਾਵੇ। ਉਸ ਨੇ ਇਸ ਗੱਲ ਨੂੰ ਮਖੌਲ ਵਿਚ ਉਡਾਂਦਿਆਂ ਕਿਹਾ ਕਿ ਬਰਲਿਨ ਦਾ ਰਸਤਾ ਵਿਆਨਾਂ ਵਿਚੋਂ ਹੋ ਕੇ ਜਾਂਦਾ ਹੈ।

**1902 ਵਿਚ ਸ਼ਾਨਦਾਰ ਵੱਖ ਰਹਿਣ ਦੀ ਨੀਤੀ ਦਾ ਤਿਆਗ**

1902 ਵਿਚ ਬਰਤਾਨੀਆਂ ਨੇ ਆਪਣੀ ਸ਼ਾਨਦਾਰ ਵੱਖ ਰਹਿਣ ਦੀ ਨੀਤੀ ਦਾ ਤਿਆਗ ਕਰਕੇ ਜਾਪਾਨ ਨਾਲ ਐਂਗਲੋ-ਜਾਪਾਨ ਸੰਧੀ ਕਰ ਲਈ (Anglo-Japanese Treaty)। 1902 ਵਿਚ ਜ਼ੋਸਫ਼ ਚੈਬਰਲੇਨ (Joseph Chamberlain) ਨੇ ਫਰਾਂਸ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ । ਵਿਦੇਸ਼ ਮੰਤਰੀ ਮੱਰਾਕੋ ਵਿਚ ਖੁਲ੍ਹੀ ਛੁੱਟੀ ਲੈਣ ਪਿਛੋਂ ਮਿਸਰ ਵਿਚ ਆਪਣੇ ਦਾਅਵੇ ਨੂੰ ਛੱਡ ਦੇਣ ਦਾ ਐਲਾਨ ਕਰਨ ਲਈ ਤਿਆਰ ਹੋ ਗਿਆ। ਜਰਮਨੀ ਦੇ ਡਰ ਨੂੰ ਵੇਖਦੇ ਹੋਏ ਦੋਨੋਂ ਧਿਰਾਂ ਸਮਝੌਤੇ ਦੀਆਂ ਸਾਰੀਆਂ ਸ਼ਰਤਾਂ ਮੰਨਣ ਲਈ ਤਿਆਰ ਹੋ ਗਈਆਂ ਐਡਵਰਡ ਸਤਵੇਂ (Edward VII) ਅਤੇ ਰਾਸ਼ਟਰਪਤੀ ਲੋਬੇਟ (Loubet) ਨੇ ਇਕ ਦੂਜੇ ਦੇ ਮੁਲਕਾਂ ਦਾ ਦੌਰਾ ਕਰਕੇ ਵਾਰਤਾਲਾਪ ਨੂੰ ਹੋਰ ਮਜ਼ਬੂਤ ਕਰ ਦਿੱਤਾ। Taylor ਦੇ ਅਨੁਸਾਰ ਇਹ ਸਮਝੌਤਾ ਫਰਾਂਸ ਲਈ ਬਹੁਤ ਜ਼ਰੂਰੀ ਸੀ ਪ੍ਰੰਤੂ ਬਰਤਾਨੀਆਂ ਨੂੰ ਇਸ ਦਾ ਫਾਇਦਾ ਥੋੜ੍ਹਾ ਸੀ।

**ਐਂਗਲੋ-ਫ੍ਰਰੈਂਚ ਸਮਝੌਤਾ ਪਹਿਲਾ ਮੱਰਾਕੋ ਸੰਕਟ 1905**

ਐਂਗਲੋ-ਫਰੈਂਚ ਸਮਝੌਤਾ (Anglo-French-Entente) ਤੋਂ ਜਲਦੀ ਹੀ ਬਾਅਦ ਮਰਾਕੋ ਸੰਕਟ ਪੈਦਾ ਹੋ ਗਿਆ। ਮਰਾਕੋ ਹੁਣ ਤਕ ਫਰਾਂਸ ਦੇ ਪ੍ਰਭਾਵ ਅਧੀਨ ਸੀ। ਜਰਮਨੀ ਨੂੰ ਇਸ ਸਬੰਧ ਵਿਚ ਕੁਝ ਨਾ ਪੁੱਛਿਆ ਗਿਆ ਅਤੇ ਸਿੱਧੇ ਤੌਰ ਤੇ 1880 ਵਿਚ ਮੈਡਰਿਡ ਵਿਖੇ ਹੋਈ ਅੰਤਰਰਾਸ਼ਟਰੀ ਕਾਨਫਰੰਸ ਦੇ ਫੈਸਲੇ ਵਿਰੁੱਧ ਸੀ। ਹਾਕਮ ਅਬਦਲ ਅਜ਼ੀਜ਼ ਦੀ ਕਮਜ਼ੋਰੀ ਦਾ ਫਾਇਦਾ ਉਠਾਂਦੇ ਹੋਏ ਫਰਾਂਸ ਦੇ ਵਿਦੇਸ਼ ਮੰਤਰੀ ਨੇ ਆਪਣੇ ਸੈਨਾਂ ਨੂੰ ਉਸ ਮੁਲਕ ਵਿਚ ਘੁੱਸਣ

ਲਈ ਕਿਹਾ। ਐਂਗਲੋਂ-ਫਰੈਂਚ ਸਮਝੌਤਾ ਦੀ ਤਾਕਤ ਪਰਖਣ ਹਿੱਤ ਕੇਸਰ 1905 ਵਿਚ ਟੈਂਜੀਅਰ (Tangier) ਉਤਰਿਆ। ਅੱਗੇ ਨਾ ਸਿਰਫ ਮੱਰਾਕੋ ਨੂੰ ਆਜ਼ਾਦ ਰਹਿਣ ਲਈ ਮਦਦ ਦਾ ਐਲਾਨ ਕੀਤਾ, ਬਲਕਿ ਇਸ ਮਸਲੇ ਲਈ ਅੰਤਰ-ਰਾਸ਼ਟਰੀ ਕਾਨਫਰੰਸ ਦੀ ਵੀ ਮੰਗ ਕੀਤੀ। ਡਲਕਾਸੇ (Delcasse) ਸਿਰਫ ਅਮਰੀਕਾ ਦੀ ਵਿਚੋਲਤਾ ਕਾਰਣ ਮੰਨ ਗਿਆ। 1906 ਵਿਚ ਸਪੇਨ ਵਿਚ ਅਲਜੀਸੀਰਸ ਵਿਖੇ ਕਾਨਫਰੰਸ ਬੁਲਾਈ ਗਈ। ਬਰਤਾਨੀਆਂ, ਰੂਸ ਅਤੇ ਇਟਲੀ ਨੇ ਇਸ ਕਾਨਫਰੰਸ ਵਿਚ ਫਰਾਂਸ ਦੀ ਹਮਾਇਤ ਕੀਤੀ ਅਤੇ ਇਸ ਤਰ੍ਹਾਂ ਮੱਰਾਕੋ ਉੱਤੇ ਫਰਾਂਸ ਦੇ ਖਾਸ ਅਧਿਕਾਰਾਂ ਨੂੰ ਮਾਨਤਾ ਪ੍ਰਾਪਤ ਹੋ ਗਈ ਦੋਹਾਂ ਧਿਰਾਂ ਨੇ ਆਪਣੀ ਆਪਣੀ ਜਿੱਤ ਦੀ ਘੋਸ਼ਣਾ ਕੀਤੀ ਪ੍ਰੰਤੂ ਜਰਮਨੀ ਦੇ ਚਾਂਸਲਰ ਬੁਲੋ (Bullow) ਨੇ ਇਹ ਤਸਲੀਮ ਕੀਤਾ ਕਿ ਨਾ ਤਾਂ ਅਸੀਂ ਜਿੱਤੇ ਹਾਂ ਅਤੇ ਨਾ ਹੀ ਹਾਰੇ ਹਾਂ। ਫਿਰ ਵੀ ਮਰਾਕੋ ਦੇ ਸੰਕਟ ਨੇ ਫਰਾਂਸ-ਜਰਮਨੀ ਅਤੇ ਬਰਤਾਨੀਆਂ-ਜਰਮਨੀ ਦੇ ਸੰਬੰਧਾਂ ਤੇ ਬਹੁਤ ਅਸਰ ਪਾਇਆ।

**ਡਰੈਡਨਾਟ 1906**

1906 ਵਿਚ ਪਹਿਲਾਂ ਡਰੈਡਨਾਟ ਸਮੁੰਦਰੀ ਜਹਾਜ਼ (Dreadnought) ਇਹ ਡਰ ਪੈਦਾ ਕਰਨ ਲਈ ਚਲਾਇਆ ਗਿਆ ਕਿ ਆਉਣ ਵਾਲੀ ਜੰਗ ਕਿੰਨੀ ਭਿਆਨਕ ਅਤੇ ਤਬਾਹੀ ਲਿਆਵੇਗੀ। 1903 ਦੀ ਹੇਗ ਕਾਨਫਰੰਸ ਵੀ ਇਨ੍ਹਾਂ ਖਤਰਨਾਕ ਹਥਿਆਰ ਅਤੇ ਹੋਰ ਜੰਗੀ ਸਮਾਨ ਬਣਾਉਣ ਉੱਤੇ ਰੋਕ ਲਾਉਣ ਵਿੱਚ ਅਸਮਰੱਥ ਰਹੀ। ਜਰਮਨੀ ਨੇ ਕੀਲ ਨਹਿਰ (Kiel Canal) ਚੌੜੀ ਕਰਨੀ ਸ਼ੁਰੂ ਕਰ ਦਿੱਤੀ। ਹਥਿਆਰਾਂ ਨੂੰ ਇਕੱਠਾ ਕਰਨ ਦੀ ਦੌੜ ਲਗਾਤਾਰ ਚਲਦੀ ਰਹੀ। ਬਰਤਾਨੀਆਂ ਨੇ 1905 ਤਕ ਆਪਣੇ ਜੰਗੀ ਜਹਾਜ਼ 44 ਕਰ ਲਏ ਸਨ, ਜਦੋਂ 1898 ਵਿਚ ਉਸ ਕੋਲ ਸਿਰਫ 29 ਸਨ, ਫਰਾਂਸ ਕੋਲ 12 ਤੋਂ ਵੱਧ ਕੇ 28 ਅਤੇ ਜਰਮਨੀ ਕੋਲ 13 ਤੋਂ ਵੱਧ ਕੇ 16 ਹੋ ਗਏ ਸਨ।

**ਐਂਗਲੋ ਰਸ਼ੀਅਨ ਕਨਵੇਨਸ਼ਨ 1907**

1904-05 ਵਿਚ ਜਾਪਾਨ ਦੇ ਹੱਥੋਂ ਹੋਈ ਹਾਰ ਨੇ ਰੂਸ ਨੂੰ ਬਰਤਾਨੀਆਂ ਦੇ ਨੇੜੇ ਲੈ ਆਂਦਾ ਇਹ ਇਕ ਅਦਭੁੱਤ ਘੱਟਨਾ ਸੀ ਕਿ ਇਹ ਮਹਾਨ ਸਾਮਰਾਜ ਏਸ਼ੀਆ ਦੇ ਇਕ ਛੋਟੇ ਜਿਹੇ ਉਸ ਮੁਲਕ ਜਾਪਾਨ ਕੋਲੋਂ ਹਾਰ ਗਿਆ, ਜਿਹੜਾ ਸਿਰਫ 50 ਸਾਲ ਪਹਿਲਾਂ ਤੀਰ ਕਮਾਨਾਂ ਨਾਲ ਲੜਦਾ ਸੀ। ਐਡਵਰਡ ਸੱਤਵਾਂ ਰੂਸ ਦੇ ਜਾਰ ਨੂੰ ਰਵਾਲ (Raval) ਦੇ ਸਥਾਨ ਮਿਲਿਆ। ਨਤੀਜੇ ਵਜੋਂ ਐਂਗਲੋਂ-ਰਸ਼ੀਅਨ ਸਮਝੌਤਾ (Anglo-Russian Entente) ਹੋਂਦ ਵਿਚ ਆਇਆ। ਹਮੇਸ਼ਾਂ ਦੀ ਤਰ੍ਹਾਂ ਐਡਵਰਡ ਸੱਤਵੇਂ ਨੂੰ ਖਤਰਨਾਕ ਕੰਮ ਲਈ ਜ਼ਿੰਮੇਵਾਰ ਠਹਿਰਾਇਆ।

**ਬੋਸਨੀਆ ਦਾ ਸੰਕਟ**

1908 ਵਿਚ ਆਸਟਰੀਆ ਨੇ ਮੌਕਾ ਭਾਲ ਕੇ ਬੋਸਨੀਆ ਅਤੇ ਹਰਜ਼ੇਗੋਵੀਨਾ ਦੇ ਪ੍ਰਾਂਤਾਂ ਉਪਰ ਕਬਜ਼ਾ ਕਰ ਲਿਆ ਅਤੇ ਆਪਣੇ ਰਾਜ ਵਿਚ ਮਿਲੇ ਹੋਏ ਘੋਸ਼ਿਤ ਕਰ

ਦਿੱਤਾ। ਇਹ ਕਦਮ ਸਿੱਧੇ ਤੌਰ ਤੇ 1878 ਦੀ ਬਰਲਿਨ ਦੀ ਸੰਧੀ ਦੀ ਉਲੰਘਣਾ ਸੀ । ਇਹ ਸਰਬੀਆ ਦੇ ਮੂੰਹ ਤੇ ਚਪੇੜ ਮਾਰਨ ਵਾਂਗ ਸੀ ਕਿਉਂਕਿ ਇਥੋਂ ਦੇ ਵਸਨੀਕਾਂ ਦਾ ਖੂਨ, ਸਰਬੀਆ ਦੇ ਲੋਕਾਂ ਨਾਲ ਸਾਂਝਾ ਸੀ। ਰੂਸ ਦੀਆਂ ਇੱਛਾਵਾਂ ਦਾ ਵੀ ਖੂਨ ਹੋ ਗਿਆ। ਕੇਸਰ ਨੇ ਇਸ ਸਮੇਂ ਸ਼ੇਖੀ ਮਾਰਦਿਆਂ ਇਹ ਕਿਹਾ ਸੀ, ਉਹ ਆਪਣੇ ਮਿੱਤਰ ਨਾਲ ਔਖੇ ਸਮੇਂ ਖੜ੍ਹਾ ਹੋਇਆ ਹੈ। ਉਸ ਸਮੇਂ ਜੰਗ ਪੂਰੀ ਤਰ੍ਹਾਂ ਤਿਆਰ ਸੀ ਪ੍ਰੰਤੂ ਰੂਸ ਦੇ ਤਿਆਰ ਨਾ ਹੋਣ ਕਾਰਨ ਟਲ ਗਈ।

**ਮੋਰਾਕੋ ਦਾ ਦੂਜਾ ਸੰਕਟ 1911**

1911 ਵਿਚ ਮੋਰਾਕੋ ਦਾ ਦੂਜਾ ਸੰਕਟ ਪੈਦਾ ਹੋ ਗਿਆ ਜਦੋਂ ਕਿ ਫਰਾਂਸ ਨੇ ਅਲਜੀਸੀਰਸ ਦੀ ਸੰਧੀ ਦੀ ਉਲੰਘਣਾ ਕਰਕੇ ਉਸ ਉਪਰ ਆਪਣੇ ਅਧਿਕਾਰ ਜਮਾਉਣ ਦਾ ਯਤਨ ਕੀਤਾ। ਜਰਮਨੀ ਨੇ ਪੈਂਥਰ (Panther) ਨਾਮੀ ਜੰਗੀ ਜਹਾਜ਼ ਅਗਾਦੀਰ (Agadir) ਨੂੰ ਭੇਜਿਆ। ਫਰਾਂਸ ਨੇ ਆਪਣੇ ਕੁਝ ਇਲਾਕੇ ਅਫ਼ਰੀਕਾ ਦੇ ਕੌਂਗੂ (Congo) ਵਿਚੋਂ ਦੇ ਕੇ ਸ਼ਾਂਤੀ ਸਥਾਪਿਤ ਕਰ ਲਈ। ਲਾਇਡ ਜਾਰਜ (Lyold George) ਇਸ ਗੱਲ ਕਰਕੇ ਬਹੁਤ ਨਾਰਾਜ਼ ਸੀ ਕਿ ਉਸ ਨੂੰ ਵਾਰਤਾਲਾਪ ਵਿਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ ਜਿਵੇਂ ਕਿ ਉਸ ਦਾ ਮੁਲਕਾਂ ਦੇ ਮੰਤਰੀ ਮੰਡਲ (Cabinet of Nations) ਵਿਚ ਕੋਈ ਸਥਾਨ ਹੀ ਨਾ ਹੋਵੇ। ਪਰੰਤੂ ਇਹ ਗਲਤੀ ਦੂਰ ਹੋ ਗਈ। 1921 ਵਿਚ ਅੰਗਰੇਜ਼ੀ ਸਮੁੰਦਰੀ ਸਮਝੌਤਾ ਹੋਂਦ ਵਿਚ ਆਇਆ ਜਿਸ ਦੇ ਫਲਸਰੂਪ ਫਰਾਂਸੀਸੀ ਸਮੁੰਦਰੀ ਬੇੜਾ ਭੂ-ਮੱਧ ਸਾਗਰ ਦੇ ਵਿਚ ਅਤੇ ਬਰਤਾਨਵੀ ਸਮੁੰਦਰੀ ਬੇੜਾ ਉਤੱਰੀ ਸਾਗਰ ਵਿਚ ਤੈਨਾਤ ਕਰ ਦਿੱਤੇ ਗਏ।

**ਹਾਲਡੇਨ ਮਿਸ਼ਨ**

ਸਰ ਐਡਵਰਡ ਗਰੇ ਨੇ 1912 ਵਿਚ ਰਿਚਰਡ ਹਾਲਡੇਨ (Richard Burton Haldane) ਨੂੰ ਜਰਮਨੀ ਵਿਚ ਸਮੁੰਦਰੀ ਤਾਕਤਾਂ ਪ੍ਰਤਿ ਸਮਝੌਤਾ ਕਰਨ ਦੇ ਉਦੇਸ਼ ਨਾਲ ਭੇਜਿਆ ਪਰੰਤੂ ਕੇਸਰ ਦੇ ਵੱਡੀਆਂ ਮਾਰੂ ਗਲਤ ਫਹਿਮੀਆਂ ਦਾ ਸ਼ਿਕਾਰ ਹੋ ਗਿਆ। ਪਹਿਲੀ ਇਹ ਕਿ ਬਰਤਾਨੀਆਂ ਨਾਲ ਦੋਸਤੀ ਉਸ ਨੂੰ ਡਰਾ ਕੇ ਕੀਤੀ ਜਾ ਸਕਦੀ ਹੈ ਅਤੇ ਦੂਜੀ ਇਹ ਕਿ ਉਸ ਨਾਲ ਸਮਝੌਤਾ ਕਰਕੇ ਜਰਮਨੀ ਦੀ ਇੱਜ਼ਤ ਘੱਟ ਜਾਵੇਗੀ। ਜਦੋਂ ਕਿ ਉਹ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਬਣਨ ਦੇ ਸੁਪਨੇ ਲੈ ਰਿਹਾ ਹੈ। ਬੁਲੋ ਇਸ ਸੰਧੀ ਦੇ ਹੱਕ ਵਿਚ ਸੀ ਪ੍ਰੰਤੂ ਕੇਸਰ ਅਤੇ ਉਸਦੀ ਮੰਡਲੀ ਦੀ ਆਪਣੀ ਸਮੁੰਦਰੀ ਤਾਕਤ ਨੂੰ ਦਿਨ-ਬ-ਦਿਨ ਹੋਰ ਮਜ਼ਬੂਤ ਕਰਨ ਦੀ ਇਛਾ ਅਤੇ ਨਵੇਂ ਤੋਂ ਨਵੇਂ ਖਤਰਨਾਕ ਹਥਿਆਰ ਇਕੱਠੇ ਕਰਨ ਦੀ ਲੋੜ ਲਗਾਤਾਰ ਜਾਰੀ ਰਹੀ।

**ਬਲਕਾਨ ਦੀਆਂ ਜੰਗਾਂ**

ਹੁਣ ਬਲਕਾਨ ਦੇ ਵਿਚ ਤੂਫਾਨ ਖੜਾ ਹੋਇਆ। ਬਲਕਾਨ ਲੀਗ (Balkan League) ਜਿਸ ਵਿਚ ਬਲਗਾਰੀਆ, ਸਰਬੀਆ ਅਤੇ ਗ੍ਰੀਸ ਸ਼ਾਮਲ ਸਨ, ਨੇ 1912-13 ਵਿਚ ਤੁਰਕੀ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਖਦੇੜ ਕੇ ਰੱਖ ਦਿੱਤਾ। ਆਸਟਰੀਆ ਨੇ ਸਰਬੀਆ ਨੂੰ ਜੰਗ ਦੀ ਧਮਕੀ ਦਿੱਤੀ।

ਅਸਲ ਵਿਚ 1889 ਤੋਂ ਹੀ ਅਜਿਹੀ ਨੀਤੀ ਅਪਣਾ ਰਿਹਾ ਸੀ ਜਿਸ ਦੇ ਨਾਲ ਉਸ ਨੂੰ ਪੂਰਵ ਵਿਚ ਉੱਚਤਾ ਹਾਸਲ ਹੋ ਸਕੇ। ਲੰਦਨ ਦੀ ਵਾਰਤਾ ਨੇ 1913 ਵਿਚ ਬੁਖਾਰੈਸਟ ਦੀ ਸੰਧੀ ਅਨੁਸਾਰ ਬੁਲਗਾਰੀਆ ਦੇ ਹਿੱਸੇ ਤੇ ਸਰਬੀਆ ਨੂੰ ਸੰਤੁਸ਼ਟ ਕਰਨ ਦਾ ਯਤਨ ਕੀਤਾ। ਬੁਲਗਾਰੀਆ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਧਰ ਆਸਟਰੀਆ ਨੇ ਸਰਬੀਆ ਤੇ ਹਮਲਾ ਕਰਨ ਦੀ ਧਮਕੀ ਦਿੱਤੀ ਅਤੇ ਰੁਮਾਨੀਆ ਨੇ ਬੁਲਗਾਰੀਆ ਨੂੰ ਹਰਾ ਦਿੱਤਾ। ਹੁਣ ਬੁਲਗਾਰੀਆ ਨੇ ਤੁਰਕੀ ਨਾਲ ਦੋਸਤੀ ਪਾਈ ਅਤੇ ਦੋਨਾਂ ਨੇ ਨਿਰਾਸ਼ ਦੇਸ਼ਾਂ ਨੂੰ ਇਕ ਹੋਰ ਹਾਰ ਦਿੱਤੀ। ਤੁਰਕੀ ਅਤੇ ਬੁਲਗਾਰੀਆ, ਜਰਮਨੀ ਅਤੇ ਆਸਟਰੀਆ ਦੇ ਨਜ਼ਦੀਕ ਆਉਂਦੇ ਗਏ। 1914 ਤੱਕ ਯੂਰਪ ਦੀ ਸ਼ਾਂਤੀ ਇਕ ਬਲੇਡ ਦੀ ਧਾਰ ਜਿੰਨੇ ਅਧਾਰ ਤੇ ਟਿਕੀ ਹੋਈ ਸੀ, ਜਿਸ ਨੂੰ ਕੋਈ ਵੀ ਹਲਕਾ ਜਿਹਾ ਝਟਕਾ ਗਿਰਾ ਸਕਦਾ ਸੀ ਅਤੇ ਅੰਤ ਵਿਚ ਇਕ ਆਦਮੀ ਨੇ ਇਹ ਕਰ ਵਿਖਾਇਆ।

**ਤਤਕਾਲੀ ਕਾਰਨ** 28 ਜੂਨ, 1914 ਨੂੰ ਆਰਕਡਿਊਕ ਫਰਾਂਸਿਸ ਫਰਡੀਨੈਂਡ ਜੋ ਕਿ ਬਾਦਸ਼ਾਹ ਦਾ ਭਤੀਜਾ ਅਤੇ ਆਸਟਰੀਆ ਦੇ ਤਖ਼ਤ ਦਾ ਜਾਨਸ਼ੀਨ ਸੀ, ਨੂੰ ਪਤਨੀ ਸਮੇਤ ਮਾਰ ਦਿੱਤਾ ਗਿਆ। ਇਸ ਦੇ ਕਾਤਲ ਪ੍ਰਿੰਸਪ (Princep) ਨਾਮੀ ਇਕ ਨੌਜਵਾਨ ਸਰਬ ਸੀ ਜਿਸ ਨੇ ਸ਼ਹਿਜ਼ਾਦੇ ਨੂੰ ਬੋਸਨੀਆ ਦੀ ਰਾਜਧਾਨੀ ਸਾਰਾਜੀਵੋ (Sarajevo) ਵਿਚ ਕਤਲ ਕੀਤਾ। ਹੁਣ ਆਸਟਰੀਆ ਦੇ ਵਿਦੇ ਸ਼ ਮੰਤਰੀ ਕਾਊਂਟ ਬਰੱਸਟੋਲਡ (Count Berchtold) ਨੇ ਰਾਜਨੀਤਿਕ ਲਾਭ ਪ੍ਰਾਪਤ ਕਰਨ ਦਾ ਫੈਸਲਾ ਕਰ ਲਿਆ। ਜਰਮਨੀ ਨੇ ਉਸ ਨੂੰ ਖੁਲ੍ਹੀ ਛੁੱਟੀ ਦੇ ਦਿੱਤੀ ਸੀ। 23 ਜੁਲਾਈ ਨੂੰ ਸਰਬੀਆਂ ਨੂੰ ਅਲਟੀਮੇਟ ਜਾਰੀ ਕਰ ਦਿੱਤਾ ਗਿਆ। ਸਰਬੀਆ ਨੇ ਆਸਟਰੀਆ ਵਲੋਂ ਪੇਸ਼ ਕੀਤੀਆਂ 10 ਮੰਗਾਂ ਵਿਚੋਂ 7 ਮੰਗਾਂ ਮੰਨ ਲਈਆਂ ਅਤੇ ਵਿਲੀਅਮ ਦੂਜਾ ਇਸ ਗੱਲ ਤੋਂ ਸੰਤੁਸ਼ਟ ਸੀ ਕਿ ਉਸ ਨੇ ਲੜਾਈ ਦੇ ਮੂਲ ਕਾਰਨ ਨੂੰ ਖਤਮ ਕਰ ਦਿੱਤਾ ਸੀ। ਬਾਕੀ ਦੀਆਂ ਤਿੰਨ ਮੰਗਾਂ ਹੇਗ ਟ੍ਰਿਬਿਊਨਲ (Hague Tribunal) ਦੇ ਹਵਾਲੇ ਕਰਨ ਦਾ ਫੈਸਲਾ ਕੀਤਾ ਗਿਆ ਕਿਉਂਕਿ ਇਹ ਸਰਬੀਆ ਦੀ ਖੁਦਮੁਖਤਿਆਰੀ ਦੀ ਉਲੰਘਣਾ ਨਾਲ ਸੰਬੰਧ ਰੱਖਦੀਆਂ ਸਨ। ਬਰਤਾਨੀਆਂ ਦੇ ਵਿਦੇਸ਼ ਮੰਤਰੀ ਐਡਵਰਡ ਗਰੇ ਨੇ ਜਰਮਨੀ ਨੂੰ ਆਸਟਰੀਆ ਉੱਤੇ ਕਾਬੂ ਰੱਖਣ ਲਈ ਕਿਹਾ।

ਪਰੰਤੂ ਬਾਦਸ਼ਾਹ ਫਰਾਜਿਸ ਜੋਸਫ (Francis Joseph) ਨੇ ਕਾਊਂਟ ਬਰੱਸਟੋਲਡ ਦੀ ਸਲਾਹ ਤੇ 28 ਜੁਲਾਈ, 1914 ਨੂੰ ਸਰਬੀਆ ਦੇ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ। ਬਰਤਾਨੀਆਂ ਅਤੇ ਜਰਮਨੀ ਨੇ ਪੂਰੀ ਕੋਸ਼ਿਸ਼ ਕੀਤੀ ਕਿ ਇਸ ਨੂੰ ਸਥਾਨਕ ਹੀ ਰਹਿਣ ਦਿੱਤਾ ਜਾਵੇ ਪਰੰਤੂ ਫ਼ਰਾਂਸ ਦੇ ਰਾਸ਼ਟਰਪਤੀ ਪਾਇਨਕੇਅਰ (Poincare) ਅਤੇ ਪ੍ਰਧਾਨ ਮੰਤਰੀ ਵਿਵਾਨੀ (Vevani) ਨੇ ਇਕ ਹਫਤੇ ਪਹਿਲਾਂ ਹੀ ਰੂਸ ਦਾ ਦੌਰਾ ਕਰਕੇ ਉਸ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਵਾਇਆ ਅਤੇ ਰੂਸ ਨੇ 28 ਜੁਲਾਈ, 1914 ਨੂੰ ਫੌਜਾਂ ਦੀ ਗਤੀ (Mobilization) ਲਈ ਹੁਕਮ ਜਾਰੀ ਕਰ

ਦਿੱਤਾ। ਜਰਮਨੀ ਨੇ 31 ਜੁਲਾਈ ਨੂੰ ਫ਼ਰਾਂਸ ਅਤੇ ਰੂਸ ਨੂੰ 12 ਘੰਟਿਆਂ ਦਾ ਅਲਟੀਮੇਟਮ ਦਿੰਦਿਆ ਕਿਹਾ ਕਿ ਉਹ ਆਪਣੀਆਂ ਸੈਨਾਵਾਂ ਨੂੰ ਰੋਕ ਦੇਵੇ ਕਿਉਂਕਿ ਉਹ ਆਸਟਰੀਆ ਨੂੰ ਕਿਸੀ ਸਮਝੌਤੇ ਤੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਰੂਸ ਵੀ ਜੰਗ ਲਈ ਤਿਆਰ ਬੈਠਾ ਸੀ, ਇਸ ਲਈ ਉਸ ਨੇ ਇਨਕਾਰ ਕਰ ਦਿੱਤਾ ਅਤੇ ਜਰਮਨੀ ਨੇ 3 ਅਗਸਤ ਨੂੰ ਫਰਾਂਸ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ।

ਬਰਤਾਨੀਆਂ ਦੇ ਮੰਤਰੀ ਮੰਡਲ ਦਾ ਬਹੁਮੱਤ ਇਸ ਜੰਗ ਵਿਚ ਦਖਲ-ਅੰਦਾਜੀ ਦੇ ਵਿਰੁੱਧ ਸੀ। ਉਸ ਨੇ ਫਰਾਂਸ ਨੂੰ ਇਹ ਵਿਸ਼ਵਾਸ ਦੁਵਾਇਆ ਕਿ ਜੇਕਰ ਜਰਮਨੀ ਸਮੁੰਦਰੀ ਬੇੜਾ ਉੱਤਰੀ ਸਾਗਰ ਰਾਹੀਂ ਦਾਖਲ ਹੋਇਆ ਤਾਂ ਬਰਤਾਨਵੀ ਬੇੜਾ ਫ਼ਰਾਂਸ ਦੀ ਰਖਿਆ ਲਈ ਪਹੁੰਚ ਜਾਵੇਗਾ ਜਾਂ ਫਿਰ ਜੇਕਰ ਬੈਲਜੀਅਮ ਦੀ ਨਿਰਪੱਖਤਾ ਦੀ ਉਲੰਘਣਾ ਕੀਤੀ ਤਾਂ ਬਰਤਾਨੀਆਂ ਮੁਨਾਸਿਬ ਕਦਮ ਚੁੱਕੇਗਾ, ਜਰਮਨੀ ਦੇ ਚਾਂਸਲਰ ਬੈਥਹਾਨ ਹੀਲਵੇਗ (Bethmann Hellweg) ਨੂੰ 1839 ਦੀ ਸੰਧੀ ਨੂੰ ਜਿਸ ਰਾਹੀਂ ਬੈਲਜੀਅਮ ਦੀ ਨਿਰਪੱਖਤਾ ਦੀ ਰੱਖਿਆ ਕੀਤੀ ਜਾਣੀ ਸੀ, ਨੂੰ ਮਾਤਰ ਇਕ ਕਾਗਜ਼ ਦਾ ਟੁਕੜਾ ਸਮਝਦਿਆਂ ਹੋਇਆ ਉਸ ਦੀ ਉਲੰਘਣਾ ਕੀਤੀ। ਹੁਣ ਪਹਿਲਾ ਵਿਸ਼ਵ ਯੁੱਧ ਪੂਰੀ ਤਰ੍ਹਾਂ ਭੜਕ ਉਠਿਆ।

## ਪਹਿਲੀ ਵਿਸ਼ਵ ਜੰਗ ਦੀ ਜ਼ਿੰਮੇਵਾਰੀ

ਪਹਿਲੇ ਵਿਸ਼ਵ ਯੁੱਧ ਦੀ ਜ਼ਿੰਮੇਵਾਰੀ ਹਿਸਾਬੀ ਤਰੀਕੇ ਨਾਲ ਕਿਸੀ ਇਕ ਮੁਲਕ ਤੇ ਨਹੀਂ ਥੋਪੀ ਜਾ ਸਕਦੀ। ਕੋਈ ਅਜਿਹਾ ਫਾਰਮੂਲਾ ਨਹੀਂ ਜਿਹੜਾ ਕਿ ਸਿੱਧੇ ਤੌਰ ਤੇ ਕਿਸੇ ਨੂੰ ਜ਼ਿੰਮੇਵਾਰ ਠਹਿਰਾ ਸਕੇ। ਕੋਈ ਵੀ ਇਕ ਤਾਕਤ ਦੂਸਰੀ ਨੂੰ ਇਸ ਤਰ੍ਹਾਂ ਦਾ ਨੁਕਸਾਨ ਨਹੀਂ ਸੀ ਪਹੁੰਚਾਣਾ ਚਾਹੁੰਦੀ ਕਿ ਉਹ ਬਿਲਕੁਲ ਹੀ ਡਾਵਾਂਡੋਲ ਹੋ ਜਾਵੇ। ਸ਼ਾਇਦ ਇਸ ਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਜਿੱਤਣ ਦੀ ਹਾਲਤ ਵਿਚ ਉਨ੍ਹਾਂ ਨੂੰ ਕੁਝ ਪ੍ਰਾਪਤ ਹੋਣ ਦੀ ਆਸ ਹੋਵੇ। ਇਥੇ ਕਿਸੇ ਨੂੰ ਵੀ ਬਲੀ ਦਾ ਬਕਰਾ ਬਣਾਉਣ ਜਾਂ ਜਾਤੀ ਤੌਰ ਤੇ ਕਿਸੇ ਉੱਤੇ ਜ਼ਿੰਮੇਵਾਰੀ ਉਂਜ ਲਾਉਣੀ ਠੀਕ ਨਹੀਂ ਭਾਸਦੀ। ਸਾਰੀਆਂ ਹੀ ਤਾਕਤਾਂ ਘੱਟ ਜਾਂ ਵੱਧ ਇਸ ਲਈ ਜ਼ਿੰਮੇਵਾਰ ਸਨ। ਭਾਵੇਂ ਉਨ੍ਹਾਂ ਦੀਆਂ ਚਿੱਟੀਆਂ, ਨੀਲੀਆਂ, ਪੀਲੀਆਂ ਜਾਂ ਸੰਤਰੀ ਰੰਗੀ ਕਿਤਾਬਾਂ ਨੇ ਇਨ੍ਹਾਂ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਅਸਲ ਵਿਚ ਇਹ ਜੰਗ ਅੰਤਰ-ਰਾਸ਼ਟਰੀ ਅਸੰਤੋਸ਼ ਸੀ ਜਿਹੜਾ ਕਿ ਇਸ ਸੰਗਠਨ ਵਿਚ ਉਲਝ ਚੁੱਕਿਆ ਸੀ, ਹਥਿਆਰਾਂ ਦੀ ਦੌੜ ਵਿਚ ਲਗਾ ਹੋਇਆ ਸੀ ਅਤੇ ਗੁਪਤ ਜਥੇਬੰਦੀਆਂ ਆਪਣਾ ਰੂਪ ਧਾਰਨ ਕਰ ਰਹੀਆਂ ਸਨ। ਪਿਛਲੇ 43 ਸਾਲਾਂ ਤੋਂ ਜਦੋਂ ਪਰਸ਼ੀਅਨ (Franco-Prussian) ਜੰਗ ਹੋ ਚੁੱਕੀ ਸੀ, ਉਦੋਂ ਤੋਂ ਹੀ ਯੂਰਪ ਇਕ ਜੰਗੀ ਕੈਂਪ ਦਾ ਰੂਪ ਧਾਰਨ ਕਰਦਾ ਚਲਾ ਜਾ ਰਿਹਾ ਸੀ, ਜਿਸ ਦੇ ਅੰਦਰ ਘਾਤਕ ਬਾਰੂਦ ਅਤੇ ਨਵੇਂ ਹਥਿਆਰ ਇਕੱਠੇ ਕੀਤੇ ਜਾ ਰਹੇ ਸਨ। ਸ਼ਹਿਜ਼ਾਦੇ ਦੇ ਕਤਲ ਨੇ ਇਕ ਬਾਰੂਦ ਦੇ ਢੇਰ ਨੂੰ ਚਿੰਗਾਰੀ ਦਿਖਾ ਦਿੱਤੀ ਅਤੇ ਨਤੀਜਾ ਵਿਸ਼ਵ ਦੇ ਪਹਿਲੇ ਯੁੱਧ ਦੇ ਰੂਪ ਵਿਚ ਸਾਹਮਣੇ ਆਇਆ।

ਇਸ ਦੇ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਆਸਟਰੀਆ ਦੇ ਸਿਰ ਆਉਂਦੀ ਹੈ। ਪਰੰਤੂ ਉਹ ਵੀ ਮਜ਼ਬੂਰ ਭਾਸਦਾ ਸੀ। ਕਿਉਂਕਿ ਜੋ ਮਹਾਨ ਸਰਬੀਆ ਦੇ ਨਾਮ ਥੱਲੇ ਲਹਿਰ ਚਲ ਰਹੀ ਸੀ, ਉਸ ਨੇ ਇਸ ਦੀ ਹੋਂਦ ਨੂੰ ਖਤਰਾ ਪਾ ਦਿੱਤਾ। ਰੂਸ ਸਰਬੀਆ ਨਾਲ ਰਲ ਕੇ ਆਸਟਰੀਆ ਹੰਗਰੀ ਦੇ ਰਾਜ ਨੂੰ ਤੋੜਨ ਦੀ ਕੋਸ਼ਿਸ਼ ਵਿਚ ਸੀ। ਸ਼ਹਿਜ਼ਾਦੇ ਦੇ ਕਤਲ ਨੇ ਉਨ੍ਹਾਂ ਦੇ ਮੰਤਵਾਂ ਨੂੰ ਸਾਹਮਣੇ ਲੈ ਆਂਦਾ। ਆਸਟਰੀਆ ਨੇ ਸਰਬੀਆਂ ਨੂੰ ਤੰਗ ਕਰਨ ਦਾ ਇਕ ਪ੍ਰਕਾਰ ਦਾ ਜੂਆ ਖੇਡਿਆ ਪਰੰਤੂ ਉਸ ਦੀ ਗਲਤੀ ਨੇ ਜਰਮਨੀ ਨੂੰ ਵੀ ਵਿਚ ਲੈ ਆਂਦਾ।

ਜਰਮਨੀ, ਆਸਟਰੀਆ ਦੀ ਮਿੱਤਰਤਾ ਦਾ ਸ਼ਿਕਾਰ ਹੋ ਗਿਆ। ਪਹਿਲਾਂ ਜਰਮਨੀ ਨੇ ਆਸਟਰੀਆ ਨੂੰ ਖੁਲ੍ਹੀ ਛੁੱਟੀ ਦੇ ਦਿੱਤੀ ਅਤੇ ਬਾਅਦ ਵਿਚ ਜਦੋਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਬਹੁਤ ਦੇਰ ਹੋ ਚੁੱਕੀ ਸੀ। ਫਰਾਂਸ ਦੀਆਂ ਫੌਜਾਂ ਨੂੰ ਕੁਚਲਣ ਲਈ ਬੈਲਜੀਅਮ ਦੇ ਵਿਚੋਂ ਫੌਜਾਂ ਦਾ ਲੰਘਣਾ ਸ਼ੁਰੂ ਸੀ। ਉਂਜ ਵੀ ਜਰਮਨੀ ਨੇ 30 ਜੁਲਾਈ ਤਕ ਜਦੋਂ ਕਿ ਰੂਸ ਨੇ ਆਪਣੀਆਂ ਫੌਜਾਂ ਨੂੰ ਗਤੀ (Mobilization) ਦਾ ਹੁਕਮ ਨਹੀਂ ਸੀ ਦਿੱਤਾ, ਜੰਗ ਬਾਰੇ ਕੋਈ ਵੀ ਫੈਸਲਾ ਨਹੀ ਸੀ ਦਿੱਤਾ।

ਸਰਬੀਆ ਪਹਿਲਾ ਮੁਲਕ ਸੀ ਜਿਸ ਨੇ ਫੌਜੀ ਕਾਰਵਾਈ ਸ਼ੁਰੂ ਕੀਤੀ। ਉਸ ਦਾ ਮਕਸਦ ਸਾਰੇ ਸਰਵਾਂ ਨੂੰ ਆਪਣੇ ਹੇਠਾਂ ਲਿਆਉਣਾ ਸੀ। ਹੈਪਸਬਰਗ ਸਾਮਰਾਜ ਉਸ ਦੇ ਰਸਤੇ ਵਿਚ ਰੁਕਾਵਟ ਸੀ ਜਿਸ ਨੂੰ ਸਰਬੀਆਂ ਪਾਰ ਕਰਨਾ ਚਾਹੁੰਦਾ ਸੀ। (Pashith) ਨੂੰ ਸ਼ਹਿਜ਼ਾਦੇ ਦੀ ਕਤਲ ਦੀ ਸ਼ਾਜਸ਼ ਦਾ ਪਤਾ ਸੀ। ਪਰੰਤੂ ਉਹ ਇਸ ਨੂੰ ਰੋਕਣ ਵਿਚ ਅਸਫਲ ਰਿਹਾ। ਕਤਲ ਤੋਂ ਬਾਅਦ ਉਹ ਜਾਣ ਬੁੱਝ ਕੇ ਦੋਸ਼ੀ ਨੂੰ ਫੜਨ ਵਿਚ ਦੇਰੀ ਕਰਦਾ ਰਿਹਾ। ਅਸਟਰੀਆ ਨੂੰ ਜਵਾਬ ਦੇਣ ਤੋਂ ਪਹਿਲਾਂ ਆਪਣੀਆਂ ਫੌਜਾਂ ਵਿਚ ਗਤੀਸ਼ੀਲਤਾ ਲਿਆ ਚੁੱਕਿਆ ਸੀ।

ਰੂਸ ਨੇ ਸਰਬੀਆ ਨੂੰ ਹੋਰ ਉਤਸ਼ਾਹਤ ਕੀਤਾ ਅਤੇ ਨਾਲ ਹੀ ਉਸ ਨੇ ਕੁਝ ਅਜਿਹੀਆਂ ਗੁੱਪਤ ਫੌਜੀ ਕਾਰਵਾਈਆਂ ਕੀਤੀਆਂ ਜਿਨ੍ਹਾਂ ਨੇ ਜਰਮਨੀ ਅਤੇ ਆਸਟਰੀਆ ਨੂੰ ਚੌਕੰਨਾ ਕਰ ਦਿੱਤਾ। ਰੂਸ ਨੇ ਜੰਗ ਨੂੰ ਹੋਰ ਨਜ਼ਦੀਕ ਲੈ ਆਂਦਾ ਅਤੇ ਉਸ ਦੇ ਜੰਗੀ ਮੰਤਰੀ ਸੁਖਓਮਲੀਨੋਵ (Sukhomlinov) ਨੇ ਫ਼ਰਾਂਸ ਨੂੰ ਇਸ ਵਿਚ ਕੁੱਦਣ ਲਈ ਕਿਹਾ।

ਫ਼ਰਾਂਸ ਦੇ ਰਾਸ਼ਟਰਪਤੀ ਪੋਇਨਕੇਅਰ ਨੇ ਰੂਸ ਦੀ ਯਾਤਰਾ ਕੀਤੀ ਤੇ ਜ਼ਾਰ ਨੂੰ ਭਰੋਸਾ ਦਿਵਾਇਆ ਕਿ ਫਰਾਂਸ ਹਮੇਸ਼ਾਂ ਆਪਣੇ ਮਿੱਤਰਾਂ ਦੇ ਨਾਲ ਖੜੇਗਾ। ਫ਼ਰਾਂਸ ਜਰਮਨੀ ਦਾ ਦੁਸ਼ਮਣ ਸੀ ਅਤੇ ਆਪਣੀ ਗਈ ਹੋਈ ਇੱਜ਼ਤ ਨੂੰ ਮੁੜ ਬਟੋਰਨਾ ਚਾਹੁੰਦਾ ਸੀ।

ਸਰ ਐਡਵਰਡ ਗਰੇ ਨੂੰ ਚਾਹੀਦਾ ਸੀ ਕਿ ਉਹ ਜਰਮਨੀ ਨੂੰ ਸਪੱਸ਼ਟ ਦੱਸ ਦੇਵੇ ਕਿ ਜੇਕਰ ਯੂਰਪ ਦੀ ਜੰਗ ਛਿੜ ਗਈ ਤਾਂ ਬਰਤਾਨੀਆਂ ਫਰਾਂਕੋ-ਰਸ਼ੀਅਨ ਗੱਠਜੋੜ ਦਾ ਸਾਥ ਦੇਵੇਗਾ ਜਾਂ ਰੂਸ ਅਤੇ ਫ਼ਰਾਂਸ ਨੂੰ ਸਪੱਸ਼ਟ ਕਰ ਦੇਣਾ ਚਾਹੀਦਾ ਸੀ ਕਿ ਉਹ ਜੰਗ ਦੀ ਹਾਲਤ ਵਿਚ ਬਿਲਕੁਲ ਨਿਰਪੱਖ ਰਹੇਗਾ ਪਰੰਤੂ ਉਸ ਨੇ ਇਨ੍ਹਾਂ ਦੋਨਾਂ ਵਿਚੋਂ ਕੁਝ ਵੀ ਨਾ ਕੀਤਾ।

ਉਪਰੋਕਤ ਤੋਂ ਇਹ ਭਲੀ ਭਾਂਤ ਸਪੱਸ਼ਟ ਹੈ ਕਿ ਘਲੂਘਾਰੇ ਲਈ ਯੂਰਪ ਦੀਆਂ ਵੱਡੀਆਂ ਤਾਕਤਾਂ ਜ਼ਿੰਮੇਵਾਰ ਸਨ। ਕਿਸੇ ਇਕ ਵਿਅਕਤੀ ਜਾਂ ਰਾਜ ਨੂੰ ਇਸ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਕੌਮੀਵਾਦ, ਸਮਾਜਵਾਦ, ਸੈਨਿਕਵਾਦ ਅਤੇ ਦਿਨ-ਬ-ਦਿਨ ਵਧਦੇ ਜਾ ਰਹੇ ਗਠਬੰਧਨਾਂ ਨੇ ਅਖੀਰ ਵਿਸ਼ਵ ਜੰਗ ਦਾ ਰੂਪ ਅਖ਼ਤਿਆਰ ਕਰ ਲਿਆ। ਗੰਭੀਰਤਾ ਦੀ ਜਗ੍ਹਾਂ ਤੇ ਪਾਗਲਪਨ ਦੇ ਬੱਦਲ ਛਾਏ ਹੋਏ ਸਨ। ਉਹ ਸਮੇਂ ਯੂਰਪ ਦੇ ਚਾਲਕ (ਮਾਲਕ) ਆਪਸੀ ਦੁਸ਼ਮਣੀਆਂ, ਸਾਜ਼ਸ਼ਾਂ, ਚੋਰੀਆਂ ਅਤੇ ਰਿਸ਼ਵਤਾਂ ਵਿਚ ਇੰਨੇ ਰੁਝੇ ਹੋਏ ਸਨ ਕਿ ਉਸ ਸਮੇਂ ਦੈਂਤ ਤੇ ਦੇਵਤੇ ਦੀ ਪਛਾਣ ਹੀ ਮੁਸ਼ਕਲ ਹੋ ਗਈ ਸੀ। ਸਿੱਟਾ 1914 ਦਾ ਪਹਿਲਾ ਯੁੱਧ ਸੀ।

## SUGGESTED READINGS

1. ਬੈਨਜ ਅਨੁਵਾਦਕ ਪ੍ਰੋ.ਰਾਜਿੰਦਰ ਸਿੰਘ : ਯੂਰਪ (1870–1914)
2. Benns : Europe Since 1815
3. Fay : Origin of the First World War
4. Fisher : A History of Europe Vol. II
5. Hazen : Modern Europe
6. Langer : A Political and Social History of Modern Europe
7. Ketelbey : A History of Modern Times
8. Taylor : Struggle for Mastery in Europe
9. ਅਰੋੜਾ, ਏ.ਸੀ. : ਵਿਸ਼ਵ ਦਾ ਇਤਿਹਾਸ (1500–1950)

ਪਾਠ ਨੰਬਰ : 2.5

# 1919 ਵਿਚ ਸ਼ਾਂਤੀ ਸਮਝੌਤਾ

## ਭੂਮਿਕਾ

ਪਹਿਲਾ ਵਿਸ਼ਵ ਯੁੱਧ 28 ਜੁਲਾਈ, 1914 ਨੂੰ ਸ਼ੁਰੂ ਹੋ ਕੇ 11 ਨਵੰਬਰ, 1918 ਨੂੰ ਖਤਮ ਹੋਇਆ। ਇਨਸਾਨੀ ਦੁਨੀਆਂ ਦੇ ਇਤਿਹਾਸ ਵਿਚ ਅੱਜ ਤਕ ਅਜਿਹੀ 51 ਮਹੀਨਿਆਂ ਦੀ ਤਬਾਹੀ ਨਹੀਂ ਹੋਈ, ਇਸ ਨੇ ਯੂਰਪ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਨੇ ਜੋ ਇਨਸਾਨੀਅਤ ਦੇ ਉਪਰ ਜ਼ਖਮ ਪਾਏ, ਉਨ੍ਹਾਂ ਨੂੰ ਆਉਣ ਵਾਲੀਆਂ ਕਈ ਸਦੀਆਂ ਯਾਦ ਰੱਖਣਗੀਆਂ। ਫਰਾਂਸ ਦੇ ਮਸ਼ਹੂਰ ਲੇਖਕ ਮਾਸ਼ਪਸਾਂਤ (Maupassant) ਦੇ ਅੱਖਰ ਚੀਕ ਚੀਕ ਕੇ ਕਹਿ ਰਹੇ ਸਨ ਕਿ ਸਮੁੱਚਾ ਸਮਾਜ ਇਕ ਮੁੱਠ ਇਕ ਸ਼ਬਦ 'ਜੰਗ' ਦੈਤ ਵਿਰੁੱਧ ਕਿਉਂ ਨਹੀਂ ਖੜਾ ਹੋ ਜਾਂਦਾ। ਉਹ ਵਿਧਵਾਵਾ ਅਤੇ ਕੱਟੀਆਂ ਹੋਈਆਂ ਲੱਤਾਂ ਨਾਲ ਭਰੀਆ ਹੋਈਆਂ ਗੱਡੀਆਂ ਨੂੰ ਆਉਂਦਿਆਂ ਵੇਖਦੇ ਹਨ ਜਾਂ ਜਦੋਂ ਉਨ੍ਹਾਂ ਉਪਰ ਪਾਏ ਜਾ ਰਹੇ ਟੈਕਸ ਜਾਂ ਕਰਜ਼ੇ ਉਨ੍ਹਾਂ ਨੂੰ ਲਿਤਾੜਦੇ ਹਨ। ਪਹਿਲੇ ਵਿਸ਼ਵ ਯੁੱਧ ਵਿਚ ਜੋ ਤਬਾਹੀ ਹੋਈ ਉਸ ਨੂੰ ਸੁਣ ਕੇ ਹੀ ਮਨੁੱਖੀ ਹਿਰਦਾ ਕੰਬ ਜਾਂਦਾ ਹੈ। ਇਸ ਵਿਚ ਤਕਰੀਬਨ 10 ਮਿਲੀਅਨ ਜਾਂ ਤਾਂ ਲਾਪਤਾ ਹੋ ਗਏ ਜਾਂ ਕੈਦੀ ਬਣਾ ਲਏ ਗਏ। ਖਰਚੇ ਦਾ ਕੁਲ ਵੇਰਵਾ ਇਸ ਤਰ੍ਹਾਂ ਹੈ: ਇਨ੍ਹਾਂ ਵਿਚ ਬਰਤਾਨੀਆਂ ਅਤੇ ਹੋਰ ਮੁਲਕਾਂ ਦਾ ਖਰਚਾ ਪ੍ਰਤੀ ਔਸਤਨ ਦਿਨ ਕੁਝ ਇਸ ਤਰ੍ਹਾਂ ਹੈ: ਬਰਤਾਨੀਆਂ ਦਾ ਮਾਰਚ 1915 ਤਕ ਦਾ ਖਰਚਾ ਡੇਢ ਮਿਲੀਅਨ ਪੌਡ ਰੋਜ਼ਾਨਾ, 1915–16 ਤਕ 4 ਮਿਲੀਅਨ ਪੌਡ ਰੋਜ਼ਾਨਾ, 1917–18 ਵਿਚ ਵੱਧ ਕੇ 6 ਮਿਲੀਅਨ ਰੋਜ਼ਾਨਾ ਤਕ ਚਲਾ ਗਿਆ। ਉਸ ਦਾ ਕੌਮੀ ਕਰਜ਼ਾ 708 ਮਿਲੀਅਨ ਪੌਡ ਤੋਂ ਵੱਧ ਕੇ 7435 ਮਿਲੀਅਨ ਪੌਡ ਹੋ ਗਿਆ। ਅਮਰੀਕਾ ਜਿਹੜਾ ਕਿ 1916–17 ਵਿਚ ਇਸ ਲੜਾਈ ਵਿਚ ਸ਼ਾਮਿਲ ਹੋਇਆ, ਦਾ ਕਰਜ਼ਾ 1918 ਦੇ ਅੰਤ ਵਿੱਚ 16,000 ਮਿਲੀਅਨ ਡਾਲਰ ਤਕ ਵੱਧ ਚੁੱਕਾ ਸੀ। ਫਰਾਂਸ ਦਾ ਕੌਮੀ ਕਰਜ਼ਾ 34,188 ਮਿਲੀਅਨ ਫਰਾਂਕਸ ਤੋਂ ਵੱਧ ਕੇ 1,47,472 ਮਿਲੀਅਨ ਫਰਾਂਕਸ ਹੋ ਗਿਆ ਸੀ। ਜਰਮਨੀ ਦੇ ਉਪੱਰ ਕਰਜ਼ੇ ਦਾ ਬੋਝ 5000 ਮਿਲੀਅਨ ਤੋਂ ਵੱਧ ਕੇ 1,60,600 ਮਿਲੀਅਨ ਤਕ ਪਹੁੰਚ ਚੁੱਕਾ ਸੀ। ਅਮਰੀਕਾ ਦੇ ਫੈਡਰਿਲੇ ਰੀਜ਼ਰਵ ਬੋਰਡ ਦੇ ਅਨੁਸਾਰ ਲੜ ਰਹੀਆਂ ਫੌਜਾਂ ਦਾ ਖਰਚਾ 31 ਮਈ, 1918 ਤਕ ਤਕਰੀਬਨ 35,000 ਮਿਲੀਅਨ ਪੌਡ ਤਕ ਹੋ ਚੁੱਕਿਆ ਸੀ। ਸਾਰੀ ਦੁਨੀਆਂ ਇਸ ਸਮੇਂ ਤਕ ਸਰੀਰਕ ਅਤੇ ਮਾਨਸਿਕ ਦੋਨੋਂ ਤਰ੍ਹਾਂ ਨਾਲ ਹਿੱਲ ਚੁੱਕੀ ਸੀ।

## 14 ਨੁਕਤੇ (The Fourteen Points)

ਜਨਵਰੀ 1918 ਵਿਚ ਅਮਰੀਕਾ ਦੇ ਰਾਸ਼ਟਰਪਤੀ ਵੂਡਰੋ ਵਿਲਸਨ (Woodrow Wilson) ਦੇ 14 ਨੁਕਾਤੀ ਫਾਰਮੂਲੇ ਦੇ ਆਧਾਰ ਤੇ ਆਰਜ਼ੀ ਜੰਗਬੰਦੀ ਲਈ ਤਿਆਰ ਹੋ ਗਿਆ। ਸੰਖੇਪ ਵਿਚ ਇਹ 14 ਨੁਕਤੇ ਹੇਠ ਲਿਖੇ ਅਨੁਸਾਰ ਹਨ।

1. ਕੋਈ ਗੁਪਤ ਰਾਜਨੀਤਿਕ ਸੰਧੀ ਨਹੀਂ ਕੀਤੀ ਜਾਵੇਗੀ। ਜੋ ਵੀ ਸ਼ਾਂਤੀ ਦਾ ਇਕਰਾਰਨਾਮਾ ਹੋਵੇਗਾ, ਖੁੱਲ੍ਹੇਆਮ ਹੋਵੇਗਾ।
2. ਸਮੁੰਦਰਾਂ ਦੇ ਵਿਚ ਜਹਾਜ਼ਰਾਨੀ ਬਿਲਕੁਲ ਆਜ਼ਾਦ ਹੋਵੇਗੀ।
3. ਜਿੱਥੋਂ ਤੱਕ ਹੋ ਸਕੇ, ਆਰਥਿਕ ਰੁਕਾਵਟਾਂ ਨੂੰ ਦੂਰ ਕੀਤਾ ਜਾਵੇਗਾ।
4. ਘੱਟ ਤੋਂ ਘੱਟ ਹਥਿਆਰ ਜਮ੍ਹਾਂ ਕਰਨ ਦੀ ਤਸੱਲੀ ਦਿੱਤੀ ਜਾਵੇਗੀ।

5. ਬਿਨਾਂ ਪੱਖਪਾਤ ਤੋਂ ਖੁਲ੍ਹੇ ਦਿਲ ਨਾਲ ਸਪਸ਼ਟ ਤੌਰ ਤੇ ਬਸਤੀਆਂ ਦੇ ਅਧਿਕਾਰ ਨੂੰ ਨਜਿਠਿਆ ਜਾਵੇ।
6. ਰੂਸ ਦੀ ਤਰੱਕੀ ਵਿਚ ਕਿਸੀ ਕਿਸਮ ਦੀ ਰੁਕਾਵਟ ਨਾ ਪਾਈ ਜਾਵੇ।
7. ਬੈਲਜੀਅਮ ਤੋਂ ਪੂਰੀ ਤਰ੍ਹਾਂ ਫੌਜਾਂ ਹਟਾ ਲਈਆਂ ਜਾਣ।
8. ਫਰਾਂਸ ਨੂੰ ਐਲਸੇਸ ਅਤੇ ਲੌਰੇਨ ਦੇ ਇਲਾਕੇ ਵਾਪਸ ਕਰ ਦਿੱਤੇ ਜਾਣ।
9. ਇਟਲੀ ਦੀਆਂ ਸਰਹੱਦਾਂ ਨੂੰ ਦੁਬਾਰਾ ਨਿਸ਼ਚਿਤ ਕੀਤਾ ਜਾਵੇ।
10. ਆਸਟਰੀਆਂ ਅਤੇ ਹੰਗਰੀ ਵਿਚ ਵਸਦੇ ਵਿਦੇਸ਼ੀ ਲੋਕਾਂ ਨੂੰ ਆਜ਼ਾਦੀ ਦਿੱਤੀ ਜਾਵੇ।
11. ਇਤਿਹਾਸਕ ਰੇਖਾਵਾਂ ਦੇ ਉੱਪਰ ਬਲਕਾਨ ਦੀਆਂ ਹੱਦਾਂ ਦੁਬਾਰਾ ਨਿਸ਼ਚਿਤ ਕੀਤੀਆਂ ਜਾਣ।
12. ਐਟੋਮੇਨ ਸਾਮਰਾਜ ਦੇ ਉਸ ਹਿੱਸੇ ਨੂੰ ਜੋ ਕਿ ਤੁਰਕੀ ਦੇ ਅਧੀਨ ਨਹੀਂ ਹੈ, ਆਪਣੇ ਆਪ ਉੱਨਤ ਹੋਣ ਦਾ ਮੌਕਾ ਦਿੱਤਾ ਜਾਵੇ।
13. ਅਜ਼ਾਦ ਪੋਲੈਂਡ ਬਣਾਇਆ ਜਾਵੇ।
14. ਰਾਸ਼ਟਰ ਸੰਘ **(League of Nations)** ਦੀ ਸਥਾਪਨਾ ਕੀਤੀ ਜਾਵੇ।

## ਪੈਰਿਸ ਦੀ ਸ਼ਾਂਤੀ ਕਾਨਫਰੰਸ

18 ਜਨਵਰੀ, 1919 ਨੂੰ ਪੈਰਿਸ ਸ਼ਾਂਤੀ ਕਾਨਫਰੰਸ ਵਰਸਾਇ (Versailles) ਦੇ ਮਹੱਲ ਵਿਚ ਸ਼ੁਰੂ ਹੋਈ, ਜਿਸ ਵਿਚ ਕਿ 37 ਮੁਲਕਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਹ ਇਕ ਅਜੀਬ ਇਤਫ਼ਾਕ ਸੀ ਕਿ ਉਸ ਅਸਥਾਨ ਤੇ ਮੁੜ ਜਰਮਨੀ ਦੀ ਕਿਸਮਤ ਦਾ ਫੈਸਲਾ ਹੋ ਰਿਹਾ ਸੀ, ਜਿਥੋਂ ਕਿ ਇਸ ਦਿਨ ਤੋਂ 48 ਸਾਲ ਪਹਿਲਾਂ ਜਰਮਨੀ ਦੇ ਲੋਹ ਪੁਰਸ਼ ਬਿਸਮਾਰਕ ਨੇ ਜਰਮਨ ਸਾਮਰਾਜ ਦਾ ਐਲਾਨ ਕੀਤਾ ਸੀ। ਕਾਨਫਰੰਸ ਦਾ ਅਸਲ ਕੰਮ ਕਈ ਸਥਾਪਿਤ ਕੀਤੀਆਂ ਕਮੇਟੀਆਂ ਨੇ ਪੂਰਾ ਕੀਤਾ। ਇਸ ਦੇ ਅਸਲ ਕਰਤਾ 5 ਵੱਡੇ ਦੇਸ਼ ਸਨ ਜਾਂ ਜੇ ਅਸੀਂ ਜਾਪਾਨ ਨੂੰ ਛੱਡ ਦੇਈਏ ਤਾਂ 4 ਅਤੇ ਜੇਕਰ ਜਾਪਾਨ ਦੇ ਨਾਲ-ਨਾਲ ਇਟਲੀ ਨੂੰ ਵੀ ਬਾਹਰ ਰੱਖੀਏ ਤਾਂ ਅਸਲ ਵਿਚ ਤਿੰਨ ਵੱਡਿਆਂ ਦੇਸ਼ਾਂ ਨੇ ਹੀ ਸਾਰੇ ਫੈਸਲੇ ਕੀਤੇ। ਪਹਿਲਾਂ ਇਹ ਸਭ ਕੁਝ ਗੁਪਤ ਰੱਖਿਆ ਗਿਆ ਪਰੰਤੂ ਬਾਅਦ ਵਿਚ ਇਹ ਫੈਸਲੇ ਪ੍ਰਗਟ ਕਰ ਦਿੱਤੇ ਗਏ। ਸ਼ਰਤਾਂ ਪ੍ਰਧਾਨ ਮੰਤਰੀ ਕਲੀਮੈਸ਼ੋ (Clemenceau), ਪ੍ਰਧਾਨ ਮੰਤਰੀ ਲਾਇਡ ਜਾਰਜ (Lyold George) ਅਤੇ ਰਾਸ਼ਟਰਪਤੀ ਵਿਲਸ਼ਨ (Wilson) ਨੇ ਤਹਿ ਕੀਤੀਆਂ। ਇਹ ਇਕ ਅਤਿ ਕਠਿਨ ਕੰਮ ਸੀ ਕਿਉਂਕਿ ਜਿੱਤੇ ਹੋਏ ਮੁਲਕਾਂ ਦੀਆਂ ਅਖ਼ਬਾਰਾਂ ਨੇ ਲੋਕਾਂ ਦੇ ਗੁੱਸੇ ਨੂੰ ਹੋਰ ਭੜਕਾ ਦਿੱਤਾ ਸੀ। ਜੰਗ ਦੀ ਭੁੱਖ ਤਿੱਖੀ ਹੋ ਰਹੀ ਸੀ, ਨਾਰਾਜ਼ਗੀ ਦਾ ਬੋਲਬਾਲਾ ਸੀ। ਵੱਡੀਆਂ ਤਾਕਤਾਂ ਨਾ ਸਿਰਫ਼ ਆਪਣੇ ਲੋਕਾਂ ਦੇ ਗੁੱਸੇ ਤੇ ਅੱਕੀਆਂ ਹੋਈਆਂ ਸਨ, ਬਲਕਿ ਫਿਲਾਸਫਰਾਂ, ਸੇਠਾਂ ਵਿਦਵਾਨਾਂ, ਉਦਯੋਗਪਤੀਆਂ, ਵਿਚਾਰਵਾਨਾਂ ਅਤੇ ਕੱਟੜਵਾਦੀਆਂ ਨੇ ਵੀ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰੱਖਿਆ ਸੀ। ਉਨ੍ਹਾਂ ਅੰਦਰ ਤੀਬਰ ਇੱਛਾ ਸੀ ਕਿ ਉਸ ਸਮੇਂ ਦੇ ਰਾਜਨੀਤਿਕ ਅਤੇ ਸਮਾਜਿਕ ਢਾਂਚੇ ਨੂੰ ਕੁਠਾਲੀ ਵਿਚ ਪਾ ਕੇ ਪਿਘਲਾ ਦਿੱਤਾ ਜਾਵੇ ਅਤੇ ਸਾਰੇ ਨਿਜ਼ਾਮ ਦਾ ਨਵ-ਨਿਰਮਾਣ ਕੀਤਾ ਜਾਵੇ।

ਪੈਰਿਸ ਕਾਨਫਰੰਸ ਦੇ ਮੁੱਖੀ ਜਾਰਜ ਕਲੀਮੈਸ਼ੇ (1841 ਤੋਂ 1929) ਜੋ ਕਿ ਫਰਾਂਸ ਦਾ ਬਹੁਤ ਸਿਆਣਾ ਮੰਤਰੀ ਸੀ ਅਤੇ ਇਸ ਦਾ ਮੰਤਵ ਫਰਾਂਸ ਨੂੰ ਬਚਾਉਣਾ ਸੀ, ਉਸ ਨੂੰ ਇਸ ਦਾ ਪੂਰਾ ਪੂਰਾ ਗਿਆਨ ਸੀ ਕਿ ਜਰਮਨੀ ਫਰਾਂਸ ਦਾ ਜਾਨੀ ਦੁਸ਼ਮਣ ਹੈ। ਉਸ ਦੇ ਦਿਲੋ ਦਿਮਾਗ ਉਤੇ

ਦੋ ਗੱਲਾਂ ਪੂਰੀ ਤਰ੍ਹਾਂ ਬੈਠੀਆਂ ਹੋਈਆਂ ਸਨ, ਪਹਿਲੀ ਬੀਤ ਚੁੱਕੇ ਸਮੇਂ ਦੀ ਯਾਦ ਦਿਵਾ ਰਹੀ ਸੀ ਕਿ ਪਿਛਲੀ ਇਕ ਸਦੀ ਵਿਚ ਪੰਜ ਵਾਰੀ ਭਾਵ 1814, 1815, 1870, 1914 ਅਤੇ 1918 ਵਿਚ ਨੇਤਰਦੱਮ (Neterdam) ਦੇ ਗੁਬੰਦਾਂ ਨੇ ਜਰਮਨੀ ਦੀਆਂ ਤੋਪਾਂ ਦਾ ਲਿਸ਼ਕਾਰਾ ਵੇਖਿਆ ਸੀ ਅਤੇ ਉਨ੍ਹਾਂ ਦੇ ਤੋਪਖਾਨੇ ਦੀ ਗਰਜ ਸੁਣੀ। ਉਸ ਦੀਆਂ ਯਾਦਾਂ ਜੋ ਕਿ ਉਸ ਦੀ ਪੁਸਤਕ "The Grandeur of Misery" ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜੰਗ ਉਪਰੰਤ ਦੀ ਦੁਨੀਆਂ ਦੇ ਨਾਲ ਪੂਰੀ ਤਰ੍ਹਾਂ ਖੁਸ਼ ਨਹੀਂ ਸੀ।

ਡੇਵਿਡ ਲਾਇਡ ਜਾਰਜ (1863-1945) ਜੋ ਕਿ ਬਰਤਾਨੀਆਂ ਦਾ ਮੰਤਰੀ ਸੀ ਇਕ ਕਸ਼ਿਸ਼ ਵਾਲਾ ਅਤੇ ਸਾਹਸ ਪੂਰਣ ਵਿਅਕਤੀ ਸੀ। ਉਸ ਦੀ ਸਮਝ ਸ਼ਕਤੀ ਆਪਣੇ ਸਮਕਾਲੀਨ ਨਾਲੋਂ ਬਹੁਤ ਤੇਜ਼ ਅਤੇ ਤਿੱਖੀ ਸੀ। ਉਹ ਆਪਣੇ ਮੁਲਕ ਵਿਚ ਜਰਮਨੀ ਪ੍ਰਤਿ ਭਾਵਨਾ ਨੂੰ ਦੇਖ ਚੁੱਕਿਆ ਸੀ। ਉਸ ਦੀ ਪਾਰਟੀ ਦੀ ਇੱਛਾ ਸੀ ਕਿ ਕੇਸਰ ਨੂੰ ਫਾਂਸੀ ਦੇ ਦਿੱਤੀ ਜਾਵੇ ਅਤੇ ਜਰਮਨੀ ਨੂੰ ਸਮੁੱਚੀ ਜੰਗ ਦਾ ਮੁਆਵਜਾ ਦੇਣ ਲਈ ਕਿਹਾ ਜਾਵੇ। ਇਹੋ ਜਿਹੇ ਵਿਚਾਰਾਂ ਦਾ ਪੱਟਾ ਗਲ ਪਾ ਪੈਰਿਸ ਵਿਖੇ ਸ਼ਾਂਤੀ ਹਿੱਤ ਗਿਆ ਤਾਂ ਜੋ ਦੁਨੀਆਂ ਵਿਚ ਠੰਡ ਵਰਤਾਇਆ ਜਾ ਸਕੇ।

ਵੁਡਰੋ ਵਿਲਸਨ ਜੋ ਕਿ ਅਮਰੀਕਾ ਦਾ ਰਾਸ਼ਟਰਪਤੀ ਸੀ, ਆਪਣੇ ਮੁਲਕ ਨੂੰ ਮਿੱਤਰ ਦੇਸ਼ਾਂ ਦੀ ਮਦਦ ਉਤੇ ਲੈ ਕੇ ਆਇਆ। ਉਸ ਮਸੀਹ ਦਾ ਮੁੱਖ ਮੰਤਵ ਦੁਨੀਆਂ ਦੇ ਅੰਦਰ ਜਮਹੂਰੀਅਤ ਨੂੰ ਬਚਾਉਣਾ ਸੀ। ਉਪਰੋਕਤ 14 ਨੁਕਤੇ ਉਸੀ ਦੇ ਦਿਮਾਗ ਦੀ ਕਾਢ ਸਨ ਜਿਨ੍ਹਾਂ ਦੇ ਆਧਾਰ ਤੇ ਜਰਮਨੀ ਨਾਲ ਸੰਧੀ ਵਾਰਤਾ ਸ਼ੁਰੂ ਹੋਈ। ਜਰਮਨੀ ਨੇ ਉਸ ਨੂੰ ਸਵਾਰਥਹੀਨ ਤੇ ਉਸ ਦੇ ਬੋਲਾਂ ਨੂੰ ਦੇਵ ਬਾਣੀ ਸਮਝ ਕੇ ਪ੍ਰਵਾਨ ਕੀਤਾ ਸੀ। ਉਹ ਖੋਟਾਂ ਨੂੰ ਦੂਰ ਕਰਕੇ ਵਾਤਾਵਰਣ ਨੂੰ ਸ਼ੁਧ ਕਰਨ ਲਈ ਆਇਆ ਸੀ। ਪਰੰਤੂ ਉਹ ਇਕ ਸਿਆਸਤਦਾਨ ਦੀ ਜਗ੍ਹਾਂ ਤੇ ਵਧੀਆ ਫਿਲਾਸਫਰ ਸੀ ਅਤੇ ਰਾਜਨੀਤੀ ਦੇ ਹੱਥ ਕੰਡਿਆਂ ਨੂੰ ਹਮੇਸ਼ਾਂ ਆਪਣੇ ਤੋਂ ਦੂਰ ਰੱਖਦਾ ਸੀ। ਉਸ ਦੀ ਆਪਣੀ ਸਥਿਤੀ ਘਰੇਲੂ ਰਾਜਨੀਤੀ ਨੇ ਹੀ ਕਮਜ਼ੋਰ ਕਰ ਦਿੱਤੀ ਸੀ। ਉਹ ਡੈਮੋਕਰੇਟ ਪਾਰਟੀ ਅਤੇ ਇਨਸਾਫ ਪਸੰਦ ਸੀ ਅਤੇ ਜਦੋਂ ਕਿ ਅਮਰੀਕਾ ਦੀ ਸੈਨੇਟ ਜੋ ਅਮਰੀਕਾ ਦੀ ਵਿਦੇਸ਼ ਨੀਤੀ ਦੀ ਸੰਚਾਲਕ ਸੀ, ਵਿਚ ਬਹੁਤੀ ਗਿਣਤੀ ਰੀਪਬਲੀਕਿਨਜ਼ ਦਾ ਸੀ। ਉਹ ਪੈਰਿਸ ਵਿਖੇ ਸੰਧੀ ਲਈ ਰੀਪਬਲੀਕਿਨਜ਼ ਦੀ ਮਦਦ ਤੋਂ ਬਿਨਾਂ ਗਿਆ ਸੀ। ਜਿਨ੍ਹਾਂ ਦੀਆਂ ਬਦਲੇ ਦੀਆਂ ਭਾਵਨਾਵਾਂ ਨੇ ਉਸ ਦੀਆਂ ਆਪਣੀਆਂ ਵਿਉਂਤਾਂ ਨੂੰ ਵਿਚਲਿਤ ਕਰਕੇ ਰੱਖ ਦਿੱਤਾ ਸੀ।

ਸਾਰੀਆਂ ਸੰਧੀਆਂ ਬਹੁਤ ਹੀ ਪ੍ਰਤਿਕੂਲ ਮਾਹੌਲ ਵਿਚ ਹੋਈਆਂ ਕਿਉਂਕਿ ਅਜੇ ਜੰਗ ਪ੍ਰਤਿ ਲੋਕਾਂ ਦੀਆਂ ਭਾਵਨਾਵਾਂ ਠੰਡੀਆਂ ਨਹੀਂ ਸਨ ਹੋਈਆਂ। ਪਰੰਤੂ ਜਲਦੀ ਬਹੁਤ ਜ਼ਰੂਰੀ ਸੀ ਕਿਉਂਕਿ ਉਸ ਸਮੇਂ ਮੁੱਖ ਲੋੜ ਸ਼ਾਂਤੀ ਦੀ ਸੀ ਅਤੇ ਸ਼ਾਂਤੀ ਉਦੋਂ ਤਕ ਸਥਾਪਤ ਹੋਣੀ ਮੁਸ਼ਕਲ ਸੀ ਜਦੋਂ ਤਕ ਕਿ ਸੰਧੀ ਨਾ ਹੋ ਜਾਵੇ।

ਪੈਰਿਸ ਦੀ ਸੰਧੀ ਵਾਰਤਾ ਵਿਚ ਦੋ ਵਿਚਾਰ ਪ੍ਰਮੁੱਖ ਸਨ, ਇਕ ਵਿਚਾਰ ਨਿਰਪੱਖ ਧਾਰਨਾ ਵਾਲਾ ਅਤੇ ਸੁਆਰਥਹੀਨਤਾ ਨਾਲ ਇਨਸਾਫ ਵੰਡਣ ਵਾਲਾ ਸੀ। ਇਹ ਵਿਚਾਰਧਾਰਾ ਦਾ ਹਾਮੀ ਵਿਲਸਨ ਸੀ। ਦੂਜਾ ਵਿਚਾਰ ਦੂਜੀਆਂ ਕੌਮਾਂ ਵਲੋਂ ਇਹ ਸੀ ਕਿ ਸ਼ਾਂਤੀ ਵਾਰਤਾ ਨੂੰ ਧਿਆਨ ਨਾਲ ਘੋਖਿਆ ਜਾਵੇ ਅਤੇ ਤਾਕਤ ਦੀ ਇਕਸੂਰਤਾ ਪ੍ਰਤਿ ਚੇਤਨਤਾ ਹੋਵੇ। ਹਾਰ ਚੁੱਕੇ ਮੁਲਕਾਂ ਵਾਲੇ ਦੁਬਾਰਾ ਅਜਿਹਾ ਨਾ ਹੋਣ ਪ੍ਰਤਿ ਵਿਸ਼ਵਾਸ਼ ਲਾਇਆ ਜਾਵੇ ਅਤੇ ਜਿੱਤੇ ਹੋਏ ਮੁਲਕਾਂ ਨੂੰ ਇਲਾਕੇ ਅਤੇ ਆਰਥਿਕ ਰੂਪ ਵਿਚ ਮੁਆਵਜੇ ਦਿੱਤੇ ਜਾਣ ਕਿਉਂਕਿ ਵਾਰਤਾਲਾਪ ਵਿਚ ਕਲਿਮੈਂਸ਼ੋ ਅਤੇ ਲਾਇਡ ਜਾਰਜ ਦਾ ਪ੍ਰਭਾਵ ਜ਼ਿਆਦਾ ਰਿਹਾ, ਇਸ ਲਈ ਅਖੀਰ ਤੇ ਫੈਸਲਾ ਇਹੀ ਹੋਇਆ ਕਿ ਯੂਰਪ ਦੀ ਸ਼ਾਂਤੀ ਭਵਿੱਖ ਵਿਚ ਸੁਰੱਖਿਅਤ ਕੀਤੀ ਜਾਵੇ, ਜਿੱਤੇ ਹੋਏ ਮੁਲਕਾਂ ਅਤੇ ਉਨ੍ਹਾਂ ਤੇ ਆਸਰਿੱਤ ਤੇ ਹੋਰ ਦੇਸ਼ਾਂ ਨੂੰ ਇਲਾਕਿਆਂ ਦੀ ਵੰਡ ਦਾ ਲਾਭ ਦਿੱਤਾ ਜਾਵੇ।

ਇਸ ਸਾਰੇ ਵਾਰਤਾਲਾਪ ਦਾ ਸਿੱਟਾ ਪੰਜ ਸੰਧੀਆਂ ਹੋਈਆਂ ਜਿਨ੍ਹਾਂ ਨੇ ਨਵੇਂ ਕਾਨੂੰਨ ਬਣਾਏ। ਇਹ ਪੰਜ ਸੰਧੀਆਂ ਵਰਸਾਇ (Versailles) ਦੀ ਸੰਧੀ, ਸੇਂਟ ਜਰਮੇਨ (St. Germain) ਦੀ ਸੰਧੀ, ਨਿਊਲੀ (Neuilly) ਦੀ ਸੰਧੀ, ਟ੍ਰਾਇਨੋ (Trianon) ਦੀ ਸੰਧੀ ਅਤੇ ਸੇਵਰੇਜ਼ (Serves) ਅਤੇ ਬਾਅਦ ਵਿਚ ਲੋਸੇਨ (Lausanne) ਦੀ ਸੰਧੀ ਸਨ। ਨਕਦ ਮੁਆਵਜ਼ੇ ਦੇ ਪ੍ਰਸ਼ਨ ਨੂੰ ਬਹੁਤ ਸਿਆਣਪ ਨਾਲ ਮੁਆਵਜ਼ੇ ਦੇ ਕਮਿਸ਼ਨ ਲਈ ਛੱਡ ਦਿੱਤਾ ਗਿਆ।

## (1) ਜਰਮਨੀ ਨਾਲ ਵਰਸਾਏ ਦੀ ਸੰਧੀ (28 ਜੂਨ, 1919)

ਇਸ ਸੰਧੀ ਦੇ 15 ਹਿੱਸੇ 440 ਧਾਰਾਵਾਂ ਅਤੇ ਅੰਤਕਾਂ ਸਨ। ਇਸ ਸੰਧੀ ਦਾ ਖਰੜਾ ਮਈ, 1919 ਵਿਚ ਤਿਆਰ ਹੋ ਗਿਆ ਸੀ। ਜਦੋਂ ਜਰਮਨੀ ਵੱਲ ਉਠਾਏ ਗਏ ਇਤਰਾਜਾਂ ਨੂੰ ਮਨਜ਼ੂਰ ਕਰ ਦਿੱਤਾ ਗਿਆ ਤਾਂ ਜਰਮਨੀ ਦੇ ਵਿਦੇਸ਼ ਮੰਤਰੀ ਦਾ ਹਰਮਨ ਮੁੱਲਰ (Dr. Hermann Muller) ਨੇ ਇਸ ਸੰਧੀ ਤੇ 28 ਜੂਨ, 1919 ਨੂੰ ਸ਼ੀਸ਼ਿਆਂ ਦੇ ਮਹੱਲ (The Hall of Mirrors) ਵਿਚ ਦਸਤਖਤ ਕੀਤੇ। ਇਹ ਉਹੀ ਬਦਨਸੀਬ ਦਿਨ ਸੀ ਜਿਸ ਦਿਨ ਆਸਟਰੀਆ ਦੇ ਸ਼ਹਿਜਾਦੇ ਅਤੇ ਤਖਤ ਜਾਨਸੀਨ ਆਰਕਡਿਊਕ ਫਰਾਂਸਿਸ ਫਰਡੀਨੈਂਡ ਦਾ ਕਤਲ ਸਰਾਜੀਵੇ ਵਿਖੇ ਹੋਇਆ ਸੀ ਅਤੇ ਇਸ ਨਾਲ ਜੰਗ ਦੀ ਚਿੰਗਾਰੀ ਲੱਗੀ ਸੀ।

ਸੰਧੀ ਦੀ 231 ਧਾਰਾ ਅਧੀਨ ਇਸ ਜੰਗ ਵਿਚ ਮਿੱਤਰ ਦੇਸ਼ਾਂ ਅਤੇ ਉਹਨਾਂ ਦੇ ਸਹਿਯੋਗੀਆਂ ਨੂੰ ਹੋਏ ਨੁਕਸਾਨ ਦੀ ਜ਼ਿੰਮੇਵਾਰੀ ਜਰਮਨੀ ਨੂੰ ਆਪਣੇ ਸਿਰ ਲੈਣੀ ਪਈ। ਇਸ ਤੋਂ ਇਲਾਵਾ ਹੋਰ ਮੁੱਖ ਫੈਸਲੇ ਹੇਠ ਲਿਖੇ ਅਨੁਸਾਰ ਸਨ।

1. ਜਿਹੜੀ ਗਲਤੀ ਜਰਮਨੀ ਨੇ 1871 ਵਿਚ ਕੀਤੀ, ਉਸ ਨੂੰ ਸੁਧਾਰਨ ਹਿੱਤ ਅਲਸੇਸ ਅਤੇ ਲੋਰੇਨ ਦੇ ਇਲਾਕੇ ਫਰਾਂਸ ਨੂੰ ਵਾਪਸ ਕਰ ਦਿੱਤੇ ਗਏ। ਜਰਮਨੀ ਨੂੰ ਹੁਕਮ ਦਿੱਤਾ ਕਿ ਉਹ 14 ਦਿਨਾਂ ਦੇ ਅੰਦਰ ਅੰਦਰ ਬੈਲਜੀਅਮ, ਲਕਸ਼ਬਰਗ ਅਤੇ ਹੋਰ ਫਰਾਂਸ ਦੇ ਇਲਾਕਿਆਂ ਨੂੰ ਖਾਲੀ ਕਰ ਦੇਵੇ।

2. ਸਾਰ ਘਾਟੀ (Saar Basin) ਦੀਆਂ ਕੋਲੇ ਦੀਆਂ ਖਾਣਾ ਆਰਜ਼ੀ ਤੌਰ ਤੇ ਜਰਮਨ ਸਾਮਰਾਜ ਤੋਂ 15 ਸਾਲਾਂ ਲਈ ਖੋਹ ਲਈਆਂ ਅਤੇ ਇਨ੍ਹਾਂ ਦਾ ਅਧਿਕਾਰ ਰਾਸ਼ਟਰ ਸੰਘ ਦੇ ਅਧੀਨ ਕਰ ਦਿੱਤਾ ਗਿਆ। ਇਹ ਇਸ ਲਈ ਕੀਤਾ ਗਿਆ ਕਿ ਫ਼ਰਾਂਸ ਦੇ ਉੱਤਰ ਵਿਚ ਜੰਗ ਦੌਰਾਨ ਕੋਲੇ ਦੀਆਂ ਖਾਣਾ ਦਾ ਜੋ ਨੁਕਸਾਨ ਪੁੱਜਿਆ ਸੀ ਉਸ ਦਾ ਮੁਆਵਜ਼ਾ ਫ਼ਰਾਂਸ ਨੂੰ ਮਿਲ ਸਕੇ। ਜਿਸ ਉਪਰੰਤ ਇਸ ਬਾਰੇ ਫਿਰ ਲੋਕ ਮੱਤ ਲਿਆ ਜਾਵੇਗਾ।

3. ਇਕ ਹੋਰ ਲੋਕ ਮੱਤ ਨੇ ਸਲੇਸਵਿਗ (Schelswig) ਅਤੇ ਉੱਤਰੀ ਹਿੱਸੇ ਨੂੰ ਡੈਨਮਾਰਕ ਨਾਲ ਜੋੜਨ ਲਈ ਕਿਹਾ ਪਰੰਤੂ ਦੱਖਣੀ ਹਿੱਸੇ ਨੂੰ ਜਰਮਨੀ ਦਾ ਪੱਖ ਲਿਆ।

4. ਹੈਲੀਗੋਲੈਂਡ (Heligoland) ਅਤੇ ਫੂਮੇ (Fiume) ਦੀ ਕਿਲ੍ਹਾ ਬੰਦੀ ਤਬਾਹ ਕਰ ਦਿੱਤੀ ਗਈ ਅਤੇ ਯੂਪਨ ਮਾਲਮੇਡੀ (Eupen, Malmady) ਦੇ ਇਲਾਕੇ ਬੈਲਜੀਅਮ ਦੇ ਹਵਾਲੇ ਕਰ ਦਿੱਤੇ ਗਏ।

5. ਪੋਸਨ (Posen) ਅਤੇ ਲਗਭਗ ਸਾਰਾ ਹੀ ਪੱਛਮੀ ਪ੍ਰਸ਼ੀਆ ਦਾ ਇਲਾਕਾ ਪੋਲੈਂਡ ਨੂੰ ਮੁੜ ਜੀਵਤ ਕਰਨ ਲਈ ਦੇ ਦਿੱਤਾ ਗਿਆ। ਜਨਮਤ ਅਨੁਸਾਰ ਉਪਰਲੇ ਸ਼ਿਲੇਸ਼ੀਆ (Upper Silesia) ਜਰਮਨੀ ਅਤੇ ਪੋਲੈਂਡ ਵਿਚਕਾਰ ਵੰਡ ਦਿੱਤਾ ਗਿਆ।

6. ਜਰਮਨੀ ਦਾ ਡੇਨਜਿੰਗ (Danzing) ਸ਼ਹਿਰ ਰਾਸ਼ਟਰ ਸੰਘ ਦੀ ਸੁਰੱਖਿਆ ਹੇਠ ਆਜ਼ਾਦ ਸ਼ਹਿਰ ਘੋਸ਼ਿਤ ਕਰ ਦਿੱਤਾ ਗਿਆ ਤਾਂ ਕਿ ਪੋਲੈਂਡ ਨੂੰ ਬੰਦਰਗਾਹ ਮਿਲ ਸਕੇ ਉਂਜ ਵੀ ਇਨ੍ਹਾਂ ਦੇ ਆਰਥਿਕ ਹਿੱਤ ਪੋਲੈਂਡ ਨਾਲ ਸਾਂਝੇ ਸਨ। ਇਨ੍ਹਾਂ ਦੋਹਾਂ ਨੂੰ ਇਕ ਕੋਰੀਡੋਰ ਰਾਹੀਂ ਜੋੜਿਆ

ਗਿਆ ਜਿਸ ਨੇ ਪੂਰਬੀ ਪ੍ਰਸ਼ੀਆ (East Prussia) ਨੂੰ ਬਾਕੀ ਦੀ ਜਰਮਨੀ ਨਾਲੋਂ ਵੱਖ ਕਰ ਦਿੱਤਾ।

7. ਇਨ੍ਹਾਂ ਹੀ ਕਾਰਨਾ ਕਰਕੇ ਮੇਮਲ (Memal) ਦੀ ਬਾਲਟਿਕ ਬੰਦਰਗਾਹ (Baltic Port) ਨੂੰ ਨਵ ਸਥਾਪਿਤ ਰਾਜ ਲਿਥੂਆਨੀਆਂ (Lithuania) ਨਾਲ ਜੋੜ ਦਿੱਤਾ ਗਿਆ।

8. ਜਰਮਨੀ ਨੇ ਸਮੁੰਦਰੋਂ ਪਾਰ ਆਪਣੇ ਸਾਰੇ ਹੀ ਇਲਾਕਿਆਂ ਤੋਂ ਆਪਣੇ ਹੱਕਾਂ ਨੂੰ ਤਿਆਗ ਦਿੱਤਾ। ਜਰਮਨ ਦੱਖਣੀ ਪੱਛਮੀ ਅਮਰੀਕਾ, ਸੰਯੁਕਤ ਦੱਖਣੀ ਅਫ਼ਰੀਕਾ ਨੂੰ ਚਲਾ ਗਿਆ। ਜਰਮਨ ਪੱਛਮੀ ਅਫ਼ਰੀਕਾ, ਬਰਤਾਨੀਆਂ ਅਤੇ ਫਰਾਂਸ ਵਿਚ ਵੰਡਿਆ ਗਿਆ। ਜਰਮਨ ਪੂਰਬੀ ਅਫ਼ਰੀਕਾ, ਬਰਤਾਨੀਆਂ ਅਤੇ ਬੈਲਜੀਅਮ ਵਿਚ ਵੰਡਿਆ ਗਿਆ। ਸ਼ਾਂਤ ਮਹਾਂਸਾਗਰ ਵਿਚਲੀਆਂ ਜਰਮਨੀ ਦੀਆਂ ਬਸਤੀਆਂ ਨੂੰ ਜਾਪਾਨ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਵੰਡਿਆ ਗਿਆ। ਇਹ ਇਨ੍ਹਾਂ ਨੂੰ ਰਾਸ਼ਟਰ ਸੰਘ ਵਲੋਂ ਦਿੱਤੀਆਂ ਗਈਆਂ।

9. ਜਰਮਨੀ ਦੇ ਚੈਕਸੋਲਵਾਕੀਆ (Czecho-Slovakia) ਰਾਜ ਦੀ ਆਜ਼ਾਦੀ ਨੂੰ ਮਾਨਤਾ ਦੇ ਦਿੱਤੇ ਅਤੇ ਹੋਲਸਟਿਨ (Holstein) ਦਾ ਇਲਾਕਾ ਇਸ ਰਾਜ ਦੇ ਹਵਾਲੇ ਕਰ ਦਿੱਤਾ।

10. ਜਰਮਨੀ ਨੂੰ ਰਾਇਨ ਦੇ ਦਰਿਆ ਦੇ ਖੱਬੇ ਅਤੇ ਸੱਜੇ ਦੋਨੋ ਕੰਢਿਆਂ ਉਪਰ ਕਿਸੀ ਕਿਸਮ ਦੀ ਕਿਲਾਬੰਦੀ ਅਤੇ ਫੌਜਾਂ ਨੂੰ ਤੈਨਾਤ ਆਦਿ ਕਰਨ ਤੋਂ ਮਨਾਹੀ ਕਰ ਦਿੱਤੀ ਗਈ।

11. ਜਰਮਨੀ ਨੂੰ ਇਸ ਪ੍ਰਤਿ ਵਿਸ਼ਵਾਸ ਦੁਆਉਣਾ ਪਿਆ ਕਿ ਉਹ ਆਪਣੀਆਂ ਫੌਜਾਂ ਦੀ ਗਿਣਤੀ 100,000 ਤੋਂ ਵੱਧ ਕਰੇਗਾ ਅਤੇ ਉਹ ਵੀ ਬਿਨਾਂ ਜਨਰਲ ਸਟਾਫ ਤੋਂ। ਉਸ ਨੂੰ ਜ਼ਰੂਰੀ ਸੈਨਿਕ ਸੇਵਾ ਬੰਦੀ ਕਰਨੀ ਪਵੇਗੀ ਅਤੇ ਸਮੁੰਦਰੀ ਜਹਾਜ਼ ਅਤੇ ਬੇੜੇ 19,000 ਟਨ ਹੇਠਾਂ ਤੋਂ ਰਖੇਗਾ ਅਤੇ ਆਪਣੀਆਂ ਸਾਰੀਆਂ ਪਨਡੁੱਬੀਆਂ ਉਨ੍ਹਾਂ ਦੇ ਹਵਾਲੇ ਕਰ ਦੇਵੇਗਾ। ਉਹ ਟੈਂਕ, ਭਾਰੀ ਤੋਪਖਾਨਾ, ਜ਼ਹਿਰੀਲੀ ਗੈਸ ਸਪਲਾਈ ਅਤੇ ਹਵਾਈ ਜਹਾਜ਼ ਨਹੀਂ ਰੱਖ ਸਕੇਗਾ।

12. ਇਸ ਗੱਲ ਦੀ ਗਰੰਟੀ ਦੇਣੀ ਪਵੇਗੀ ਕਿ ਇਹ ਸੰਧੀ ਪੂਰੀ ਤਰ੍ਹਾਂ ਅਮਲ ਵਿਚ ਲਿਆਂਦੀ ਜਾਵੇਗੀ। ਜਰਮਨੀ ਦਾ ਉਹ ਸਾਰਾ ਇਲਾਕਾ ਜਿਹੜਾ ਕਿ ਰਾਇਨ ਦੇ ਪੱਛਮ ਵਲ ਸਥਿਰ ਸੀ, ਦੇ ਉਪਰ ਮਿੱਤਰ ਦੇਸ਼ਾਂ ਅਤੇ ਉਨ੍ਹਾਂ ਦੇ ਸਹਾਇਕ ਦੇਸ਼ਾਂ ਦਾ ਕਬਜਾ ਰਹੇਗਾ।

13. ਐਲਬੇ (Elbe), ਡੇਨੂਬੇ (Daunbe) ਓਦਰ (Oder), ਅਤੇ ਨੀਮੈਨ (Neimen) ਨੂੰ ਕੌਮਾਂਤਰੀ ਕਰ ਗਿਆ।

14. ਕੈਸਰ ਵਿਲੀਅਮ ਦੂਜਾ ਉਤੇ ਵਿਸ਼ੇਸ਼ ਅਦਾਲਤਾਂ ਰਾਹੀਂ ਮੁਕਦਮਾ ਚਲਾਇਆ ਜਾਵੇਗਾ। ਪ੍ਰੰਤੂ ਇਹ ਸ਼ਰਤ ਸਿਰਫ ਕਾਗਜ਼ੀ ਹੀ ਰਹਿ ਗਈ ਕਿਉਂਕਿ ਬਾਅਦ ਵਿਚ ਨੀਦਰਲੈਂਡ ਦੀ ਸਰਕਾਰ ਨੇ ਉਸ ਨੂੰ ਮਿੱਤਰ ਦੇਸ਼ਾਂ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ।

15. ਰਾਸ਼ਟਰ ਸੰਘ ਪ੍ਰਤਿ ਇਕਰਾਰਨਾਮਾ ਵੀ ਇਸ ਸੰਧੀ ਵਿਚ ਸੰਮਲਿਤ ਕੀਤਾ ਗਿਆ।

ਵਰਸਾਇ ਦੀ ਸੰਧੀ ਨੇ ਜਰਮਨੀ ਦੀ ਵਸੋਂ ਨੂੰ ਕਾਫੀ ਹੱਦ ਤਕ ਘਟਾ ਦਿੱਤਾ। ਇਸ ਨੇ ਉਸ ਦੀਆਂ ਬਸਤੀਆਂ ਤੋਂ ਅਤੇ ਵਿਦੇਸ਼ ਵਿਚ ਲਗੇ ਪੈਸੇ ਤੋਂ ਮਹਿਰੂਮ ਕਰ ਦਿੱਤਾ। ਉਸ ਨੂੰ ਆਪਣੀ 15 ਪ੍ਰਤੀਸ਼ਤ ਉਪਜਾਊ ਧਰਤੀ 12 ਪ੍ਰਤੀਸ਼ਤ ਪਸ਼ੂ ਅਤੇ 11 ਪ੍ਰਤੀਸ਼ਤ ਉਤਪਾਦਨ ਕਾਰਖਾਨੇ ਗਵਾਉਣੇ ਪਏ। ਉਸ ਦੀ ਨੇਵੀ ਖਤਮ ਕਰ ਦਿੱਤੀ ਗਈ ਅਤੇ ਫੌਜ ਘਟਾ ਕੇ ਫਰਾਂਸ ਦੇ 1/7 ਹਿੱਸੇ ਦੇ ਬਰਾਬਰ ਕਰ ਦਿੱਤੀ ਗਈ। ਉਹ ਕੁਦਰਤੀ ਖਣਿਜ ਪਦਾਰਥਾਂ ਜਿਵੇਂ ਕਿ ਪੋਟਾਸ਼, ਕੋਲਾ, ਜਿਸਤ ਅਤੇ ਸਿੱਕਾ ਆਦਿ ਵੀ ਗਵਾ ਬੈਠਾ। ਉਸ ਨੂੰ 2/5 ਕੋਲੇ ਦੇ ਭੰਡਾਰ, 2/3 ਕੱਚੇ ਲੋਹੇ ਦੇ ਭੰਡਾਰ, 7/10 ਜਿਸਤ ਦੇ ਭੰਡਾਰ, 1/12 ਸਿੱਕੇ ਦੇ ਭੰਡਾਰ ਮਿੱਤਰ ਦੇਸ਼ਾਂ ਦੇ ਹਵਾਲੇ ਕਰਨੇ

ਪਏ। ਉਹ ਜੰਗ ਤੋਂ ਪਹਿਲਾਂ ਦੇ ਉਦਯੋਗਿਕ ਅਤੇ ਵਪਾਰਿਕ ਕੇਂਦਰ ਤਬਾਹ ਕਰ ਦਿੱਤੇ ਗਏ ਅਤੇ ਉਸ ਦੀ ਆਰਥਿਕਤਾ ਨੂੰ ਤਹਿਸ ਨਹਿਸ ਕਰ ਦਿੱਤਾ ਗਿਆ।

## 2. ਸੈਂਟ ਜਰਮੇਨ ਦੀ ਆਸਟਰੀਆ ਨਾਲ ਸੰਧੀ (10 ਸਤੰਬਰ, 1919)

ਸੈਂਟ ਜਰਮੇਨ ਦੀ ਸੰਧੀ ਜੋ ਕਿ ਆਸਟਰੀਆ ਨਾਲ ਹੋਈ ਨੇ ਆਸਟਰੀਆ ਨੂੰ ਬਹੁਤ ਛੋਟਾ ਜਿਹਾ ਰਾਜ ਬਣਾ ਦਿੱਤਾ ਅਤੇ ਉਸ ਨੂੰ 1/3 ਜਰਮਨੀ ਬੋਲਣ ਵਾਲੀ ਵਸੋਂ ਤੋਂ ਵਾਂਝਿਆ ਕਰ ਦਿੱਤਾ ਗਿਆ। ਇਸ ਨਵੇਂ ਬਣੇ ਗਣਤੰਤਰ ਵਿਚ ਵਸੋਂ 28 ਮਿਲੀਅਨ ਤੋਂ ਘੱਟ ਕੇ ਸਿਰਫ 8 ਮਿਲੀਅਨ ਰਹਿ ਗਈ। ਇਸ ਸੰਧੀ ਦੀਆਂ ਧਾਰਾਵਾਂ ਹੇਠ ਲਿਖੇ ਅਨੁਸਾਰ ਹਨ :

1. ਦੱਖਣੀ ਟਾਈਰੋਲ (South Tyrol) ਅਤੇ ਜੂਲੀਅਨ ਮਾਰਚ (Julian March) ਇਟਲੀ ਦੇ ਹਵਾਲੇ ਕਰ ਦਿੱਤੇ ਗਏ। ਸਲੋਵੀਨੀਆ (Slovenia), ਬੋਸਨੀਆ (Bosnia), ਹਾਰਜ਼ੇਗੋਵੀਨਾ (Herzeogovina) ਅਤੇ ਦਾਲਮੇਸ਼ੀਆ (Dalmatia) ਯੋਗੋਸਲਾਵੀਆ ਨੂੰ ਦਿੱਤੇ ਗਏ। ਆਸਟਰੀਆ ਬੋਹੇਮੀਆ (Bohemia), ਮੂਰਾਵੀਆ (Moravia), ਅਤੇ ਸਿਲੇਸ਼ੀਆ (Silesia) ਚੈਕੋਸਲਵਾਕੀਆ ਦੇ ਵਿਚ ਸ਼ਾਮਲ ਕਰ ਦਿੱਤੇ ਗਏ। ਗੈਲੇਸ਼ੀਆ (Galacia), ਪੋਲੈਂਡ ਨੂੰ ਦੇ ਦਿੱਤਾ ਗਿਆ ਅਤੇ ਬੁਕੋਵੀਨਾ (Bukowina) ਰੂਮਾਨੀਆ ਵਿਚ ਮਿਲਾ ਦਿੱਤਾ ਗਿਆ। ਆਸਟਰੀਆ ਨੇ ਹੰਗਰੀ, ਚੈਕੋਸਲਵਾਕੀਆ, ਪੋਲੈਂਡ ਅਤੇ ਯੋਗੋਸਲਵਾਕੀਆ ਨੂੰ ਪੂਰਨ ਆਜ਼ਾਦੀ ਦੀ ਮਾਨਤਾ ਦੇ ਦਿੱਤੀ।
2. ਜਰਮਨੀ ਅਤੇ ਆਸਟਰੀਆ ਦੇ ਏਕੀਕਰਣ ਨੂੰ ਰੋਕ ਦਿੱਤਾ ਗਿਆ।
3. ਆਸਟਰੀਆ ਦੀ ਫੌਜ ਘਟਾ ਕੇ 30,000 ਕਰ ਦਿੱਤੀ ਗਈ। ਇਸ ਤੋਂ ਉਪਰੰਤ ਉਸ ਦੀਆਂ ਸਮੁੰਦਰੀ ਬੰਦਰਗਾਹਾਂ ਵੀ ਖੋਲ ਲਈਆਂ ਗਈਆਂ।
4. ਆਸਟਰੀਆ ਨੂੰ ਮੁਆਵਜ਼ੇ ਸੰਬੰਧੀ ਬਣਾਏ ਗਏ ਕਮਿਸ਼ਨ ਦੇ ਫੈਸਲੇ ਅਨੁਸਾਰ ਉਚਿਤ ਮੁਆਵਜ਼ਾ ਦੇਣਾ ਪਵੇਗਾ।

ਇਸ ਸਮੇਂ ਹੈਪਸਵਰਗ (Hapsburg) ਦਾ ਸਮਾਨਯੋਗ ਸਾਮਰਾਜ ਜਿਸ ਨੇ 28 ਮਿਲੀਅਨ ਲੋਕਾਂ ਅਤੇ 5 ਵੱਖ-ਵੱਖ ਜਾਤੀਆਂ ਦੇ ਉਪਜ ਰਾਜ ਕੀਤਾ ਸੀ, ਨੂੰ ਘਟਾ ਕੇ ਅੱਧ ਤੋਂ ਘੱਟ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਹ ਕੰਗਾਲ ਹੋ ਗਿਆ ਅਤੇ ਅੰਤ ਵਿਚ 1938 ਵਿਚ ਜਰਮਨੀ ਨੇ ਉਸ ਨੂੰ ਆਪਣੇ ਵਿਚ ਮਿਲਾ ਲਿਆ।

## 3. ਬੁਲਗਾਰੀਆ ਨਾਲ ਨਿਊਲੀ ਦੀ ਸੰਧੀ (27 ਨਵੰਬਰ, 1919)

ਇਸ ਸੰਧੀ ਰਾਹੀਂ ਬੁਲਗਾਰੀਆ ਨੂੰ ਪੱਛਮੀ ਥਰੇਸ (Thrace) ਗਗੋਸ ਨੂੰ ਛੋਟੇ ਇਲਾਕੇ ਸਰਬੀਆ ਨੂੰ ਦੇਣੇ ਪਏ। ਡੋਬਰੂਜਾ (Dobruja) ਦਾ ਇਲਾਕਾ ਰੂਮਾਨੀਆ ਕੋਲ ਰਿਹਾ।

ਬੁਲਗਾਰੀਆ ਦੀ ਫੌਜ਼ 20,000 ਨਿਸ਼ਚਿਤ ਕਰ ਦਿੱਤੀ ਗਈ।

ਬੁਲਗਾਰੀਆ ਨੂੰ ਯਥਾਯੋਗ ਮੁਆਵਜ਼ਾ ਦੇਣਾ ਪਵੇਗਾ।

## 4. ਹੰਗਰੀ ਨਾਲ ਟ੍ਰਾਇਨੋ ਦੀ ਸੰਧੀ (20 ਅਗਸਤ, 1920)

ਇਸ ਸੰਧੀ ਰਾਹੀਂ ਹੰਗਰੀ ਨੂੰ ਆਪਣਾ 2/3 ਜ਼ਮੀਨ ਦਾ ਇਲਾਕਾ ਗਵਾਉਣਾ ਪਿਆ। ਉਸ ਦੀ ਵਸੋਂ 21 ਮਿਲੀਅਨ ਕਰ ਦਿੱਤੀ ਗਈ। ਸਲੋਵਾਕੀਆ (Slovakia) ਅਤੇ ਲੂਥਨੀਆ (Luthenia) ਦੇ ਇਲਾਕੇ ਚੈਕੋਸਲਵਾਕੀਆ ਕੋਲ ਚਲੇ ਗਏ, ਟਰਾਂਸਿਲਵਾਨੀਆ (Transylavania) ਅਤੇ ਅੱਧਾ ਬਨਾਟ (Banat) ਰੂਮਾਨੀ ਨੂੰ ਪ੍ਰਾਪਤ ਹੋ ਗਿਆ। ਕਰੋਸ਼ੀਆ (Croatia) ਅਤੇ ਵੋਲਵੋਦੀਨ (Volaodina) ਯੋਗੋਸਲਾਵੀਆ ਨੂੰ ਦਿੱਤੇ ਗਏ। ਫਿਊਮ (Fiume) ਇਟਲੀ ਨੂੰ, ਉਤਰੀ

ਸਲੋਵਾਕੀਆ ਦਾ ਇਕ ਹਿੱਸਾ ਪੋਲੈਂਡ ਨੂੰ, ਬੂਰਜਿਨਲੈਂਡ (Burgenland) ਆਸਟਰੀਆ ਗਣਤੰਤਰ ਨੂੰ ਦੇ ਦਿੱਤਾ ਗਿਆ।

ਹੰਗਰੀ ਦੀ ਫੌਜ 35,000 ਨਿਸ਼ਚਿਤ ਕਰ ਦਿੱਤੀ ਗਈ।

ਇਸ ਦੇ ਉਪਰ ਲਗਾਇਆ ਜਾਣ ਵਾਲਾ ਮੁਆਵਜ਼ਾ ਦੇਣਾ ਪਵੇਗਾ।

### 5. ਤੁਰਕੀ ਨਾਲ ਸੇਵਰਜ਼ ਦੀ ਸੰਧੀ (10 ਅਗਸਤ, 1920)

10 ਅਗਸਤ, 1920 ਦੀ ਸੇਵਰਜ਼ ਦੀ ਸੰਧੀ ਅਨੁਸਾਰ ਤੁਰਕੀ ਨੂੰ ਥਰੇਸ ਅਤੇ ਸਮੁੰਦਰ ਵਿਚਲੇ ਸਮੁੰਦਰੀ ਟਾਪੂਆਂ ਨੂੰ ਗਰੀਕ ਦੇ ਹਵਾਲੇ ਕਰਨਾ ਪਿਆ। ਇਸ ਤੋਂ ਇਲਾਵਾ ਸਿਮਰਨਾ (Symrna) ਦਾ ਰਾਜ ਪ੍ਰਬੰਧ ਵੀ 5 ਸਾਲਾਂ ਵਾਸਤੇ ਗਰੀਕ ਨੂੰ ਦੇਣਾ ਪਿਆ। ਅਰੇਬੀਆ ਅਤੇ ਆਰਮੀਨੀਆ ਨੂੰ ਜਨਮਤ ਤੋਂ ਬਾਅਦ ਆਜ਼ਾਦੀ ਦੀ ਮਾਨਤਾ ਦੇਣੀ ਹੋਵੇਗੀ। ਸੀਰੀਆ ਅਤੇ ਮੈਸੋਪੋਟਾਮੀਆ ਉੱਪਰ ਰਾਸ਼ਟਰ ਸੰਘ ਵਲੋਂ ਅਧਿਕਾਰਤ ਰਾਜ ਹੋਏਗਾ। ਦਾਰਦੋਨਲਜ ਅਤੇ ਬੇ ਸਫੋਰਸ ਤੋਂ ਸੈਨਾਵਾਂ ਹਟਾ ਲਈਆਂ ਜਾਣਗੀਆਂ ਅਤੇ ਇਨ੍ਹਾਂ ਉੱਪਰ ਰਾਜ ਪ੍ਰਬੰਧ ਰਾਸ਼ਟਰ ਸੰਘ ਵਲੋਂ ਚਲਾਇਆ ਜਾਵੇਗਾ। ਇਟਲੀ ਕੋਲ ਰੋਡੇਸ (Rhodes) ਅਤੇ ਡੋਡੇਕੈਨੀਸ (Dodecanese) ਇਲਾਕਾ ਰਹੇਗਾ।

### 6. ਲੋਸੇਨ ਦੀ ਸੰਧੀ (24 ਜੁਲਾਈ, 1923)

ਸੇਵਰੇਜ਼ ਦੀ ਸੰਧੀ ਅਸਫ਼ਲ ਸਿੱਧ ਹੋਈ ਅਤੇ ਫਿਰ ਸੁਧਾਰੀ ਨਾ ਜਾ ਸਕੀ। ਮੁਸਤਫਾ ਕਮਾਲ ਪਾਸ਼ਾ (Mustafa Kamal Pasha) ਨੇ ਉਨ੍ਹਾਂ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਤੁਰਕੀ ਗਣਤੰਤਰ ਨਾਲ 25 ਜੁਲਾਈ, 1923 ਨੂੰ ਲੋਸੇਨ ਦੀ ਸੰਧੀ ਤੋਰੀ। ਇਸ ਸੰਧੀ ਰਾਹੀਂ ਤੁਰਕੀ ਨੇ ਉਨ੍ਹਾਂ ਸਾਰੇ ਇਲਾਕਿਆਂ ਤੇ ਅਧਿਕਾਰ ਛੱਡ ਦਿੱਤੇ ਜਿਥੋਂ ਤੁਰਕ ਨਹੀਂ ਰਹਿੰਦੇ ਸਨ। ਏਸ਼ੀਅਨ ਟਾਪੂਆਂ ਉਤੇ ਇਮਬੋਰਜ (Imbroj) ਅਤੇ ਟੈਨੀਡੋਸ (Tendedos) ਨੂੰ ਛੱਡ ਕੇ ਬਾਕੀਆਂ ਉੱਪਰ ਗਰੀਕ ਦੇ ਅਧਿਕਾਰ ਨੂੰ ਪੱਕਾ ਕਰ ਦਿੱਤਾ ਗਿਆ। ਸਾਈਪਰਸ (Cypurs) ਦੇ ਉੱਪਰ ਬਰਤਾਨੀਆਂ ਦੇ ਕਬਜ਼ੇ ਨੂੰ ਮੰਨ ਲਿਆ। ਬਾਸਫੋਰਸ (Bosphorus) ਅਤੇ ਤੁਰਕੀ ਵਿਚ ਦੋਹਾਂ ਪਾਸਿਆਂ ਤੋਂ ਵਸੋਂ ਦਾ ਆਦਾਨ ਪ੍ਰਦਾਨ ਹੋਇਆ।

### ਨਵੇਂ ਰਾਜ ਹੋਂਦ ਵਿਚ ਆਏ (Creative of New States)

ਉਪਰੋਕਤ ਸੰਧੀਆਂ ਦਾ ਇਕ ਬਹੁਤ ਹੀ ਮਹੱਤਵਪੂਰਣ ਅੰਗ ਇਹ ਸਾਹਮਣੇ ਆਇਆ ਕਿ ਜਰਮਨੀ, ਆਸਟਰੀਆ ਅਤੇ ਹੰਗਰੀ ਸਾਮਰਾਜਾਂ ਕੋਲੋਂ ਟੁਟੇ ਹੋਏ ਇਲਾਕਿਆਂ ਨਾਲ ਨਵੇਂ ਰਾਜ ਹੋਂਦ ਵਿਚ ਆਏ। ਇਨ੍ਹਾਂ ਸਭਨਾਂ ਵਿਚੋਂ ਮਹੱਤਵਪੂਰਣ ਪੋਲੈਂਡ ਦਾ ਪੁਨਰ ਜਨਮ ਸੀ। ਇਸ ਨੂੰ ਯੂਰਪ ਦੇ ਨਕਸ਼ੇ ਤੋਂ ਇਸ ਦੀਆਂ ਗੁਆਂਢੀ ਰਾਜਾਂ (States) ਨੇ 1772–93 ਵਿਚ ਖਤਮ ਕਰ ਦਿੱਤਾ ਸੀ। ਪੋਲੈਂਡ ਦਾ ਨਵਾਂ ਰਾਜ ਰੂਸੀ ਪੋਲੈਂਡ, ਪੋਸ਼ਨ, ਪੱਛਮੀ ਪਰੱਸੀਆ ਅਤੇ ਗਲੇਸ਼ੀਆ ਨੇ ਫੈਲਾਇਆ ਹੋਇਆ ਸੀ, ਜਿਹੜੇ ਇਲਾਕੇ ਰੂਸ, ਜਰਮਨੀ ਅਤੇ ਆਸਟਰੀਆ ਨੇ ਛੱਡੇ। ਉਸ ਨੂੰ ਸਮੁੰਦਰ ਨਾਲ ਵੀ ਜੋੜ ਦਿੱਤਾ ਗਿਆ ਅਤੇ ਡੈਨਜਿੰਗ ਦਾ ਸ਼ਹਿਰ ਨੂੰ ਸੁਤੰਤਰ ਘੋਸ਼ਿਤ ਕਰਕੇ ਉਸ ਨੂੰ ਬੰਦਰਗਾਹ ਮੁਹੱਈਆ ਕਰ ਦਿੱਤੀ ਗਈ। ਉਸ ਦੀ ਵਸੋਂ ਲਗਭਗ 28,000,000 ਸੀ।

ਇਕ ਹੋਰ ਮਹੱਤਵਪੂਰਣ ਰਾਜ ਜਿਸ ਨੂੰ ਹੋਂਦ ਵਿਚ ਲਿਆਂਦਾ ਗਿਆ ਉਹ ਚੈਕੋਸਲਵਾਕੀਆ ਗਣਤੰਤਰ ਰਾਜ ਸੀ। 30 ਸਾਲਾਂ ਜੰਗ ਵਿਚ ਜਦੋਂ ਇਹ ਗਰਕ ਹੋ ਗਿਆ ਸੀ ਤਾਂ ਇਸ ਦੀ ਚੈਕ ਅਤੇ ਜਰਮਨ ਵਸੋਂ ਨੇ ਇਹ ਬੋਹੀਮੀਆ ਰਾਜ ਦੀ ਨੀਂਹ ਰਖੀ ਸੀ। ਇਸ ਨਵੇਂ ਹੋਂਦ ਵਿਚ ਆਏ ਰਾਜ ਚੈਕੋਸਲਵਾਕੀਆ ਦੀ ਵਸੋਂ 13,000,000 ਤੋਂ ਉੱਪਰ ਸੀ ਪਰੰਤੂ ਇਸ ਚੈਕਸਲਵੋਕ, ਜਰਮਨ, ਮਗਿਆਰਜ, ਪੋਲਜ ਅਤੇ ਲਿਊਸ਼ੈਲੀ ਸ਼ਾਮਲ ਸਨ।

ਰੂਸ ਦੀ ਪੱਛਮੀ ਸਰਹੱਦ ਲਿਊਥੀਨੀਆ (Liuthania) ਗਣਤੰਤਰ, ਲਤਵੀਆ (Lativia) ਅਤੇ ਇਸੋਟੋਨੀਆ (Estonia) ਹੋਂਦ ਵਿਚ ਆਏ। ਬੋਲਸ਼ਵਿਕ ਕ੍ਰਾਂਤੀ (Bolshevik Revolution) ਤੋਂ ਪਹਿਲਾਂ ਇਸ ਸਾਰੇ ਇਲਾਕੇ ਤੇ ਰੂਸ ਦਾ ਦਬਦਬਾ ਸੀ।ਇਸ ਕ੍ਰਾਂਤੀ ਤੋਂ ਬਾਅਦ ਜਰਮਨੀ ਨੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਜੰਗ ਤੋਂ ਬਾਅਦ ਇਨ੍ਹਾਂ ਇਲਾਕਿਆਂ ਨੂੰ ਆਜ਼ਾਦੀ ਦੇ ਦਿੱਤੀ ਗਈ ਅਤੇ ਇਨ੍ਹਾਂ ਰਾਜਾਂ ਨੇ ਆਪਣਾ ਸੰਵਿਧਾਨ ਬਣਾਇਆ, ਜਿਸ ਦੀ ਰੂਪ ਰੇਖਾ ਗਣਤੰਤਰੀ ਸੀ।

## ਕੁਝ ਯੂਰਪੀ ਰਾਜਾਂ ਦਾ ਵਿਸਥਾਰ (Expansion of Some European States)

ਫਰਾਂਸ, ਇਟਲੀ, ਡੈਨਮਾਰਕ, ਬੈਲਜੀਅਮ, ਸਰਬੀਆ ਅਤੇ ਰੂਮਾਨੀਆਂ ਨੂੰ ਉਪਰੋਕਤ ਸੰਧੀਆਂ ਕਰਕੇ ਹੋਰ ਇਲਾਕਾ ਪ੍ਰਾਪਤ ਹੋ ਗਿਆ। ਫਰਾਂਸ ਨੇ ਅਲਸੇਸ ਅਤੇ ਲੋਰੇਨ ਦੇ ਇਲਾਕੇ ਜਿਹੜੇ ਕਿ ਪ੍ਰਸ਼ੀਆਂ ਨੇ 1871 ਵਿਚ ਉਸ ਤੋਂ ਖੋਹ ਲਏ ਸਨ, ਵਾਪਸ ਪ੍ਰਾਪਤ ਹੋ ਗਏ। ਡੈਨਮਾਰਕ ਨੂੰ ਸੇਲਜਵਿਗ ਦਾ ਇਲਾਕਾ ਜੋ ਪ੍ਰਸ਼ੀਆਂ ਨੇ 1871 ਵਿਚ ਉਸ ਤੋਂ ਖੋਹ ਲਿਆ ਸੀ, ਵਾਪਸ ਪ੍ਰਾਪਤ ਹੋ ਗਿਆ। ਬੈਲਜੀਅਮ ਦੇ ਰਾਜ ਦਾ ਵਿਸਥਾਰ ਯੂਪੈਨ-ਮਾਲਮੈਡੀ ਇਲਾਕਿਆਂ ਦੇ ਮਿਲਣ ਨਾਲ ਹੋਇਆ। ਸਰਬੀਆਂ ਨੂੰ ਕਰੋਸ਼ੀਆਂ, ਸਲੋਵੇਨੀਆਂ, ਡਾਲਮੇਸ਼ੀਆਂ **(Dalamatia)** ਬੋਸਨੀਆ ਅਤੇ ਹਰਜ਼ੇਗੋਵੀਨਾਂ ਦੇ ਇਲਾਕੇ ਪ੍ਰਾਪਤ ਹੋਏ। ਉਸ ਨੇ ਆਪਣੇ ਆਪ ਨੂੰ ਨਵਾਂ ਨਾਮ 'ਯੋਗੋਸਲਾਵੀਆਂ' ਦਾ ਨਾਂ ਦਿੱਤਾ, ਜਿਸ ਦੀ ਆਬਾਦੀ 13,5000,000 ਦੇ ਲਗਭਗ ਸੀ, ਵਿਚ ਪੰਜ ਲੱਖ ਲੋਕ ਜਰਮਨ ਅਤੇ ਮਗਿਆਰ ਜਾਤੀਆਂ ਦੇ ਸਨ। ਰੁਮਾਨੀਆਂ ਨੇ ਟ੍ਰਾਂਸਲੀਏਨੀਆਂ ਅਤੇ ਸਰਬੀਆ ਦੇ ਇਲਾਕੇ ਜਿਹੜੇ ਕਿ ਕ੍ਰਮਵਾਰ ਹੰਗਰੀ ਅਤੇ ਰੂਸ ਨੇ ਛੱਡੇ ਸਨ, ਦਿੱਤੇ ਗਏ। ਨਤੀਜੇ ਵਜੋਂ ਉਸ ਦੀ ਆਬਾਦੀ ਵੱਧ ਕੇ 16 ਮਿਲੀਅਨ ਹੋ ਗਈ, ਜਿਸ ਵਿਚ 1 ਮਿਲੀਅਨ ਮਗਿਆਰ ਅਤੇ 3/4 ਮਿਲੀਅਨ ਜਰਮਨ ਸ਼ਾਮਲ ਸਨ।

## ਅਲਪ ਸੰਖਿਅਕਾਂ ਦੇ ਹੱਕਾਂ ਦੀ ਰੱਖਿਆ (Protection of Minority Rights)

ਨਵੇਂ ਹੋਂਦ ਵਿਚ ਆਏ ਰਾਜ ਜਿਵੇਂ ਕਿ ਚੈਕੋਸਲਵਾਕੀਆਂ, ਪੋਲੈਂਡ, ਯੋਗੋਸਲਵਾਕੀਆਂ, ਰੁਮਾਨੀਆਂ, ਗਰੀਕ ਆਦਿ ਇਨ੍ਹਾਂ ਨੂੰ ਬਹੁਤ ਇਲਾਕੇ ਪ੍ਰਾਪਤ ਹੋਏ ਸਨ ਨੂੰ, ਮਿੱਤਰ ਦੇਸ਼ਾਂ ਅਤੇ ਉਨ੍ਹਾਂ ਦੇ ਸਹਿਯੋਗੀ-ਤਾਕਤਾਂ ਨਾਲ ਇਹ ਸੰਧੀ ਕਰਨ ਲਈ ਕਿਹਾ ਗਿਆ ਕਿ ਉਹ ਵੱਖ-ਵੱਖ ਧਰਮਾਂ, ਬੋਲੀਆਂ ਅਤੇ ਜਾਤੀਆਂ ਦੇ ਲੋਕਾਂ ਦੀ ਪੂਰੀ-ਪੂਰੀ ਰੱਖਿਆ ਕਰਨਗੇ ਅਤੇ ਉਨ੍ਹਾਂ ਨੂੰ ਸਿਆਸੀ ਧਾਰਮਿਕ ਹੱਕ ਉਪਲਬਧ ਕਰਾਏ ਜਾਣਗੇ। ਅਲਪ ਸੰਖਿਅਕਾਂ ਨੂੰ ਆਪਣੀ ਭਾਸ਼ਾ, ਅਦਾਲਤਾਂ ਅਤੇ ਹੋਰ ਸਰਕਾਰੀ ਅਦਾਰਿਆ ਵਿਚ ਵਰਤਣ ਦੀ ਪੂਰੀ-ਪੂਰੀ ਆਜ਼ਾਦੀ ਹੋਵੇਗੀ। ਸਾਰੀਆਂ ਸ਼ਰਤਾਂ ਆਸਟਰੀਆ, ਬੁਲਗਾਰੀਆਂ ਅਤੇ ਤੁਰਕੀ ਨਾਲ ਕੀਤੀਆਂ ਹੋਈਆ ਸੰਧੀਆ ਵਿਚ ਹੀ ਕਹੀਆ ਗਈਆਂ। ਪ੍ਰੰਤੂ ਇਹ ਇਕ ਅਫ਼ਸੋਸ ਦੀ ਗੱਲ ਹੈ ਕਿ ਅਲਪ ਸੰਖਿਅਕਾਂ ਨੂੰ ਦਿੱਤੀਆਂ ਗਈਆਂ ਸਹੂਲਤਾ ਨੂੰ ਕਦੀ ਵੀ ਸਹੀ ਅਰਥਾਂ ਵਿਚ ਪੂਰਾ ਨਹੀਂ ਕੀਤਾ ਗਿਆ।

## ਰਾਸ਼ਟਰ ਸੰਘ ਦਾ ਇਕਰਾਰਨਾਮਾ (Convent of the League of Nations)

ਹਰ ਸ਼ਾਂਤੀ ਦਾ ਇਹ ਸਭ ਤੋਂ ਜ਼ਰੂਰੀ ਅੰਗ ਸੀ। ਰਾਸ਼ਟਰਪਤੀ ਵਿਲਸਨ ਨੇ ਇਸ ਦਾ ਪਹਿਲਾ ਖਰੜਾ ਤਿਆਰ ਕੀਤਾ। ਇਹ ਮਿੱਤਰ ਦੇਸ਼ਾਂ, ਦੁਸ਼ਮਣ ਦੇਸ਼ਾਂ ਅਤੇ ਨਿਰਪੱਖ ਦੇਸ਼ਾਂ ਭਾਵ ਸਭ ਵਾਸਤੇ ਸੀ। ਇਹ ਪੈਰਿਸ ਦੀ ਸ਼ਾਂਤੀ ਵਿਵਸਥਾ ਵਿਚ ਤਾਣੇ ਪੇਟੇ ਦੀ ਤਰ੍ਹਾਂ ਉਣਿਆ ਹੋਇਆ ਸੀ। ਜੰਗ ਨੂੰ ਖਤਮ ਕਰਨ ਲਈ ਇਹ ਰਸਤਾ 26 ਧਾਰਾਵਾਂ ਰਾਹੀਂ ਲਾਗੂ ਕੀਤਾ ਗਿਆ ਜਿਹੜਾ ਕਿ ਰਾਸ਼ਟਰ ਸੰਘ ਦਾ ਸੰਵਿਧਾਨ ਕਿਹਾ ਜਾ ਸਕਦਾ ਹੈ।

ਇਸ ਨੇ ਸੰਵਿਧਾਨ ਦੇ ਹੇਠ ਲਿਖੇ ਸੰਘ ਦੇ ਅੰਗ ਸਥਾਪਤ ਕੀਤੇ।

1. ਜਨੇਵਾ ਦੇ ਵਿਚ ਪੱਕਾ ਸਕੱਤਰੇਤ।
2. ਅਸੈਂਬਲੀ ਦੇ ਸਾਰੇ ਮੈਂਬਰਾਂ ਦੀ ਸਾਲ ਦੇ ਵਿਚ ਇਕ ਵਾਰੀ ਮੀਟਿੰਗ ਜਨੇਵਾ ਵਿਖੇ ਜ਼ਰੂਰੀ ਹੋਵੇਗੀ।
3. ਇਸ ਦੀ ਕੌਂਸਿਲ ਵਿਚ ਪੰਜ ਵੱਡੇ ਮਿੱਤਰ ਦੇਸ਼ ਅਮਰੀਕਾ, ਬਰਤਾਨੀਆਂ, ਫਰਾਂਸ, ਇਟਲੀ ਅਤੇ ਜਾਪਾਨ ਤੋਂ ਇਲਾਵਾ ਚਾਰ ਹੋਰ ਮੈਂਬਰ ਹੋਣਗੇ, ਜਿਨ੍ਹਾਂ ਨੂੰ ਅਸੈਂਬਲੀ ਸਮੇਂ ਸਮੇਂ ਚੁਣਦੀ ਰਹੇਗੀ। ਇਨ੍ਹਾਂ ਸਾਰਿਆਂ ਨੇ ਸਰਬ ਸੰਮਤੀ ਨਾਲ ਹੀ ਫੈਸਲੇ ਲੈਣੇ ਹਨ।
4. ਅੰਤਰ-ਰਾਸ਼ਟਰੀ ਇਨਸਾਫ ਦੇ ਲਈ ਇਕ ਪੱਕੀ ਅਦਾਲਤ ਜੱਜ ਸਮੇਤ ਸਥਾਪਿਤ ਕੀਤੀ ਗਈ ਸੀ।

ਇਸ ਸੰਘ ਦੇ ਸਾਰੇ ਮੈਂਬਰ ਇਸ ਗੱਲ ਤੇ ਸਹਿਮਤ ਹੋ ਗਏ ਕਿ ਉਹ ਮੌਜੂਦਾ ਰਾਜਨੀਤਿਕ ਆਜ਼ਾਦੀ ਲਈ ਛੋਟੇ ਅਤੇ ਵੱਡੇ ਹਰ ਤਰ੍ਹਾਂ ਦੇ ਰਾਜ ਨੂੰ ਬਾਹਰਲੇ ਹਮਲੇ ਤੋਂ ਬਚਾਉਣਗੇ। ਉਨ੍ਹਾਂ ਨੇ ਇਹ ਵੀ ਵਾਅਦਾ ਕੀਤਾ ਕਿ ਹਰ ਤਰ੍ਹਾਂ ਦੇ ਆਪਸੀ ਝਗੜੇ ਨੂੰ ਬੈਠ ਕੇ ਨਿਪਟਾਇਆ ਜਾਵੇ ਜਾਂ ਉਸ ਲਈ ਜਾਂਚ ਕਮੇਟੀ ਬਣਾਈ ਜਾਵੇ ਨਾ ਕਿ ਜੰਗ ਕਰ ਦਿੱਤੀ ਜਾਵੇ। ਕੋਈ ਵੀ ਮੈਂਬਰ ਜਿਹੜਾ ਨੈਤਿਕਤਾ ਦੇ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰੇਗਾ ਜਾਂ ਇਸ ਦੇ ਸੰਵਿਧਾਨ ਦੀ ਉਲੰਘਣਾ ਕਰਦੇ ਹੋਏ ਜੰਗ ਵੱਲ ਨੂੰ ਅਗਰਸਰ ਹੋਵੇਗਾ ਤਾਂ ਉਸ ਨੂੰ ਇਸ ਤੋਂ ਵੱਖ ਕਰ ਦਿੱਤਾ ਜਾਵੇਗਾ। ਅਜਿਹੀ ਹਾਲਤ ਵਿਚ ਸੰਘ ਦੀ ਕੌਂਸਿਲ ਉਸ ਮੁਲਕ ਦੇ ਖਿਲਾਫ਼ ਫੌਜੀ ਕਾਰਵਾਈ ਕਰਨ ਦਾ ਵੀ ਨਿਰਣਾ ਲੈ ਸਕਦੀ ਹੈ। ਕੌਂਸਿਲ ਕਿਸੀ ਵੀ ਸਾਂਝੇ ਕੰਮ ਲਈ ਜਾਂ ਕਿਸੀ ਜੰਗ ਜਾਂ ਕਿਸੀ ਬਾਹਰਲੀ ਤਾਕਤ ਵਲੋਂ ਸੰਘ ਦੇ ਕਿਸੀ ਮੈਂਬਰ ਦੇਸ਼ ਦੇ ਪ੍ਰਤਿ ਜੰਗ ਦੇ ਫੈਸਲੇ ਲਈ ਤੁਰੰਤ ਬੁਲਾਈ ਜਾ ਸਕਦੀ ਹੈ। ਸੰਘ ਦੇ ਸਥਾਪਿਤ ਹੋਣ ਤੋਂ ਬਾਅਦ ਜਿੰਨੀਆਂ ਵੀ ਸੰਧੀਆਂ ਹੋਣਗੀਆਂ ਉਹ ਇਸ ਦੇ ਸਕੱਤਰੇਤ ਵਿਚ ਦਰਜ ਹੋਣਗੀਆਂ ਅਤੇ ਛਾਪੀਆਂ ਜਾਣਗੀਆਂ। ਇਸ ਦੇ ਸਾਰੇ ਮੈਂਬਰ ਇਸ ਪ੍ਰਤੀ ਸਹਿਮਤ ਹੋ ਗਏ ਕਿ ਹਥਿਆਰਾਂ ਦਾ ਜਮ੍ਹਾਂ ਕਰਨਾ ਘਟਾਇਆ ਜਾਵੇ ਅਤੇ ਹਥਿਆਰ ਸਿਰਫ਼ ਉਨੇ ਹੀ ਰੱਖੇ ਜਾਣ ਜਿੰਨੇ ਕੁ ਕੌਮੀ ਸੁਰੱਖਿਆ ਕਾਇਮ ਰੱਖਣ ਲਈ ਜ਼ਰੂਰੀ ਹੋਣ। ਕੌਂਸਿਲ ਕਿਸੀ ਪ੍ਰਾਈਵੇਟ ਸੰਸਥਾਂ ਨੂੰ ਗੋਲਾ ਬਾਰੂਦ ਬਣਾਉਣ ਤੋਂ ਰੋਕ ਸਕਦੀ ਸੀ ਅਤੇ ਇਨ੍ਹਾਂ ਨੂੰ ਜੰਗ ਵਿਚ ਵਰਤਣ ਤੋਂ ਵੀ ਰੋਕ ਸਕਦੀ ਸੀ। ਸੰਘ ਨੂੰ ਕਈ ਖ਼ਾਸ ਇਲਾਕਿਆਂ ਤੇ ਰਾਜ ਪ੍ਰਬੰਧ ਵੀ ਸੌਂਪਿਆ ਗਿਆ ਅਤੇ ਕਈ ਝਗੜੇ ਵਾਲੇ ਇਲਾਕਿਆਂ ਦੇ ਜਨਮਤ ਕਰਾਉਣ ਦਾ ਕੰਮ ਵੀ ਇਸ ਨੂੰ ਦਿੱਤਾ ਗਿਆ। ਅਮਰੀਕਾ ਤੋਂ ਬਿਨਾਂ ਸਾਰੇ ਦੇਸ਼ਾ ਨੇ ਜਨਵਰੀ, 1920 ਵਿਚ ਪੈਰਿਸ ਵਿਖੇ ਇਸ ਇਕਰਾਰਨਾਮੇ ਦੀ ਪ੍ਰੋੜ੍ਹਤਾ ਕੀਤੀ।

## ਆਲੋਚਨਾ

ਇਹ ਸਪਸ਼ਟ ਹੈ ਕਿ ਇਹ ਸ਼ਾਂਤੀ ਸੰਧੀਆਂ ਬਹੁਤ ਹੀ ਕਠੋਰ ਸਨ। ਪੈਰਿਸ ਦੀ ਸ਼ਾਂਤੀ ਵਾਰਤਾ ਖ਼ਾਸ ਤੌਰ ਤੇ ਜੇਤੂਆਂ ਵਲੋਂ ਹਾਰਿਆ ਨੂੰ ਆਦੇਸ਼ ਸਨ ਅਤੇ ਖ਼ਾਸ ਤੌਰ ਤੇ ਜਰਮਨੀ ਅਤੇ ਉਸ ਦੇ ਸਹਿਯੋਗੀਆਂ ਪ੍ਰਤੀ ਖੂਨ ਦੇ ਨਾਲ ਲਿਖੀਆਂ ਹੋਈਆ ਸਨ। ਜਿੱਤੇ ਹੋਇਆਂ ਦਾ ਵਤੀਰਾ ਉਸ ਸਮੇਂ ਬਹੁਤ ਹੀ ਸਖਤ ਸੀ ਜਿਵੇ ਕਿ ਲਾਇਡ ਜਾਰਜ ਨੇ ਜਰਮਨੀ ਦੇ ਨੁਮਾਇੰਦਿਆਂ ਨੂੰ ਬਹੁਤ ਹੀ ਕਠੋਰ ਸ਼ਬਦਾਂ ਵਿਚ ਕਿਹਾ, "ਸ੍ਰੀ ਮਾਨ ਜੀ, ਇਥੇ ਤੁਹਾਨੂੰ ਦਸਤਖਤ ਕਰਨੇ ਹੀ ਪੈਣਗੇ, ਜੇਕਰ ਤੁਸੀਂ ਇਥੇ ਵਰਸਾਇ ਵਿਚ ਨਹੀਂ ਕਰੋਗੇ ਤਾਂ ਤੁਹਾਨੂੰ ਬਰਲਿਨ ਵਿਚ ਕਰਨੇ ਪੈਣਗੇ।" ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਇਹ ਸੰਧੀਆਂ ਬਹੁਤ ਦਬਾਅ ਅਧੀਨ ਕੀਤੀਆਂ

ਗਈਆਂ। ਬਹੁਤ ਹੀ ਗਰਮ ਮਾਹੌਲ ਵਿਚ ਹੋਈਆਂ। ਕਿਸੇ ਵੀ ਮਿੱਤਰ ਦੇਸ਼ ਦਾ ਨੀਤੀਵਾਨ ਉਸ ਖਿਚਾਅ ਭਰੇ ਮਾਹੌਲ ਵਿਚ ਖੁਲ੍ਹੇ ਦਿਲ ਅਤੇ ਨਰਮ ਵਤੀਰੇ ਵਾਲਾ ਬਣਨ ਨੂੰ ਤਿਆਰ ਨਹੀਂ ਸੀ।

ਜਿਸ ਸਮੇਂ ਇਹ ਸੰਧੀਆਂ ਕੀਤੀਆਂ ਗਈਆਂ ਉਸ ਸਮੇਂ ਲੋਕਾਂ ਦੇ ਮਨੋਵੇਗ ਬਹੁਤ ਪ੍ਰਬਲ ਸਨ ਅਤੇ ਜੰਗ ਦਾ ਪ੍ਰਚਾਰ ਉਸ ਦੀ ਤਬਾਹੀ, ਉਸ ਦੇ ਦੁਖਾਂਤ ਅਜੇ ਸਾਹਮਣੇ ਸਨ। ਇਹ ਹੋਰ ਵੀ ਬਦਕਿਸਮਤੀ ਦੀ ਗੱਲ ਸੀ ਕਿ ਕਾਨਫਰੰਸ ਉਸ ਰਾਜਧਾਨੀ ਵਿਚ ਰੱਖੀ ਗਈ, ਜਿਹੜੀ ਕਿ ਜੰਗ ਦੇ ਦੁਖਾਂਤ ਅਤੇ ਬੰਬਾਂ ਦੀ ਧਮਕ ਨਾਲ ਕੰਬੀ ਹੋਈ ਸੀ ਅਤੇ ਇਸ ਤਰ੍ਹਾਂ ਦੇ ਬਲਦੇ ਸੜਦੇ ਮਾਹੌਲ ਵਿਚ ਸ਼ਾਂਤੀ ਸਥਾਪਤ ਕਰਨ ਵਾਲਿਆਂ ਨੂੰ ਬਦਲਾ ਲੈਣ ਵਾਲਿਆਂ ਦੇ ਵਿਰੁੱਧ ਇਕ ਅਸਮਾਨਤਾ ਵਾਲੀ ਜੰਗ ਲੜਨੀ ਪਈ। ਰਾਸ਼ਟਰਪਤੀ ਵੂਡਰੋ ਵਿਲਸਨ ਨੇ ਜਿਹੜੇ 14 ਨੁਕਤੇ ਸ਼ਾਂਤੀ ਲਈ ਨਹੀ ਪ੍ਰਸਤਾਵ ਵਜੋਂ ਰੱਖੇ ਸਨ ਅਤੇ ਸ਼ਾਂਤੀ ਸਥਾਪਿਤ ਕਰਨ ਲਈ ਜੋ ਸ਼ਰਤਾ ਰੱਖੀਆਂ ਗਈਆਂ, ਉਨ੍ਹਾਂ ਦਾ ਆਪਸੀ ਮਤਭੇਦ ਸੀ। ਉਸ ਦੇ 14 ਨੁਕਤੇ ਵੱਡੀਆਂ ਮਾਯੂਸੀਆਂ ਬਣ ਗਈਆਂ। ਜਰਮਨੀ ਨੂੰ ਸ਼ਸਤ੍ਰਹੀਨ ਕਰ ਦਿੱਤਾ ਗਿਆ, ਉਸ ਦੇ ਇਲਾਕੇ ਖੋਹ ਲਏ ਗਏ ਅਤੇ ਉਸ ਨੂੰ ਬੇਕਾਰ ਦੀ ਅਵਸਥਾਂ ਪਹੁੰਚਾ ਦਿੱਤਾ। ਜਰਮਨੀ ਨੂੰ ਉਸ ਦੇ ਦੋ ਸ਼ਹਿਰਾਂ ਡੈਨਜ਼ਿੰਗ ਅਤੇ ਮੀਮਲ ਤੋਂ ਵਾਂਝਿਆ ਕਰ ਦਿੱਤਾ ਗਿਆ। ਪੋਲੈਂਡ ਨੂੰ ਜੋ ਰਾਹਦਾਰੀ ਦਿੱਤੀ ਗਈ ਉਸ ਨੇ ਜਰਮਨੀ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਹ ਸਮਝੌਤਾ ਸ਼ਾਤੀ ਲਈ ਘੱਟ ਅਤੇ ਬਦਲੇ ਦੀ ਭਾਵਨਾ ਨਾਲ ਜ਼ਿਆਦਾ ਭਰਪੂਰ ਸੀ। ਲੱਖਾਂ ਹੀ ਜਰਮਨੀ ਅਤੇ ਮਗਿਆਰਜ਼ ਨੂੰ ਉਨ੍ਹਾਂ ਦੀ ਪਿਤਰੀ ਭੂਮੀ ਤੋਂ ਨਿਖੇੜ ਦਿੱਤਾ ਗਿਆ। ਅਲਪ ਸੰਖਿਅਕਾਂ ਨੂੰ ਕੁਰਬਾਨ ਕਰ ਦਿੱਤਾ ਗਿਆ। ਪੰਜ ਨਵੇਂ ਰਾਜ ਜਿਨ੍ਹਾਂ ਦੀ ਸਥਿਰਤਾ ਬਾਰੇ ਅੱਜ ਸ਼ੱਕ ਹੀ ਸੀ, ਨਾ ਕੇਵਲ ਹੋਂਦ ਵਿਚ ਹੀ ਲਿਆਂਦੇ ਗਏ ਬਲਕਿ ਉਨ੍ਹਾਂ ਨੂੰ ਬਹੁਤ ਇਲਾਕਾਂ ਅਤੇ ਆਬਾਦੀਆਂ ਵੀ ਮਿਲੀਆਂ। ਸਾਰੇ ਯੂਰਪ ਦਾ ਢਾਂਚਾ ਵਿਗਾੜ ਕੇ ਰੱਖ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ 2,30,000 ਜਰਮਨ ਅਤੇ 1,30,00 ਯੋਗਲਾਵਾ ਇਟਲੀ ਦੇ ਰਾਜ ਅਧੀਨ ਹੋ ਗਏ।

ਇਲਾਕਿਆਂ ਦੀ ਨਵੀਂ ਹੱਦਬੰਦੀ ਨੇ ਆਰਥਿਕ ਪੱਖ ਤੋਂ ਵੀ ਬਹੁਤ ਵੱਡਾ ਨੁਕਸਾਨ ਪਹੁੰਚਾਇਆ। ਇਨ੍ਹਾਂ ਖੇਤਰਾਂ ਵਿਚ ਨਵੇਂ ਲਗਾਏ ਗਏ ਬੈਰੀਅਰਜ਼ ਨੇ ਨਾ ਕੇਵਲ ਆਰਥਿਕਤਾ ਤੇ ਸੱਟ ਮਾਰੀ ਬਲਕਿ ਸਿਆਸੀ ਅਸਥਿਰਤਾ ਵੀ ਪੈਦਾ ਕਰ ਦਿੱਤੀ। ਜੰਗੀ ਕਰਜ਼ੇ, ਮੁਆਵਜ਼ੇ, ਕੌਮੀ ਵਧਦੇ ਹੋਏ ਖਰਚੇ, ਜ਼ਰੂਰਤ ਤੋਂ ਜ਼ਿਆਦਾ ਉਤਪਾਦਨ, ਸੋਨੇ ਦੀ ਜਮ੍ਹਾਂ ਖੋਰੀ ਨੇ ਸਾਰੀ ਦੁਨੀਆਂ ਅਤੇ ਖ਼ਾਸ ਤੌਰ ਤੇ ਯੂਰਪ ਨੂੰ ਦਿਵਾਲੀਆਂ ਹੋਣ ਦੇ ਕੰਢੇ ਤੇ ਲੈ ਆਂਦਾ। 1919 ਦੇ ਸਿਆਸਤਦਾਨ ਪੁਰਾਣਿਆ ਤਰੀਕਿਆਂ ਵਿਚ ਹੀ ਫਸੇ ਰਹੇ ਅਤੇ ਸਮੇਂ ਸਮੇਂ ਦੇ ਮੁਤਾਬਿਕ ਆਪਣੇ ਆਪ ਨੂੰ ਨਾ ਢਾਲ ਸਕੇ। ਮਨੁੱਖੀ ਸੁਭਾਅ ਨੇ ਉਨ੍ਹਾਂ ਨੂੰ ਇਕ ਵਾਰੀ ਫਿਰ ਹਰਾ ਦਿੱਤਾ। ਉਨ੍ਹਾਂ ਨੇ ਆਪਣੀ ਕਰਨੀ ਨਾਲ ਇਕ ਹੋਰ ਵੱਡੇ ਘਲੂਘਾਰੇ ਦੇ ਬੀਜ ਬੋ ਦਿੱਤੇ ਜਿਹੜੇ ਕਿ 20 ਸਾਲਾ ਬਾਅਦ ਫਿਰ ਦੁਨੀਆਂ ਨੇ ਉਗਦੇ ਵੇਖੇ। ਯੂਰਪ ਨੂੰ ਜਮਹੂਰੀਅਤ ਲਈ ਸੁਰੱਖਿਅਤ ਨਾ ਰੱਖਿਆ ਜਾ ਸਕਿਆ। ਜਿੱਤ ਦੀ ਸ਼ਾਨਦਾਰ ਚਮਕ ਜਲਦੀ ਹੀ ਦੁੱਖ ਦਰਦ ਅਤੇ ਉਪਰਾਮਤਾ ਦੇ ਕੋਰੇ ਨਾਲ ਢੱਕੀ ਗਈ। ਇਸ ਗੱਲ ਨੂੰ ਜੇਤੂ ਵੀ ਜਾਣਦੇ ਸਨ। ਲਾਇਡ ਜਾਰਜ ਨੇ ਤਸਲੀਮ ਕੀਤਾ ਕਿ ਮਿੱਤਰ ਦੇਸ਼ ਆਉਣ ਵਾਲੇ ਸਮੇਂ ਦੇ ਲਈ ਨਫ਼ਰਤ ਬੀਜ ਰਹੇ ਹਨ ਅਤੇ ਇਹ ਸਿਰਫ਼ ਜਰਮਨੀ ਵਾਸਤੇ ਹੀ ਮੁਸ਼ਕਲਾਂ ਨਹੀਂ ਪੈਦਾ ਕਰ ਰਹੇ ਬਲਕਿ ਆਪਣੇ ਆਪ ਲਈ ਵੀ ਕਰ ਰਹੇ ਹਨ। ਇਸੀ ਤਰ੍ਹਾਂ ਮਾਰਸ਼ਲ ਫੋਰਚ **(Marshal Forch)** ਨੇ ਭਵਿੱਖ ਬਾਣੀ ਕਰਦਿਆਂ ਕਿਹਾ ਕਿ ਇਹ ਕੋਈ ਸ਼ਾਤੀ ਨਹੀਂ ਹੈ ਬਲਕਿ 20 ਸਾਲਾ ਲਈ ਆਰਜ਼ੀ ਜੰਗਬੰਦੀ ਹੈ।

ਭਾਵੇਂ ਇਹ ਸੰਧੀਆਂ ਬਿਨਾਂ ਕਿਸੇ ਸ਼ੱਕ ਦੇ ਬਹੁਤ ਸਖਤ ਸਨ ਅਤੇ ਇਨ੍ਹਾਂ ਨੇ ਆਉਣ ਵਾਲੇ ਸਮੇਂ ਉਪਰ ਆਪਣੇ ਪ੍ਰਭਾਵ ਵੀ ਛੱਡੇ ਪਰੰਤੂ ਉਸ ਸਮੇਂ ਦੇ ਹਾਲਾਤ ਨੂੰ ਮੁੱਖ ਰੱਖ ਕੇ ਦੇਖਦਿਆਂ

ਇਨ੍ਹਾਂ ਸ਼ਰਤਾਂ ਦੀ ਵਕਾਲਤ ਵੀ ਕੀਤੀ ਜਾ ਸਕਦੀ ਹੈ। ਉਸ ਸਮੇਂ ਕੌਮੀਵਾਦੀ ਅਤੇ ਜਮਹੂਰੀਅਤ ਦਾ ਬੋਲਬਾਲਾ ਹੋ ਰਿਹਾ ਸੀ ਅਤੇ ਸ਼ਾਂਤੀ ਸਥਾਪਿਤ ਕਰਨ ਵਾਲੇ ਇਸ ਨੂੰ ਅੱਖੋਂ ਪਰੋਖੇ ਕਰ ਸਕਦੇ ਸੀ। ਇਲਾਕਿਆਂ ਦੀ ਵੰਡ ਬਾਰੇ ਜੋ ਸਮਝੌਤੇ ਹੋਏ ਉਹ ਬੁਨਿਆਦੀ ਤੌਰ ਤੇ ਜਾਤੀ ਪੱਖ ਨੂੰ ਪੂਰਦੇ ਸਨ ਭਾਵੇਂ ਇਹ ਸਾਰੇ ਅਸੂਲ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੇ ਗਏ। ਮਿਸਾਲ ਦੇ ਤੌਰ ਤੇ ਇਟਲੀ ਨੇ ਦੱਖਣੀ ਟਾਇਰੋਲ ਨੂੰ ਕਬਜ਼ੇ ਵਿਚ ਕਰ ਲਿਆ ਜਿਸ ਦੀ ਆਬਾਦੀ ਕੁਆਟਰ ਮਿਲੀਅਨ ਜਰਮਨਾਂ ਦੀ ਸੀ। ਕਈ ਵਾਰ ਇਤਿਹਾਸਕ ਪਿਛੋਕੜ, ਆਰਥਿਕ ਕਾਰਨ ਅਤੇ ਹੋਰ ਪੱਖ ਵੀ ਆਪਣਾ ਪ੍ਰਭਾਵ ਪਾ ਰਹੇ ਹੁੰਦੇ ਹਨ ਅਤੇ ਇਥੇ ਇਹੋ ਕੁਝ ਵਾਪਰਿਆ।

ਇਨ੍ਹਾਂ ਸੰਧੀਆਂ ਦੇ ਵਿਚ ਕੁਝ ਗੁਣ ਵੀ ਸਨ। ਇਸ ਨੇ ਯੂਰਪ ਦੇ ਰਾਜ ਪ੍ਰਬੰਧ ਪ੍ਰਤਿ ਕੌਮੀਅਤ ਦੇ ਨਿਯਮ ਨੂੰ ਸਪੱਸ਼ਟ ਕੀਤਾ ਅਤੇ ਨਿਸ਼ਤ੍ਰੀਕਰਨ ਦੇ ਨਿਯਮ ਨੂੰ ਵੀ ਉਤਸ਼ਾਹਤ ਕੀਤਾ। 1928 ਵਿਚ 43 ਦੇਸ਼ਾਂ ਰਾਹੀਂ ਕਿਲੋਗ ਬਰੈਂਡ ਪੈਕਟ **(Kellog Briand Pact)** ਤੇ ਦਸਤਖਤ ਕਰਕੇ ਜੰਗ ਨਾ ਕਰਨ ਦਾ ਪ੍ਰਣ ਕੀਤਾ। ਰਾਸ਼ਟਰ ਸੰਘ ਦੀ ਸਥਾਪਨਾ ਨਾਲ ਜੰਗ ਨੂੰ ਖਤਮ ਕਰਨ ਦਾ ਕਈਆਂ ਦਾ ਸੁਪਨਾ ਪੂਰਾ ਹੁੰਦਾ ਨਜ਼ਰ ਆਇਆ। 53 ਦੇਸ਼ਾ ਨੇ ਰਾਸ਼ਟਰ ਸੰਘ ਦੇ ਤਹਿਤ ਅੰਤਰ-ਰਾਸ਼ਟਰੀ ਸਦਭਾਵਨਾ, ਮਿਲਵਰਤਨ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਦਾ ਪ੍ਰਣ ਕੀਤਾ। ਪ੍ਰੰਤੂ ਇਹ ਸੰਘ ਅਮਰੀਕਾ, ਰੂਸ, ਜਰਮਨੀ ਅਤੇ ਜਾਪਾਨ ਦੀ ਮੈਂਬਰਸ਼ਿਪ ਤੋਂ ਬਿਨਾਂ ਅਤੇ ਬਿਨਾਂ ਕਿਸੇ ਕਿਸਮ ਦੀਆਂ ਫੌਜਾਂ ਤੋਂ ਇਸ ਦੀ ਸਮਰਥਾ ਘੱਟ ਸੀ। ਡਾ. ਰਾਧਾ ਕ੍ਰਿਸ਼ਨ ਦੇ ਅਨੁਸਾਰ, ਇਹ ਸੰਘ ਉਸ ਬੰਦੂਕ ਦੀ ਤਰ੍ਹਾਂ ਸੀ ਜਿਸ ਵਿਚ ਸਿਰਫ ਫੋਕੇ ਫਾਇਰ ਹੁੰਦੇ ਸਨ।

ਯੂਰਪ ਦੀਆਂ ਬਾਅਦ ਦੀਆਂ ਗਲਤੀਆਂ ਵਾਸਤੇ ਸਿਰਫ਼ ਇਨ੍ਹਾਂ ਸੰਧੀਆਂ ਨੂੰ ਦੋਸ਼ੀ ਠਹਿਰਾਣਾ ਬਹੁਤ ਵੱਡੀ ਗਲਤੀ ਹੋਵੇਗੀ। ਕੁਝ ਬੀਮਾਰੀਆਂ ਤਾਂ ਐਸੀਆਂ ਸਨ ਜੋ ਕਿ ਜੰਗ ਤੋਂ ਬਾਅਦ ਹੋਣੀਆਂ ਸੁਭਾਵਿਕ ਸਨ ਜਿਨ੍ਹਾਂ ਨੂੰ ਕੋਈ ਸੰਧੀ ਰੋਕ ਨਹੀਂ ਸਕਦੀ, ਬਾਕੀ ਦੀਆਂ ਜੰਗਾਂ ਉਪਰੰਤ ਦੀਆਂ ਗਲਤੀਆਂ ਦਾ ਨਤੀਜਾ ਸਨ। 1919 ਦੇ ਵਿਚ ਯੂਰਪ ਦੇ ਆਉਣ ਵਾਲੇ ਭਵਿੱਖ ਬਾਰੇ ਕੁਝ ਨਿਸ਼ਚਿਤ ਨਹੀਂ ਸੀ ਕੀਤਾ ਗਿਆ। ਇਸ ਦਾ ਭਾਵ ਇਹ ਹੈ ਕਿ ਸੰਧੀਆਂ ਇੰਨੀਆਂ ਬੁਰੀਆਂ ਨਹੀਂ ਸਨ ਜਿੰਨੀਆ ਕੁ ਇਹ ਦਿਖਾਈ ਦਿੰਦੀਆਂ ਸਨ। ਇਹ ਕੇਵਲ ਬਦਲਾ ਲੈਣ ਲਈ ਹੀ ਨਹੀਂ ਬਣਾਈਆਂ ਗਈਆਂ ਸਨ ਬਲਕਿ ਇਹ ਘੋਰ ਸੰਘਰਸ਼ ਤੋਂ ਬਾਅਦ ਪੁਰਾਣੇ ਨਿਯਮ ਲੁਪਤ ਹੁੰਦੇ ਦਿਸੇ ਅਤੇ ਆਉਣ ਵਾਲੇ ਚੰਗੇ ਕੱਲ ਦੇ ਆਸਾਰ ਨਜ਼ਰ ਆਉਣ ਲੱਗੇ। ਇਨਸਾਨੀਅਤ ਇਕ ਵਾਰੀ ਚਲਦੀ ਫਿਰਦੀ ਦਿਖਾਈ ਦਿੱਤੀ ਭਾਵੇਂ ਇਸ ਦੀਆਂ ਜੜ੍ਹਾਂ ਝਿੰਜੋੜੀਆਂ ਜਾ ਚੁੱਕੀਆਂ ਸਨ ਅਤੇ ਸਭ ਕੁਝ ਧੁੰਦਲਾ ਸੀ ਪਰੰਤੂ ਫਿਰ ਵੀ ਇਨਸਾਨੀਅਤ ਦਾ ਕਾਫਲਾ ਅੱਗੇ ਵੱਧਣ ਦੀ ਕੋਸ਼ਿਸ਼ ਕਰਨ ਲੱਗਾ।

## SUGGESTED BOOKS


| | | |
|---|---|---|
| Churchil, Winston | : | The World Crisis |
| Dhillon, E.J. | : | The Peace Conference |
| Fisher, H.A.L. | : | History of Europe |
| Hayes | : | Political & Social History of Modern Times |
| Ketelbey, C.D.M. | : | History of Modern Times |

| | | |
|---|---|---|
| Lipson, E. | : | Europe in the 19th & 20th Centuries |
| Rayner | : | A Concise History of Britain |
| Somervell D.C. | : | A Concise History of Great Britain |
| Trevelyan, G.M. | : | History of Great Britain |
| E.H. Carr | : | International Relations Between the Two World Wars (1919-39) |
| ਅਰੋੜਾ, ਏ.ਸੀ. | : | ਵਿਸ਼ਵ ਦਾ ਇਤਿਹਾਸ (1500–1950) |